ਕੈਨੇਡਾ ਦਰਪਣ

26 ਜੂਨ, 1987

June 26, 1987

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING JUNE 26, 1987 Vol. 6 No. 23 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

ਪੰਜਾਬ ਵਿਚ
ਗੱਦੀ ਲਈ ਸੌਦੇਬਾਜ਼ੀਆਂ ਤੇਜ਼

ਚੰਡੀਗੜ੍ਹ — ਭਾਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਹਰਿਆਣੇ ਜਾ ਕੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਛੇਤੀ ਖਤਮ ਨਹੀਂ ਹੋਵੇਗਾ ਅਤੇ ਅਤਿਵਾਦ ਨੂੰ ਖਤਮ ਕਰਨ ਬਾਅਦ ਹੀ ਚੁਣੀ ਹੋਈ ਸਰਕਾਰ ਕਾਇਮ ਹੋ ਸਕੇਗੀ ਪਰ ਪੰਜਾਬ ਵਿਚ ਅਕਾਲੀਆਂ ਦੇ ਦੋਵੇਂ ਗਰੁੱਪ ਹਰਿਆਣੇ ਦੀਆਂ ਚੋਣਾਂ ਬਾਅਦ ਕੇਂਦਰ ਵਲੋਂ ਗੱਲਬਾਤ ਦੇ ਸੱਦੇ ਦੀ ਆਸ ਰੱਖਦੇ ਹਨ। ਸ: ਬਰਨਾਲਾ ਨੇ ਪ੍ਰੋ: ਦਰਸ਼ਨ ਸਿੰਘ ਦੇ ਪੈਰੀਂ ਪੈਣ ਅਤੇ ਸੰਯੁਕਤ ਅਕਾਲੀ ਦਲ ਨਾਲ ਸੁਲਾਹ ਦੀ ਗੱਲਬਾਤ ਦੀ ਆਸ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਸੰਤ ਲੌਂਗੋਵਾਲ ਦੇ ਇਕੱਠ ਵਿਚ ਉਹਨਾਂ ਕਿਹਾ ਕਿ ਪੰਜਾਬ ਵਿਚ ਦੁਬਾਰਾ ਸਰਕਾਰ ਉਹਨਾਂ ਦੀ ਹੀ ਬਣੇਗੀ ਸਾਬਕ ਵਿੱਤ ਮੰਤਰੀ ਸ: ਬਲਵੰਤ ਸਿੰਘ ਨੇ ਕਿਹਾ ਹੈ ਕਿ ਜੇਕਰ ਕੇਂਦਰੀ ਲੀਡਰਾਂ ਨੂੰ ਪੰਜਾਬ ਵਿਚ ਸਾਡੀ ਲੋੜ ਹੈ ਤਾਂ ਸਾਡੀਆਂ ਸ਼ਰਤਾਂ ਉਤੇ ਗੱਲ ਕਰ ਸਕਦੇ ਹਨ।

ਦੂਸਰੇ ਪਾਸੇ ਬਾਦਲ ਦਲ ਦੇ ਵਿਧਾਇਕ ਨੇਤਾ ਅਮਰਿੰਦਰ ਸਿੰਘ ਇਕ ਪਾਸੇ ਸਿੰਘ ਸਾਹਿਬ ਤੇ ਸੰਯੁਕਤ ਅਕਾਲੀ ਦਲ ਦੇ ਨੇਤਾਵਾਂ ਨਾਲ ਘਿਓ ਖਿਚੜੀ ਹਨ ਅਤੇ ਦੂਸਰੇ ਪਾਸੇ ਸਰਕਾਰੀ ਦੂਤ ਵਜੋਂ ਕੇਂਦਰ ਦੇ ਸੁਨੇਹੇ ਸਿੰਘ ਸਾਹਿਬ ਤੱਕ ਪੁਚਾ ਰਹੇ ਹਨ। ਸਿੰਘ ਸਾਹਿਬ ਨਾਲ ਅਮਰਿੰਦਰ ਸਿੰਘ ਦੀਆਂ ਮੁਲਾਕਾਤਾਂ ਹੋਣ ਕਾਰਨ ਪੰਜ ਮੈਂਬਰੀ ਪੰਥਕ ਕਮੇਟੀ ਅਤੇ ਸੰਯੁਕਤ ਦਲ ਦੇ ਸੀਨੀਅਰ ਨੇਤਾ ਸਿੰਘ ਸਾਹਿਬ ਨੂੰ ਅੱਖਾਂ ਦਿਖਾਉਣ ਲੱਗੇ ਹਨ। ਪੰਥਕ ਕਮੇਟੀ ਨੇ ਸਿੰਘ ਸਾਹਿਬ ਨੂੰ ਕਹਿ ਦਿੱਤਾ ਹੈ ਕਿ ਖਾਲਿਸਤਾਨ ਤੋਂ ਉਰੇ ਕੋਈ ਗੱਲਬਾਤ ਨਹੀਂ ਹੋ ਸਕਦੀ ਕਿਉਂਕਿ ਉਹਨਾਂ ਨੂੰ ਖਤਰਾ ਹੈ ਕਿ ਅਮਰਿੰਦਰ ਸਿੰਘ, ਸਿੰਘ ਸਾਹਿਬ ਰਾਹੀਂ ਪੰਜਾਬ ਦਾ ਨਵਾਂ ਮੁੱਖ ਮੰਤਰੀ ਬਣ ਰਿਹਾ ਹੈ। ਸਿੰਘ ਸਾਹਿਬ ਨੇ ਪੰਥਕ ਕਮੇਟੀ ਦੀ ਨਰਾਜ਼ਗੀ ਨੂੰ ਦੇਖਦਿਆਂ ਸਾਰੇ ਸਾਹਿਬਾਨ ਅਤੇ ਦਮਦਮੀ ਟਕਸਾਲ ਦੇ ਨੇਤਾਵਾਂ ਨਾਲ ਫਿਰ ਗੱਲ ਕੀਤੀ ਹੈ। ਵੈਸੇ ਵੀ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਗੁਰਜੀਤ ਸਿੰਘ ਗਰੁੱਪ ਸਿੰਘ ਸਾਹਿਬ ਦੀ ਪਿੱਠ ਉਤੇ ਹਨ।

ਚੰਡੀਗੜ੍ਹ ਦੇ ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾਓ ਉਤੇ ਹਨ। ਜੇਕਰ ਹਰਿਆਣੇ ਵਿਚ ਕਾਂਗਰਸ ਹਾਰ ਗਈ ਤਾਂ ਪੰਜਾਬ ਵਿਚ ਅਕਾਲੀ ਸਰਕਾਰ ਛੇਤੀ ਬਹਾਲ ਹੋ ਜਾਏਗੀ। ਇਸੇ ਕਾਰਨ 22 ਅਕਾਲੀ ਵਿਧਾਇਕਾਂ ਦੀ ਮੈਂਬਰੀ ਖਤਮ ਕਰਨ ਬਾਰੇ ਫੈਸਲਾ ਅਦਾਲਤ ਵਿਚ ਲਟਕ ਰਿਹਾ ਹੈ। ਜੇਕਰ ਅਮਰਿੰਦਰ ਸਿੰਘ ਨੇ ਅਤਿਵਾਦੀ ਗਰੁਪ ਤੋੜ ਲਏ ਤਾਂ ਨੇਤਾ ਉਹ ਹੀ ਹੋਣਗੇ ਅਤੇ ਜੇਕਰ ਬਰਨਾਲੇ ਬਲਵੰਤ ਸਿੰਘ ਗਰੁਪ ਨੇ ਅਕਾਲੀ ਭੰਨ ਲਏ ਤਾਂ ਇਹਨਾਂ ਵਿਚੋਂ ਕੋਈ ਮੁਖ ਮੰਤਰੀ ਹੋਵੇਗਾ ਪਰ ਜੇਕਰ ਹਰਿਆਣੇ ਵਿਚ ਕਾਂਗਰਸ ਜਿੱਤ ਗਈ ਤਾਂ ਪੰਜਾਬ ਵਿਚ ਅਵੱਸ਼ ਹੀ ਰਾਸ਼ਟਰਪਤੀ ਰਾਜ ਦੇ ਛੇਤੀ ਖਤਮ ਹੋਣ ਦੀ ਆਸ ਨਹੀਂ ਹੋਵੇਗੀ।

ਪ੍ਰਧਾਨ ਮੰਤਰੀ ਦਾ ਐਲਾਨ

ਹਰਿਆਣੇ ਵਿਚ ਵੱਖ ਵੱਖ ਥਾਵਾਂ ਉਤੇ ਕਾਂਗਰਸ (ਇ) ਦੀਆਂ ਚੋਣ

ਬਾਕੀ ਪੰਨਾ 2 'ਤੇ

ਕੈਨੇਡਾ ਦੇ ਡਾਕਖਾਨਿਆਂ ਵਿਚ ਹੜਤਾਲ

ਵੈਨਕੂਵਰ — ਕੈਨੇਡਾ ਦੇ ਪੋਸਟ ਆਫਿਸ ਦੇ ਡਾਕ ਵੰਡਣ ਵਾਲੇ ਕਰਮਚਾਰੀਆਂ ਦੀ ਯੂਨੀਅਨ ਦੀ ਗੱਲਬਾਤ ਕਿਸੇ ਸਿਰੇ ਨਾ ਲੱਗਣ ਕਾਰਨ 16 ਜੂਨ ਤੋਂ ਹੜਤਾਲ ਵੱਲ ਤੁਰ ਪਈ ਹੈ। ਪਹਿਲੇ ਦਿਨ ਮਾਂਟਰੀਅਲ, ਕੈਲਗਰੀ ਅਤੇ ਐਟੀਗੋਨਿਸ਼ ਵਿਖੇ ਪਿਕਟ ਲੱਗਣ ਦੇ ਕਾਰਨ ਡਾਕਖਾਨਿਆਂ ਦਾ ਕੰਮ ਠੱਪ ਰਿਹਾ ਹੈ।

ਦੂਜੇ ਦਿਨ ਵਿਕਟੋਰੀਆ ਅਤੇ ਐਡਮਿੰਟਨ ਵਿਚ ਵੀ ਡਾਕ ਕਰਮਚਾਰੀ ਹੜਤਾਲ ਉਤੇ ਚਲੇ ਗਏ ਜਿਸ ਕਾਰਨ ਕੰਮ ਕਾਜ ਵਿਚ ਰੁਕਾਵਟ ਆਈ।

ਪੋਸਟ ਆਫਿਸ ਦੇ ਬੁਲਾਰੇ ਨੇ ਕਿਹਾ ਕਿ ਉਹ ਸਮਝੌਤੇ ਲਈ ਯਤਨ ਕਰ ਰਹੇ ਹਨ ਪਰ ਯੂਨੀਅਨ ਸਹਿਯੋਗ ਨਹੀਂ ਕਰ ਰਹੀ। ਪ੍ਰੰਤੂ ਯੂਨੀਅਨ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਤਾਂ ਕੋਈ ਖਾਸ ਮੰਗ ਨਹੀਂ ਮੰਗਦੇ ਅਸੀਂ ਸਿਰਫ ਆਪਣੇ ਕੰਮਾਂ ਦੀ ਗਰੰਟੀ ਦੀ ਮੰਗ ਕਰ ਰਹੇ ਹਾਂ ਅਤੇ ਚਲਦੇ ਕੰਮ ਦੇ ਰੂਲਾਂ ਅਨੁਸਾਰ ਹੀ ਨਵਾਂ ਸਮਝੌਤਾ ਚਾਹੁੰਦੇ ਹਾਂ।

ਯੂਨੀਅਨ ਦੇ ਬੁਲਾਰੇ ਨੇ ਕਿਹਾ ਹੈ ਕਿ ਪੋਸਟ ਆਫਿਸ ਦੇ ਅਧਿਕਾਰੀ ਤਨਖਾਹਾਂ ਵਿਚ ਕਟੌਤੀ ਚਾਹੁੰਦੇ ਹਨ, ਨਵੇਂ ਮੁਲਾਜ਼ਮ ਘੱਟ ਤਨਖਾਹ ਤੇ ਰੱਖਣਾ ਚਾਹੁੰਦੇ ਹਨ, ਕੰਮ ਦਾ ਹੋਰ ਭਾਰ ਵਧਾਉਣਾ ਚਾਹੁੰਦੇ ਹਨ।

ਇਕ ਹੋਰ ਯੂਨੀਅਨ ਦੇ ਮੈਂਬਰ ਨੇ ਕਿਹਾ ਕਿ ਸਰਕਾਰ ਯੂਨੀਅਨ ਤੋੜ ਕੇ ਪੋਸਟ ਆਫਿਸ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਚਾਹੁੰਦੀ ਹੈ।

ਦਰਸ਼ਕਾਂ ਦਾ ਵਿਚਾਰ ਹੈ ਕਿ ਪੋਸਟ ਆਫਿਸ ਦੀ ਇਹ ਹੜਤਾਲ ਕਈ ਮਹੀਨੇ ਲੰਬੀ ਹੋਣ ਦਾ ਡਰ ਹੈ।

ਵਿਕਟੋਰੀਆ ਵਿਚ ਝਗੜਾ

ਵਿਕਟੋਰੀਆ ਵਿਚ ਹੜਤਾਲੀ ਡਾਕ ਕਰਮਚਾਰੀ ਡਾਕਖਾਨਿਆਂ ਦੀਆਂ ਬਿਲਡਿੰਗਾਂ ਅਗੇ ਪਿਕਟ ਲਾਈ ਖੜੋਤੇ ਸਨ ਤਾਂ ਹੜਤਾਲ-ਤੋੜੂ ਉਨ੍ਹਾਂ ਦੀ ਥਾਂ ਉਪਰ ਕੰਮ ਉਪਰ ਲਿਆਂਦੇ ਗਏ ਤਾਂ ਉਨ੍ਹਾਂ ਵਲੋਂ ਜਬਰੀ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਅਸਫਲ ਬਣਾ ਦਿੱਤੀ ਗਈ। ਇਸ ਮੌਕੇ ਉਪਰ ਥੋੜਾ ਜਿਹਾ ਧਕਮਧੱਕਾ ਵੀ ਹੋਇਆ। ਪ੍ਰੰਤੂ ਆਮ ਕਰਕੇ ਹੋਰ ਝਗੜਾ ਨਹੀਂ ਹੋਇਆ।

ਲੇਬਰ ਰੀਲੇਸ਼ਨ ਬੋਰਡ ਦਾ ਫਤਵਾ

ਪੈਸੇਫਿਕ ਪ੍ਰੈਸ ਵਲੋਂ ਵੈਨਕੂਵਰ ਸਨ ਅਤੇ ਪ੍ਰੋਵਿੰਸ ਅਖਬਾਰਾਂ ਵਿਚ ਪ੍ਰੈਸ ਗਿਲਡ ਵਲੋਂ ਡਾਕਖਾਨੇ ਦਾ ਇਸ਼ਤਿਹਾਰ ਛਾਪਣ ਤੋਂ ਇਨਕਾਰ ਕਰਨ ਉਪਰ ਜੋ ਅਰਜ਼ੀ ਲੇਬਰ ਰੀਲੇਸ਼ਨ ਬੋਰਡ ਨੂੰ ਦਿੱਤੀ ਗਈ ਸੀ ਕਿ ਉਨ੍ਹਾਂ ਨੂੰ ਇਹ ਇਸ਼ਤਿਹਾਰ ਛਾਪਣ ਦੀ ਇਜ਼ਾਜਤ ਦਿਤੀ ਜਾਵੇ ਤਾਂ ਬੋਰਡ ਨੇ ਸੁਣਵਾਈ ਤੋਂ ਮਗਰੋਂ ਪੈਸੇਫਿਕ ਪ੍ਰੈਸ ਦੀ ਅਰਜ਼ੀ ਰੱਦ ਕਰ ਦਿੱਤੀ।

ਪਾਠਕਾਂ ਨੂੰ ਬੇਨਤੀ

'ਕੈਨੇਡਾ ਦਰਪਣ' ਵਲੋਂ ਮੇਲ ਵਿਚ ਪਰਚਾ ਪ੍ਰਾਪਤ ਕਰਨ ਵਾਲੇ ਪਾਠਕਾਂ ਨੂੰ ਬੇਨਤੀ ਹੈ ਕਿ ਡਾਕ ਦੇ ਕਰਮਚਾਰੀਆਂ ਦੀ ਹੜਤਾਲ ਕਾਰਨ ਪਰਚਾ ਡਾਕ ਰਾਹੀਂ ਭੇਜਿਆ ਨਹੀਂ ਜਾ ਸਕੇਗਾ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਨਾਂ ਚਿਰ ਹੜਤਾਲ ਰਹੇਗੀ ਤੁਸੀਂ ਆਪਣੇ ਟਾਊਨ ਦੇ ਕਿਸੇ ਇਕ ਸਥਾਨ ਤੋਂ ਪਰਚਾ ਪ੍ਰਾਪਤ ਕਰ ਸਕੋਂ। ਅਸੀਂ ਇਸ ਮੁਸ਼ਕਲ ਲਈ ਖਿਮਾ ਚਾਹੁੰਦੇ ਹਾਂ।

ਦਿੱਲੀ ਦਰਦਨਾਕ ਮਾਤਮ ਦੇ ਸਾਏ ਹੇਠ

ਨਵੀਂ ਦਿੱਲੀ — ਪਿਛਲੇ ਹਫਤੇ ਰਾਜਧਾਨੀ ਵਿਚ ਹੋਈਆਂ ਕਤਲ ਵਾਰਦਾਤਾਂ ਨੇ ਸ਼ਹਿਰ ਦੇ ਲੋਕਾਂ ਵਿਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ। ਅਤਿਵਾਦੀ ਸ਼ਹਿਰ ਵਿਚ ਘੁਸ ਗਏ ਅਤੇ ਸਬ ਮਸ਼ੀਨਗੰਨ ਨਾਲ ਬਾਰਾਂ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਇਨ੍ਹਾਂ ਦੇ ਦੋ ਗਰੋਹਾਂ ਨੇ ਆਬਾਦੀ ਵਿਚ ਘਰਾਂ ਤੇ ਹੈਂਡ ਗਰਨੇਡ ਵੀ ਸੁੱਟੇ, 24 ਜ਼ਖਮੀ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਘੁੱਗ ਵਸਦੇ ਸ਼ਹਿਰ ਵਿਚ ਮਾਤਮ ਛਾ ਗਿਆ। ਇਸ ਤੋਂ ਬਿਨਾਂ ਪੰਜਾਬ ਦੇ ਵੱਖ ਵੱਖ ਹਿਸਿਆਂ ਵਿਚ 13 ਕਤਲ ਹੋਏ ਦੱਸੇ ਜਾਂਦੇ ਹਨ।

ਇਸ ਕਾਤਲ ਗਰੋਹ ਨੇ ਆਪਣਾ ਨਾਂ ਭਿੰਡਰਾਂਵਾਲਾ ਟਾਈਗਰ ਫੋਰਸ ਰੱਖਿਆ ਹੈ। ਆਪਣੇ ਹਮਲਿਆਂ ਦੌਰਾਨ ਉਨ੍ਹਾਂ ਇਕ ਬਰਥਡੇ ਪਾਰਟੀ ਵੇਲੇ ਠੇਕੇਦਾਰ ਦੇ ਮਕਾਨ ਉਪਰ ਧਾਵਾ ਬੋਲ ਦਿੱਤਾ। ਇੰਡੀ ਵੱਡੀ ਕਤਲੇਆਮ ਦੀ ਘਟਨਾ ਨੇ ਪੁਲੀਸ ਨੂੰ ਮੁਸੀਬਤ ਪਾ ਦਿੱਤੀ ਹੈ। ਕਿਉਂਕਿ ਇਹ ਆਮ ਲੋਕਾਂ ਦੀ ਜਾਨ ਮਾਲ ਨੂੰ ਨੰਗੀ ਚਿੱਟੀ ਧਮਕੀ ਹੈ। ਅਧਿਕਾਰੀਆਂ ਨੇ 55,000 ਦੀ ਪੁਲੀਸ ਨਫਰੀ ਨੂੰ ਘਰੋ ਘਰੀ ਤਲਾਸ਼ੀ, ਸੜਕਾਂ ਰੋਕਣ, ਏਅਰ ਪੋਰਟ, ਰੇਲਵੇ ਸਟੇਸ਼ਨ ਤੇ ਆਮ ਪਬਲਿਕ ਥਾਵਾਂ ਤੇ ਰਾਖੀ ਲਈ ਤਾਇਨਾਤ ਕਰ ਦਿੱਤਾ ਹੈ। ਸਾਰੀਆਂ ਵਾਰਦਾਤਾਂ ਦੇ ਹੋਣ ਤੋਂ ਅਗਲੇ ਦਿਨ ਹੀ ਜ਼ਿਮੇਵਾਰੀ ਦਾ ਐਲਾਨ ਵੀ ਕੀਤਾ ਗਿਆ ਸੀ। ਇਸ ਸਾਲ ਦੇ ਸ਼ੁਰੂ ਤੋਂ ਲੈ ਕੇ ਵੱਖਰਾ ਰਾਜ ਮੰਗਣ ਦੇ ਨਾਂ ਹੇਠ 400 ਤੋਂ ਵੱਧ ਕਤਲ ਕੀਤੇ ਜਾ ਚੁਕੇ ਹਨ। ਇਹ ਕਤਲੇਆਮ 1985 ਵਿਚ ਹੋਏ ਬੰਬ ਧਮਾਕਿਆਂ ਜਿੰਨਾ ਖਤਰਨਾਕ ਦੱਸਿਆ ਜਾਂਦਾ ਹੈ।



ਫੋਟੋ — ਕਤਲ ਹੋਏ ਲੋਕਾਂ ਦੇ ਦੁਖ ਗ੍ਰਸਤ ਰਿਸ਼ਤੇਦਾਰ

ਹਰਿਆਣੇ ਵਿਚ ਚੋਣਾਂ ਅਮਨ ਅਮਾਨ ਨਾਲ ਲੰਘ ਗਈਆਂ

ਕੁਰੂਕਸ਼ੇਤਰ — ਪਤਾ ਲੱਗਾ ਹੈ ਕਿ ਕਾਂਗਰਸ ਪਾਰਟੀ ਦੇ ਲਈ ਵਕਾਰ ਵਾਲੇ ਰਾਜ ਹਰਿਆਣੇ ਵਿਚ ਚੋਣਾਂ 17 ਜੂਨ ਨੂੰ ਅਮਨ ਅਮਾਨ ਨਾਲ ਲੰਘ ਗਈਆਂ ਹਨ। ਦਹਿਸ਼ਤਗਰਦਾਂ ਵਲੋਂ ਗੜਬੜ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਚੋਣਾਂ ਵਿਚ ਸ੍ਰੀ ਦੇਵੀ ਲਾਲ ਦੇ ਫਰੰਟ ਅਤੇ ਸ੍ਰੀ ਬੰਸੀ ਲਾਲ ਦੀ ਕਾਂਗਰਸ ਪਾਰਟੀ ਵਿਚਕਾਰ ਸਖਤ ਮੁਕਾਬਲਾ ਸੀ। ਦਰਸ਼ਕਾਂ ਦਾ ਵਿਚਾਰ ਹੈ ਕਿ ਬੰਸੀ ਲਾਲ ਚੋਣਾਂ ਜਿਤ ਨਹੀਂ ਸਕੇਗਾ। ਇਸ ਬਾਰ ਸ੍ਰੀ ਰਾਜੀਵ ਗਾਂਧੀ ਨੇ ਚੋਣਾਂ ਵਿਚ ਇਸ ਢੰਗ ਨਾਲ ਕੰਪੇਨ ਚਲਾਈ ਕਿ ਉਸ ਨੂੰ ਨਿੱਜੀ ਵਕਾਰ ਦਾ ਸਵਾਲ ਨਹੀਂ ਬਣਨ ਦਿਤਾ। ਜਿਵੇਂ ਕਿ ਪੱਛਮੀ ਬੰਗਾਲ ਅਤੇ ਕੇਰਲਾ ਦੀਆਂ ਚੋਣਾਂ ਨੂੰ ਉਨ੍ਹਾਂ ਬਣਾਇਆ ਸੀ। ਸੋ ਦਰਸ਼ਕਾਂ ਦਾ ਵਿਚਾਰ ਹੈ ਕਿ ਕਾਂਗਰਸ ਦੇ ਹਾਰਨ ਨਾਲ ਸ੍ਰੀ ਰਾਜੀਵ ਗਾਂਧੀ ਉਪਰ ਇਸ ਦਾ ਘੱਟ ਪ੍ਰਭਾਵ ਪਵੇਗਾ।

ਰਾਜਨੀਤਕ ਹਲਕੇ ਅੰਦਾਜ਼ਾ ਲਾ ਰਹੇ ਹਨ ਕਿ ਵਿਰੋਧੀ ਪਾਰਟੀਆਂ ਸ੍ਰੀ ਦੇਵੀ ਲਾਲ ਦੀ ਜਿੱਤ ਨੂੰ ਕਾਂਗਰਸ ਦੀ 1989 ਵਿਚ ਹਾਰ ਲਈ ਆਧਾਰ ਬਣਾਉਣ ਦਾ ਯਤਨ ਕਰਨਗੀਆਂ।

ਪਰਚਾ ਪ੍ਰੈਸ ਵਿਚ ਜਾਣ ਵੇਲੇ ਤੱਕ ਪੋਲ ਹੋਈਆਂ ਵੋਟਾਂ ਦੀ ਗਿਣਤੀ ਵੱਖ ਵੱਖ ਮਿਥੀਆਂ ਥਾਵਾਂ ਤੇ ਸ਼ੁਰੂ ਹੋ ਚੁਕੀ ਸੀ। ਇਸ ਵਾਰ ਹਰਿਆਣੇ ਦੇ ਲੋਕਾਂ ਨੇ ਵੋਟਾਂ ਪਾਉਣ 'ਜ ਸਭ ਤੋਂ ਵੱਧ ਦਿਲਚਸਪੀ ਵਿਖਾਈ। ਕਿਉਂਕਿ ਪਹਿਲੀ ਵਾਰ 60 ਲੱਖ ਦੀ ਵੱਡੀ ਗਿਣਤੀ ਵਿਚ ਲੋਕ ਵੋਟਾਂ ਪਾਉਣ ਆਏ। ਪੋਲਿੰਗ ਬੰਦ ਹੋਣ ਦੇ ਅੰਤਲੇ ਸਮੇਂ ਤੱਕ ਵੀ ਲੋਕ ਆ ਰਹੇ ਸਨ। ਰਾਜਸੀ ਹਲਕਿਆਂ ਦਾ ਅੰਦਾਜ਼ਾ ਹੈ ਕਾਂਗਰਸ ਦੀ ਜਿੱਤ ਦੇ ਚਾਨਸ ਧੁੰਦਲੇ ਹਨ।

ਚੋਣਾਂ ਦੇ ਨਤੀਜੇ ਅੱਜ ਰਾਤ ਤੱਕ ਆ ਜਾਣ ਦੀ ਸੰਭਾਵਨਾ ਹੈ।

ਪ੍ਰੀਮੀਅਰ ਵੈਂਡਰਜ਼ਾਮ ਨੂੰ ਧੱਕੇ ਪਏ

ਵੈਨਕੂਵਰ — ਲੰਘੇ ਹਫਤੇ ਬੀ. ਸੀ. ਦੇ ਪ੍ਰੀਮੀਅਰ ਵੈਂਡਰਜ਼ਾਮ ਨੇ ਮਾਸਕੀ, ਪੋਰਟ ਮੈਕਨੀਲ ਅਤੇ ਪ੍ਰਿੰਸ ਰੂਪਰਟ ਦਾ ਦੌਰਾ ਕੀਤਾ, ਜਿਥੇ ਕਿ ਬਿਲ-19 ਦੇ ਕਾਰਨ ਗੁੱਸੇ ਵਿਚ ਆਏ ਟਰੇਡ ਯੂਨੀਅਨ ਮੈਂਬਰਾਂ ਨੇ ਉਨ੍ਹਾਂ ਵਿਰੁੱਧ ਮੁਜ਼ਾਹਰਾ ਕੀਤਾ। ਜਦੋਂ ਉਹ ਸਮਾਗਮ ਹਾਲ ਵਿਚ ਦਾਲਖ ਹੋਣ ਲੱਗੇ ਤਾਂ ਤਿੰਨਾਂ ਹੀ ਥਾਵਾਂ ਉਪਰ ਉਨ੍ਹਾਂ ਨੂੰ ਧੱਕੇ ਪਏ। ਉਨ੍ਹਾਂ ਦੇ ਨਾਲ ਵਾਲ ਖਿਲਰ ਗਏ, ਜੋ ਉਨ੍ਹਾਂ ਮੁੜ ਤੋਂ ਕੰਘੇ ਨਾਲ ਵਾਹੇ। ਉਹ ਕਾਫੀ ਪਰੇਸ਼ਾਨ ਨਜ਼ਰ ਆ ਰਹੇ ਸਨ।

ਪ੍ਰੀਮੀਅਰ ਵੈਂਡਰਜ਼ਾਮ ਨੇ ਯੂਨੀਅਨ ਆਗੂਆਂ ਉਪਰ ਦੋਸ਼ ਲਾਇਆ ਕਿ ਉਹ ਲੋਕਾਂ ਨੂੰ ਭੜਕਾ ਰਹੇ ਹਨ। ਉਨ੍ਹਾਂ ਕਿਹਾ ਕਿ ਬਿਲ-19 ਬਹੁਤ ਹੀ ਵਧੀਆ ਕਾਨੂੰਨ ਹੈ ਜਿਸ ਦਾ ਬੜਾ ਹੀ ਲਾਭ ਹੋਵੇਗਾ।

ਭਾਰਤੀ ਪਾਰਲੀਮੈਂਟਰੀਅਨ ਕੈਨੇਡਾ ਦੀ ਮਿੱਤਰ-ਫੇਰੀ ਉਤੇ

ਵੈਨਕੂਵਰ — ਭਾਰਤ ਦੇ ਪਾਰਲੀਮੈਂਟਰੀ ਡੈਲੀਗੇਸ਼ਨ ਨੇ ਕੈਨੇਡਾ ਫੇਰੀ ਦੌਰਾਨ 15 ਜੂਨ ਨੂੰ ਵੈਨਕੂਵਰ ਵਿਚ ਪ੍ਰੈਸ ਨਾਲ ਗੱਲਬਾਤ ਕੀਤੀ। ਇਸ ਡੈਲੀਗੇਸ਼ਨ ਦੀ ਟੀਮ ਮਿ: ਸ਼ੰਕਰ ਆਨੰਦ (ਮੰਤਰੀ ਭਾਰਤ ਸਰਕਾਰ) ਦੀ ਅਗਵਾਈ ਅਧੀਨ ਇਥੇ ਪਹੁੰਚੀ ਸੀ। ਡੈਲੀਗੇਸ਼ਨ ਦੇ ਨੇਤਾ ਨੇ ਭਾਰਤੀ ਅਤੇ ਕੈਨੇਡੀਅਨ ਮੀਡੀਆ ਨੂੰ ਅਜਿਹੇ ਦੌਰੇ ਦਾ ਆਪਸੀ ਤਾਲਮੇਲ ਬਾਰੇ ਮੰਤਵ ਦਰਸਾਉਂਦਿਆਂ ਕਿਹਾ ਕਿ ਕੈਨੇਡਾ ਅਤੇ ਭਾਰਤ ਦੋਵੇਂ ਦੇਸ਼ ਹੀ ਅਮਨ ਸਹਿ-ਹੋਂਦ ਵਿਚ ਯਕੀਨ ਰੱਖਣ ਦੇ ਹਾਮੀ ਨੇ।

ਲੰਕਾਂ ਵਲੋਂ ਖੁਰਾਕ ਸਪਲਾਈ ਦੀ ਪ੍ਰਵਾਨਗੀ

ਕੋਲੰਬੋ — ਲੰਕਾ ਸਰਕਾਰ ਨੇ ਤਾਮਿਲ ਬਾਗੀਆਂ ਨੂੰ ਕੁਚਲਣ ਦੀ ਕਾਰਵਾਈ ਨੂੰ ਵਕਤੀ ਤੌਰ ਤੇ ਰੋਕ ਦਿੱਤਾ ਹੈ। ਇਸ ਦੇ ਨਾਲ ਹੀ ਭਾਰਤ ਵਲੋਂ ਜਾਫਨਾ ਇਲਾਕੇ ਵਿਚ ਖੁਰਾਕੀ ਵਸਤਾਂ ਤੇ ਫਸਟ ਟੇਡ ਸਪਲਾਈ ਲੈਣੀ ਪ੍ਰਵਾਨ ਕਰ ਲਈ ਹੈ। ਭਾਰਤ ਵਲੋਂ ਰੈਡ ਕਰਾਸ ਦੇ ਬੁਲਾਰੇ ਨੇ ਦੱਸਿਆ ਕਿ ਸਾਰੀਆਂ ਬੋਟਾਂ ਦੀ ਸਪਲਾਈ ਚੈਕ ਕਰਕੇ ਜਾਵੇਗੀ। ਮੁਲਕ ਵਿਚੋਂ ਭੇਜਣ ਲਈ ਸਹਾਇਤਾ ਵਾਲਾ ਮਾਲ ਵੱਡੀ ਮਾਤਰਾ ਵਿਚ ਇਕੱਠਾ ਕਰਕੇ ਰੱਖ ਲਿਆ ਗਿਆ ਹੈ। ਲੰਕਾ ਪਹੁੰਚਣ ਤੋਂ ਭਾਰਤੀ ਜਹਾਜ਼ਾਂ ਨੂੰ ਦੋਵਾਂ ਦੇਸ਼ਾਂ ਦੇ ਛੇ ਨੁਮਾਇੰਦੇ ਨਾਲ ਲਿਜਾਕੇ ਵੰਡਣ ਦਾ ਪ੍ਰਬੰਧ ਕਰਨਗੇ। ਲੰਕਾਂ ਵਲੋਂ ਨੇਵੀ ਸਟਾਫ ਸਮਾਨ ਲਾਹੁਣ ਤੇ ਲਿਜਾਣ ਦੀ ਮੱਦਦ ਕਰੇਗਾ।

ਬੇਸ਼ਕ ਭਾਰਤ ਦੀ ਤਜਵੀਜ਼ ਮਨਜ਼ੂਰ ਕਰਕੇ ਲੰਕਾ ਨੇ ਕਾਰਵਾਈ ਵੀ ਰੋਕ ਦਿੱਤੀ ਹੋਈ ਹੈ, ਪਰ ਹੁਣ ਤੱਕ 43 ਬੋਟਾਂ ਵਿਚ ਸੈਂਕੜੇ ਰਫਿਊਜ਼ੀ ਭਾਰਤ ਵੱਲ ਪਹੁੰਚ ਚੁਕੇ ਹਨ। ਪਿਛਲੇ ਦਿਨੀਂ ਦੋ ਹੋਰ ਛੋਟੀਆਂ ਬੋਟਾਂ ਵਿਚ 67 ਵਿਅਕਤੀ ਰਾਮੇਸ਼ਵਰ ਦੀ ਬੰਦਰਗਾਹ ਤੇ ਪਹੁੰਚ ਚੁਕੇ ਹਨ। ਇਹਨਾਂ ਵਿਚੋਂ ਜ਼ਿਆਦਾ ਗਿਣਤੀ ਔਰਤਾਂ ਤੇ ਬੱਚਿਆਂ ਦੀ ਹੈ।

ਉਹ ਪ੍ਰਾਚੀਨਤਾ !　　ਜਿਥੇ ! ਔਰਤ ਜਿਊਂਦੀ ਸਾੜਨ
ਜਿਥੇ ! ਔਰਤ ਜੰਮਦੀ ਮਾਰਨ　　ਜਿਥੇ ! ਔਰਤ ਜੂਏ ਦਾ ਦਾਅ

ਦੋਵਾਂ ਮੁਲਕਾਂ ਨੂੰ ਦਰਪੇਸ਼ ਅਤਿਵਾਦੀ ਖਤਰੇ ਨੂੰ ਨੱਥ ਪਾਉਣ ਦੀ ਇੱਛਾ ਤੋਂ ਹੀ ਸਾਂਝੀ ਸੰਧੀ ਦੀ ਲੋੜ ਬਣੀ ਸੀ। ਮੰਤਰੀ ਨੇ ਪੰਜਾਬ ਸਮੱਸਿਆ ਸੰਬੰਧੀ ਵਿਦੇਸ਼ਾਂ ਵਿਚਲੇ ਸਿੱਖਾਂ ਦੇ ਰੁਝਾਣ ਬਾਰੇ ਪੁੱਛੇ ਜਾਣ ਤੇ ਉਤਰ ਦਿੱਤਾ ਕਿ ਇਸ ਗੋਰਖਧੰਦੇ ਪਿੱਛੇ ਕੁਝ ਕੁ ਕੁਰਾਹੇ ਪਏ ਨੌਜਵਾਨ ਜ਼ਿਆਦਾ ਸਰਗਰਮ ਨੇ। ਆਮ ਤੌਰ ਤੇ ਸਮੁੱਚੀ ਸਿੱਖ ਵਸੋਂ ਇਥੇ ਅਤੇ ਭਾਰਤ ਵਿਚ ਵੀ ਵੱਖਵਾਦ ਦੇ ਹੱਕ ਵਿਚ ਨਹੀਂ।

ਸੁਤੰਤਰਤਾ ਸੰਗਰਾਮੀ ਗਾਂਧੀ ਚਲਾਣਾ ਕਰ ਗਏ

ਮੋਗਾ — ਸੁਤੰਤਰਤਾ ਸੰਗਰਾਮੀ ਸ੍ਰੀ ਫਕੀਰ ਚੰਦ ਗਾਂਧੀ ਦੀ ਬਾਘਾ ਪੁਰਾਣਾ ਵਿਚ ਦਿਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ।

ਪੰਨਾ 1 ਦੀ ਬਾਕੀ

ਰੈਲੀਆਂ ਵਿਚ ਤਕਰੀਰਾਂ ਕਰਦਿਆਂ ਉਹਨਾਂ ਐਲਾਨ ਕੀਤਾ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਅਤਿਵਾਦੀਆਂ ਦਾ ਮਸਲਾ ਖਤਮ ਨਹੀਂ ਕਰ ਦਿੱਤਾ ਜਾਂਦਾ। ਅਤਿਵਾਦ ਵਿਰੁੱਧ ਸਖਤ ਕਾਰਵਾਈ ਜਾਰੀ ਰਹੇਗੀ। ਉਹਨਾਂ ਕਿਹਾ — ਚੰਡੀਗੜ੍ਹ ਪੰਜਾਬ ਨੂੰ ਉਦੋਂ ਹੀ ਮਿਲੇਗਾ ਜਦੋਂ ਹਰਿਆਣੇ ਦਾ ਹੱਕ ਉਸਨੂੰ ਮਿਲ ਜਾਏਗਾ। ਪੰਜਾਬ ਦਾ ਮਸਲਾ ਸ਼ਾਂਤੀਪੂਰਨ ਢੰਗ ਨਾਲ ਹੱਲ ਕਰਨ ਦਾ ਕੇਂਦਰ ਨੇ ਪੂਰਾ ਯਤਨ ਕੀਤਾ। ਗੱਲਬਾਤ ਵੀ ਚਲਾਈ ਪਰ ਕੋਈ ਲਾਭ ਨਹੀਂ ਹੋਇਆ। ਹਿੰਸਾ ਤੇ ਦਹਿਸ਼ਤਵਾਦ ਜਾਰੀ ਰਿਹਾ। ਇਸੇ ਲਈ ਹੁਣ ਸਖਤ ਕਾਰਵਾਈ ਲਈ ਮਜ਼ਬੂਰ ਹੋਣਾ ਪਿਆ ਹੈ। ਜੇਕਰ ਪੰਜਾਬ ਵਿਚ ਦਹਿਸ਼ਤਗਰਦਾਂ ਨੇ ਕੇਂਦਰ ਨੂੰ ਸਖਤੀ ਲਈ ਮਜ਼ਬੂਰ ਕੀਤਾ ਤਾਂ ਹੋਰ ਸਖਤ ਕਦਮ ਵੀ ਪੁਟੇ ਜਾਣਗੇ। ਭਾਰਤ ਵਿਚ ਚਲ ਰਹੀ ਕੌਮੀ ਪੱਧਰ ਦੀ ਕੁਰਪਸ਼ਨ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਜੇਕਰ ਪੱਕੇ ਸਬੂਤ ਹੋਏ ਤਾਂ ਸਰਕਾਰ ਕੁਰਪਟ ਲੋਕਾਂ, ਚਾਹੇ ਉਹ ਕਿੰਨੇ ਵੀ ਵੱਡੇ ਕਿਉਂ ਨਾ ਹੋਣ ਵਿਰੁਧ ਸਖਤ ਕਾਰਵਾਈ ਕਰੇਗੀ।

ਪੰਜਾਬ ਸਮਝੌਤੇ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਪੋਜ਼ੀਸ਼ਨ ਨੇਤਾਵਾਂ ਨੇ ਸਰਕਾਰ ਉਤੇ ਜ਼ੋਰ ਦਿੱਤਾ ਸੀ ਕਿ ਚੰਡੀਗੜ੍ਹ ਪੰਜਾਬ ਹਵਾਲੇ ਕਰ ਦਿੱਤਾ ਜਾਏ ਪਰ ਕੇਂਦਰ ਨੇ ਉਦੋਂ ਵੀ ਇਹੋ ਸਟੈਂਡ ਲਿਆ ਸੀ ਕਿ ਹਰਿਆਣੇ ਦੇ ਹੱਕ ਉਸਨੂੰ ਦੇ ਕੇ ਹੀ ਪੰਜਾਬ ਨਾਲ ਇਨਸਾਫ ਹੋ ਸਕੇਗਾ। ਉਸ ਫੈਸਲੇ ਉਤੇ ਅੱਜ ਵੀ ਕੇਂਦਰ ਕਾਇਮ ਹੈ ਵਿਰੋਧੀ ਨੇਤਾਵਾਂ ਬਾਰੇ ਉਹਨਾਂ ਕਿਹਾ ਕਿ ਚੋਣਾਂ ਸਮੇਂ ਤਾਂ ਆਪੋਜ਼ੀਸ਼ਨ ਇਕੱਠੀ ਹੋ ਜਾਂਦੀ ਹੈ ਪਰ ਬਾਅਦ ਵਿਚ ਆਪਸੀ ਲੜਾਈ ਸ਼ੁਰੂ ਹੋ ਜਾਂਦੀ ਹੈ

ਜੇ ਮੁਜਰਮ ਗੁਰਦੁਆਰਿਆਂ ’ਚ ਲੁਕਦੇ ਹਨ ਤਾਂ ਪੁਲਸ ਵੀ ਦਾਖਲ ਹੋ ਸਕਦੀ ਹੈ — ਬਰਨਾਲਾ

ਸਿਆਸੀ ਹੱਲ ਕਰਨਾ ਹੀ ਪਏਗਾ — ਹਰਿਆਣੇ ’ਚ ਕਾਂਗਰਸ ਹਾਰੇਗੀ

ਨਵੀਂ ਦਿੱਲੀ — ਜਿਹੜੇ ਲੋਕ ਸ੍ਰੀ ਬਰਨਾਲਾ ਦੀ ਸਰਕਾਰ ਟੁਟਣ ਬਾਅਦ ਸਮਝਣ ਲੱਗੇ ਹਨ ਕਿ ਸ. ਬਰਨਾਲਾ ਆਪਣੇ ਸਟੈਂਡ ਤੋਂ ਬਦਲ ਜਾਣਗੇ ਤੇ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਦੇ ਗੋਡੇ ਜਾ ਫੜਨਗੇ ਉਹਨਾਂ ਨੂੰ ਜਵਾਬ ਦੇਂਦਿਆਂ ਸ: ਬਰਨਾਲਾ ਨੇ ਕਿਹਾ ਹੈ ਕਿ ਜੇ ਗੁਰਦੁਆਰਿਆਂ ਤੇ ਹੋਰਨਾਂ ਪਵਿੱਤਰ ਅਸਥਾਨਾਂ ਵਿਚ ਮੁਜਰਮ ਲੋਕ ਲੁਕਦੇ ਹਨ ਤੇ ਸ਼ਰਨ ਲੈਂਦੇ ਹਨ ਤਾਂ ਉਹਨਾਂ ਵਿਚ ਪੁਲਸ ਦਾ ਦਾਖਲ ਹੋਣਾ ਜਾਇਜ਼ ਹੈ। ਮੁਜਰਮਾਂ ਨੂੰ ਕਾਬੂ ਕਰਨਾ ਪੁਲਸ ਦਾ ਜਮਹੂਰੀ ਹੱਕ ਹੈ ਅਤੇ ਜੇ ਅਜਿਹਾ ਨਹੀਂ ਅਤੇ ਪੁਲਸ ਖਾਹਮਖਾਹ ਗੁਰਦੁਆਰਿਆਂ ਵਿਚ ਦਾਖਲ ਹੋਵੇ ਤਾਂ ਗਲਤ ਹੋਵੇਗਾ।

ਪੱਤਰ ਪ੍ਰੇਰਕਾਂ ਨਾਲ ਗੱਲਬਾਤ ਕਰਦੇ ਹੋਏ ਸ: ਬਰਨਾਲਾ ਨੇ ਕਿਹਾ ਕਿ ਪੰਜਾਬ ਸਮਝੌਤਾ ਇਸ ਲਈ ਲਾਗੂ ਨਹੀਂ ਹੋ ਸਕਿਆ ਕਿਉਂਕਿ ਸ੍ਰੀ ਰਾਜੀਵ ਗਾਂਧੀ ਦੇ ਆਲੇ ਦੁਆਲੇ ਦੇ ਲੋਕ ਉਹਨਾਂ ਨੂੰ ਗੁੰਮਰਾਹ ਕਰਦੇ ਰਹੇ ਹਨ। ਉਹਨਾਂ ਕਿਹਾ ਕਿ ਮੈਂ ਇਸ ਵਿਚਾਰ ਦਾ ਹਾਂ ਕਿ ਪੰਜਾਬ ਸਮੱਸਿਆ ਕੇਵਲ ਅਮਨ ਕਾਨੂੰਨ ਦੀ ਸਮੱਸਿਆ ਹੀ ਨਹੀਂ ਸਗੋਂ ਇਹ ਸਮਾਜਕ, ਆਰਥਕ ਅਤੇ ਸਿਆਸੀ ਸਮੱਸਿਆ ਵੀ ਹੈ ਅਤੇ ਅਖੀਰ ਤੇ ਇਹ ਸਮਝੌਤਾ ਲਾਗੂ ਕਰਨਾ ਹੀ ਪਵੇਗਾ।

ਇਕ ਸੁਆਲ ਦੇ ਜੁਆਬ ਵਿਚ ਉਹਨਾਂ ਨੇ ਕਿਹਾ ਕਿ ਸਿੱਖਾਂ ਦੇ ਵੱਖ ਵੱਖ ਧੜਿਆਂ ਵਿਚ ਏਕਤਾ ਤਾਂ ਹੀ ਸੰਭਵ ਹੈ ਜੇ ਇਸ ਗੱਲ ਨੂੰ ਲੋਕਰਾਜ ਵਿਚ ਯਕੀਨ ਰੱਖਣ ਵਾਲਿਆਂ ਅਤੇ ਅਤਿਵਾਦੀ ਅਤੇ ਵੱਖਵਾਦੀ ਅਨਸਰਾਂ ਦੀ ਹਮਾਇਤ ਕਰਨ ਵਾਲਿਆਂ ਵਿਚਕਾਰ ਸਮਝੌਤਾ ਨਹੀਂ ਹੋ ਸਕਦਾ। ਹਰਿਆਣੇ ਦੀਆਂ ਚੋਣਾਂ ਦਾ ਜ਼ਿਕਰ ਕਰਦੇ ਹੋਏ ਸ: ਬਰਨਾਲਾ ਨੇ ਕਿਹਾ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਵਾਰੀ ਕਾਂਗਰਸ (ੲ) ਚੋਣਾਂ ਹਾਰ ਜਾਏਗੀ। ਇਕ ਹੋਰ ਸੁਆਲ ਦੇ ਜਵਾਬ ਵਿਚ ਸ੍ਰੀ ਬਰਨਾਲਾ ਨੇ ਕਿਹਾ ਕਿ ਸਿੱਖਾਂ ਦਾ ਵਕਾਰ ਬਹਾਲ ਕੀਤਾ ਜਾਣਾ ਜ਼ਰੂਰੀ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਪਿਛੋਂ ਹਾਲਾਤ ਵਿਚ ਕੋਈ ਸੁਧਾਰ ਨਹੀਂ ਹੋਇਆ। ਉਹਨਾਂ ਨੇ ਕਿਹਾ ਕਿ ਰਾਸ਼ਟਰਪਤੀ ਰਾਜ ਦੇ ਲਾਗੂ ਹੋਣ ਪਿਛੋਂ ਪੰਜ ਬੇਗੁਨਾਹਾਂ ਦੀ ਹੱਤਿਆ ਕੀਤੀ ਗਈ ਹੈ।

ਨਵੇਂ ਅਕਾਲੀ ਦਲ ਦੀ ਇਸ ਮੰਗ ਤੇ ਟਿੱਪਣੀ ਕਰਦੇ ਹੋਏ ਕਿ ਬਰਨਾਲਾ ਸਰਕਾਰ ਵਲੋਂ ਹੋਈਆਂ ਬੇਨਿਯਮੀਆਂ ਦੀ ਜਾਂਚ ਲਈ ਕਮਿਸ਼ਨ ਨਿਯੁਕਤ ਕੀਤਾ ਜਾਵੇ ਉਹਨਾਂ ਨੇ ਕਿਹਾ ਕਿ ਉਹ ਇਹ ਗੱਲ ਮੰਨਣ ਲਈ ਤਿਆਰ ਹਨ ਪਰ ਸ਼ਰਤ ਹੈ ਕਿ ਪਿਛਲੇ ਦਸ ਜਾਂ ਪੰਦਰਾਂ ਸਾਲ ਦੇ ਸਮੇਂ ਦੀ ਜਾਂਚ ਕਰਵਾਈ ਜਾਵੇ।

ਉਹਨਾਂ ਕਿਹਾ ਕਿ ਮੈਂ ਇਹ ਚਾਹੁੰਦਾ ਹਾਂ ਕਿ ਅਤਿਆਚਾਰ ਅਤੇ ਖਾਹਮਖਾਹ ਤਲਾਸ਼ੀਆਂ ਲੈਣ ਦਾ ਕੰਮ ਬੰਦ ਕੀਤਾ ਜਾਵੇ। ਸ੍ਰੀ ਬਰਨਾਲਾ ਨੇ ਦੋਸ਼ ਲਾਇਆ ਕਿ ਕੁਝ ਅਨਸਰਾਂ ਨੇ ਇੰਕਾ ਦੀ "ਮਿਲੀ-ਭੁਗਤ" ਨਾਲ ਉਹਨਾਂ ਦੀ ਉਸ ਸਰਕਾਰ ਨੂੰ ਡੇਗਿਆ ਜੋ ਸਾਰੇ ਪੰਜਾਬੀਆਂ ਦੀ ਭਲਾਈ ਲਈ ਕੰਮ ਕਰ ਰਹੀ ਸੀ। ਉਹਨਾਂ ਕਿਹਾ ਕਿ ਅਤਿਵਾਦ ਨਾਲ ਪੰਜਾਬ ਸਮੱਸਿਆ ਹੱਲ ਨਹੀਂ ਹੋ ਸਕਦੀ। ਇਸ ਮਸਲੇ ਨੂੰ ਹੱਲ ਕਰਨ ਲਈ ਰਾਜਸੀ ਅਤੇ ਆਰਥਕ ਤੌਰ ਤੇ ਵੀ ਹੰਭਲੇ ਮਾਰਨੇ ਪੈਣਗੇ।

‘ਸਾਰਕ’ ਮੁਲਕਾਂ ਦੀ ਦਿੱਲੀ ’ਚ ਮੀਟਿੰਗ

ਨਵੀਂ ਦਿੱਲੀ — ਸਾਊਥ ਏਸ਼ੀਅਨ ਐਸੋ: ਫਾਰ ਰੀਜਨਲ ਕੋਆਪ ਦੀ ਸਥਾਈ ਕਮੇਟੀ ਦੇ ਵਿਦੇਸ਼ ਸਕੱਤਰਾਂ ਦੋ ਦਿਨਾਂ ਮੀਟਿੰਗ ਤੋਂ ਬਾਦ ਅਤਿਵਾਦ ਰੋਕੂ ਕਮੇਟੀ ਦੀ ਰੀਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਅਤਿਵਾਦੀ ਜ਼ੁਰਮਾਂ ਅਤੇ ਮੁਕੱਦਮਾ ਚਲਾਉਣ ਬਾਰੇ ਗਰੁੱਪਾਂ ਦੀਆਂ ਸਿਫਾਰਸ਼ਾਂ ਨੂੰ SAARC (ਸਾਰਕ) ਦੇ ਮੰਤਰੀਆਂ ਦੀ ਕਾਨਫਰੰਸ ਵੇਲੇ ਪੇਸ਼ ਕੀਤਾ ਜਾਵੇਗਾ। ਹੋਰ ਮਹੱਤਵਪੂਰਨ ਵਿਸ਼ਾ ਜੋ ਸਥਾਈ ਕਮੇਟੀ ਨੇ ਸੰਗੀਨ ਗੌਰ ਅਧੀਨ ਲਿਆਂਦਾ, ਇਹ ਨਸ਼ੀਲੀਆਂ ਦਵਾਈਆਂ ਦੀ ਗੈਰ ਕਾਨੂੰਨੀ ਵਿਕਰੀ ਬਾਰੇ ਮੈਂਬਰ ਦੇਸ਼ਾਂ ਨੂੰ ਰੋਕਥਾਮ ਦੀ ਸਿਫਾਰਸ਼ ਕਰਨ ਬਾਰੇ ਹੈ। ਪ੍ਰੈਸ ਨੂੰ ਕਮੇਟੀ ਦੇ ਬੁਲਾਰੇ ਨੇ ਦੱਸਿਆ ਬੰਗਲੌਰ ਸੰਮੇਲਨ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਹੋਈ ਕਾਰਵਾਈ ਨੂੰ ਵਿਸਥਾਰ ਨਾਲ ਬਹਿਸ ਅਧੀਨ ਲਿਆਂਦਾ ਗਿਆ ਸੀ।

ਕਮੇਟੀ ਦੇ ਪ੍ਰਧਾਨ ਕੇ. ਪੀ. ਐਸ ਮੈਨਿਨ ਨੇ ਮੀਟਿੰਗ ਤੋਂ ਬਾਦ ਦੱਸਿਆ ਕਿ ਅਤਿਵਾਦ ਬਾਰੇ ਕਮੇਟੀ ਦਾ ਨਿਰਣਾ ਮਹੱਤਵਪੂਰਨ ਹੈ। ਇਸ ਵਿਚ ਗਰੁੱਪ ਨੇ ਅਤਿਵਾਦੀ ਕਿਸਮ ਦੇ ਜ਼ੁਰਮਾਂ ਦੀ ਛਾਣਬੀਣ ਕੀਤੀ ਹੈ ਜਿਸਦੇ ਅਧਾਰ ਤੇ ਹੀ ਮੁਕੱਦਮੇ ਚਲਾਏ ਜਾ ਸਕਣਗੇ। ਇਨ੍ਹਾਂ ਨੂੰ ਸਿਆਸੀ ਮਤਭੇਦਾਂ ਦਾ ਨਾਂ ਦੇਣਾ ਜਾਇਜ਼ ਨਹੀਂ। ਸ੍ਰੀ ਮੈਨਿਨ ਨੇ ਭਾਰਤ ਵਲੋਂ ਦੱਖਣੀ ਏਸ਼ੀਆ ਦੇ ਖੁਰਾਕ ਬਾਰੇ ਸਿਕਿਉਰਿਟੀ ਰੀਜ਼ਰਵ ਸਥਾਪਤ ਕਰਨ ਦੀ ਤਜਵੀਜ਼ ਦਾ ਵੀ ਜ਼ਿਕਰ ਕੀਤਾ। ਜਦੋਂ ਲਾਗੂ ਕੀਤਾ ਗਿਆ ਇਹ ਪਰਾਜੈਕਟ ਮਹਾਂਦੀਪ ਦੇ ਦੱਖਣੀ ਹਿੱਸੇ ਵਿਚ ਪੀੜਤ ਮਨੁੱਖੀ ਆਬਾਦੀ ਲਈ ਰਾਹਤ ਦਾ ਕੰਮ ਕਰੇਗਾ। ਸਾਰਕ ਦੀਆਂ ਮੈਂਬਰ ਕੌਮਾਂ ਨੂੰ ਹੋਰ ਜ਼ਿਆਦਾ ਸਹਿਯੋਗ ਤੇ ਅੰਤਰ-ਸਬੰਧਾਂ ਦੀ ਨੇੜਤਾ ਤੇ ਜ਼ੋਰ ਦਾ ਸੱਦਾ ਦਿੱਤਾ ਗਿਆ।

ਪੰਜਾਬ ’ਚ ਬਦਲੇ ਹਾਲਾਤ ਨੂੰ ਦੇਖ ਕੇ ਪਲਾਇਨ ਕਰਕੇ ਗਏ ਲੋਕ ਮੁੜੇ

ਸੁੰਦਰਨਗਰ — ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਅਤੇ ਪੰਜਾਬ ਸਰਕਾਰ ਵਲੋਂ ਪਿਛਲੇ ਕੁਝ ਸਮੇਂ ਵਿਚ ਪੰਜਾਬ ਤੋਂ ਹੋਰ ਰਾਜਾਂ ਵਿਚ ਪਲਾਇਨ ਕਰਕੇ ਗਏ ਹਿੰਦੂ ਪਰਿਵਾਰਾਂ ਨੂੰ ਵਾਪਸ ਪੰਜਾਬ ਵਿਚ ਮੁੜ ਆ ਕੇ ਵਸ ਜਾਣ ਦੇ ਐਲਾਨਾਂ ਤੋਂ ਬਾਅਦ ਪੰਜਾਬ ਤੋਂ ਪਲਾਇਨ ਕਰਕੇ ਆਏ ਪਰਿਵਾਰਾਂ ਵਿਚੋਂ ਪਰਿਵਾਰਾਂ ਨੇ ਵਾਪਸ ਪੰਜਾਬ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਬੀਤੇ ਦਿਨੀਂ ਅਜਿਹੇ ਚਾਰ ਪਰਿਵਾਰਾਂ ਦੇ ਮੁਖੀਆਂ ਨੇ ਸੁੰਦਰਨਗਰ ਦੇ ਐਸ ਡੀ ਐਮ ਨਾਲ ਮੁਲਾਕਾਤ ਕਰਕੇ ਆਪਣੀ ਇੱਛਾ ਪ੍ਰਗਟ ਕੀਤੀ। ਇਹਨਾਂ ਪਰਿਵਾਰਾਂ ਵਿਚੋਂ ਜਲੰਧਰ ਤੋਂ ਪਲਾਇਨ ਕਰਕੇ ਆਏ ਸ੍ਰੀ ਸਤਪਾਲ ਦਾ ਪਰਿਵਾਰ ਹੈ ਜਿਸ ਦੇ ਚਾਰ ਮੈਂਬਰ ਹਨ। ਇਸ ਤਰ੍ਹਾਂ ਤਿੰਨ ਹੋਰ ਪਰਿਵਾਰ ਹਨ ਜਿਹੜੇ ਬਟਾਲਾ ਤੋਂ ਪਲਾਇਨ ਕਰਕੇ ਬੀਤੇ ਸਾਲ ਇਥੇ ਆਏ ਸਨ। ਇਹਨਾਂ ਵਿਚ ਜੁਗਿੰਦਰਪਾਲ ਅਤੇ ਉਹਨਾਂ ਦੇ ਪਰਿਵਾਰ ਦੇ ਪੰਜ ਮੈਂਬਰ ਦਵਾਰਕਾਦਾਸ ਅਤੇ ਉਹਨਾਂ ਦੇ ਪਰਿਵਾਰ ਦੇ ਅੱਠ ਮੈਂਬਰ ਸੁਰਿੰਦਰ ਕੁਮਾਰ ਅਤੇ ਉਹਨਾਂ ਦੇ ਪਰਿਵਾਰ ਦੇ ਸੱਤ ਮੈਂਬਰ ਸ਼ਾਮਲ ਹਨ।

ਇਹਨਾਂ ਲੋਕਾਂ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਪੰਜਾਬ ਵਾਪਸ ਮੁੜ ਜਾਣ ਤੇ ਉਹਨਾਂ ਨੂੰ ਇਥੇ ਵਸਣ ਤੇ ਰਿਆਇਤੀ ਵਿਆਜ ਦਰ ਤੇ ਕਰਜ਼ੇ ਮਕਾਨ ਅਤੇ ਕੰਮ ਧੰਦਾ ਸ਼ੁਰੂ ਕਰਨ ਲਈ ਸਥਾਨ ਅਤੇ ਪੈਸੇ ਦੀ ਵਿਵਸਥਾ ਕਰਕੇ ਦਿੱਤੀ ਜਾਵੇਗੀ ਅਤੇ ਵਾਪਸ ਪੰਜਾਬ ਆਉਣ ਦਾ ਕਿਰਾਇਆ ਵੀ ਦਿੱਤਾ ਜਾਵੇਗਾ। ਐਸ ਡੀ ਐਮ ਸੁੰਦਰਨਗਰ ਦੇ ਨਾਲ ਮੁਲਾਕਾਤ ਕਰਨ ਦੇ ਬਾਅਦ ਉਪਰੋਕਤ ਪਰਿਵਾਰਾਂ ਦੇ ਮੁਖੀਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਆਪਣੇ ਪੁਰਾਣੇ ਸ਼ਹਿਰ ਬਟਾਲਾ ਜਾਂ ਜਲੰਧਰ ਵਿਚ ਮੁੜ ਵਸਣ ਦੀ ਬਜਾਏ ਪੰਜਾਬ ਦੇ ਕਿਸੇ ਹੋਰ ਸ਼ਹਿਰ ਵਿਚ ਵਸਣ ਨੂੰ ਪਹਿਲ ਦਿਆਂਗੇ।

ਥੈਚਰ ਤੀਜੀ ਵਾਰ ਚੋਣਾਂ ’ਚ ਜੇਤੂ

ਲੰਡਨ — ਪ੍ਰਧਾਨ ਮੰਤਰੀ ਥੈਚਰ ਨੇ ਤੀਜੀ ਵਾਰ ਇੰਗਲੈਂਡ ਦੀਆਂ ਚੋਣਾਂ ਜਿੱਤ ਲਈਆਂ ਹਨ। ਪਿਛਲੇ 160 ਸਾਲਾਂ ਬਾਦ ਕਿਸੇ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਮਿਆਦ ਇੰਨੀ ਲੰਬੀ ਹੋਵੇਗੀ। ਕਿਹਾ ਜਾਂਦਾ ਹੈ ਕਿ ਇਸ ਦ੍ਰਿੜ੍ਹ ਔਰਤ ਨੇ ਵੋਟਰਾਂ ਦੇ ਦਿਲਾਂ ਨੂੰ ਜਕੜ ਲਿਆ ਲਗਦਾ ਹੈ। ਹਾਊਸ ਆਫ ਕਾਮਨਜ ਦੀਆਂ 650 ’ਚੋਂ ਐਲਾਨ ਹੋਈਆਂ ਸੀਟਾਂ ’ਚੋਂ ਥੈਚਰ ਦੀ ਪਾਰਟੀ 347, ਲੇਬਰ 225 ਅਤੇ ਸੋਸ਼ਲ ਡੈਮੋ: - ਲਿਬਰਲ ਅਲਾਇਸ ਬਹੁਤ ਘੱਟ ਸੀਟਾਂ ਲੈ ਕੇ ਗਈ ਹੈ।

ਲੱਖਾਂ ਹੀ ਵੋਟਰਾਂ ਨੇ ਉਤਰੀ ਇੰਗਲੈਂਡ ਤੇ ਸਕਾਟਲੈਂਡ ’ਚੋਂ ਲੇਬਰ ਨੂੰ ਵੋਟਾਂ ਪਾਈਆਂ। ਪਰ ਕੇਂਦਰੀ ਤੇ ਦੱਖਣੀ ਇੰਗਲੈਂਡ ਦੇ ਵਿਕਸਤ ਇਲਾਕੇ ’ਚੋਂ ਇਸ ਦੀ ਪੁਜ਼ੀਸ਼ਨ ਮਾੜੀ ਰਹੀ। ਅਲਾਇਸ ਦਾ ਸਭ ਤੋਂ ਵੱਧ ਨੁਕਸਾਨ ਹੋਇਆ। 16 ਸੀਟਾਂ ਹੀ ਲੈ ਕੇ ਦੋ ਮੁਖ ਤੋਪਾਂ ਰੋਏ ਜੈਕਕਿਨਸ ਅਤੇ ਸ਼ਿਰਲੀ ਵਿਲੀਅਮਜ਼ ਨੂੰ ਤਕੜੀ ਹਾਰ ਹੋਈ ਹੈ। ਇਸ ਤੋਂ ਪਹਿਲਾਂ ਅਲਾਇਸ ਦੇ ਦੁਗਣੇ ਉਮੀਦਵਾਰ ਜੇਤੂ ਰਹੇ ਸਨ।

ਜਾਫਨਾ ਦੀ ਪੰਜਾਬ ਨਾਲ ਕੋਈ ਸਮਾਨਤਾ ਨਹੀਂ ਹੈ — ਰਾਜੀਵ

ਮਣਜੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸ੍ਰੀ ਲੰਕਾ ਦੇ ਰਾਸ਼ਟਰਪਤੀ ਜੈਵਰਧਨੇ ਦੀ ਇਸ ਟਿਪਣੀ ਨੂੰ ਬੇਹੂਦਾ ਕਰਾਰ ਦਿੱਤਾ ਜਿਸ ਵਿਚ ਜੈਵਰਧਨੇ ਨੇ ਜਾਫਨਾ ਦੀ ਸਥਿਤੀ ਨੂੰ ਪੰਜਾਬ ਨਾਲ ਤੁਲਨਾ ਦਿਤੀ ਸੀ। ਰਾਜੀਵ ਗਾਂਧੀ ਨੇ ਕਿਹਾ ਕਿ ਜਾਫਨਾ ਤੇ ਪੰਜਾਬ ਵਿਚ ਕੋਈ ਤੁਲਨਾ ਨਹੀਂ ਹੋ ਸਕਦੀ। ਦੋਵਾਂ ਥਾਵਾਂ ਦੀਆਂ ਹਾਲਤਾਂ ਬਿਲਕੁਲ ਵੱਖੋ ਵੱਖਰੀਆਂ ਹਨ।

ਬਾਦਲ ਤੇ ਨਜ਼ਰਬੰਦ ਅਕਾਲੀ ਛੱਡੇ ਜਾਣ

ਅਤਿਵਾਦੀਆਂ ਨਾਲ ਗੱਲ ਨਾ ਕੀਤੀ ਜਾਏ — ਵਾਜਪਾਈ

ਚੰਡੀਗੜ੍ਹ — ਅੰਬਾਲੇ ਦੇ ਹਲਕੇ ਵਿਚ ਤਕਰੀਰ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਟਲ ਬਿਹਾਰੀ ਬਾਜਪਾਈ ਨੇ ਕਿਹਾ ਹੈ ਕਿ ਸਾਬਕ ਅਕਾਲੀ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਜੋਧਪੁਰ ਜੇਲ੍ਹ ਦੇ ਬੇਕਸੂਰ ਨਜ਼ਰਬੰਦਾਂ ਨੂੰ ਰਿਹਾਅ ਕੀਤਾ ਜਾਏ ਅਤੇ ਜਿਹੜੇ ਦੋਸ਼ੀ ਹਨ ਉਹਨਾਂ ਵਿਰੁੱਧ ਬਾਕਾਇਦਾ ਮੁਕੱਦਮੇ ਚਲਾਏ ਜਾਣ।

ਵਾਜਪਾਈ ਨੇ ਕਿਹਾ ਕਿ ਹਰਿਆਣੇ ਦੀਆਂ ਚੋਣਾਂ ਤੋਂ ਬਾਅਦ ਰਾਜੀਵ ਸਰਕਾਰ ਵਲੋਂ ਅਤਿਵਾਦੀ ਗਰੁੱਪਾਂ ਨਾਲ ਗੱਲਬਾਤ ਕੀਤੇ ਜਾਣ ਦੀ ਸੰਭਾਵਨਾ ਹੈ ਪਰ ਜੇਕਰ ਅਜਿਹਾ ਹੋਇਆ ਤਾਂ ਭਾਰਤੀ ਜਨਤਾ ਪਾਰਟੀ ਵਿਰੋਧ ਕਰੇਗੀ। ਜਦੋਂ ਤੱਕ ਅਤਿਵਾਦੀ ਖਾਲਿਸਤਾਨ ਦੀ ਮੰਗ ਨਹੀਂ ਛੱਡਦੇ ਅਤੇ ਅਤਿਵਾਦੀ ਕਾਰਵਾਈਆਂ ਦਾ ਖਾਤਮਾ ਨਹੀਂ ਕਰਦੇ ਉਦੋਂ ਤੱਕ ਗੱਲਬਾਤ ਨਹੀਂ ਹੋਣੀ ਚਾਹੀਦੀ। ਉਹਨਾਂ ਕਿਹਾ ਕਿ 17 ਜੂਨ ਦੀਆਂ ਹਰਿਆਣੇ ਦੀਆਂ ਚੋਣਾਂ ਵਿਚ ਹਰਿਆਣਾ ਸੰਘਰਸ਼ ਸੰਮਤੀ ਜੇਤੂ ਰਹੇਗੀ ਅਤੇ ਚੋਣਾਂ ਤੋਂ ਬਾਅਦ ਭਾਜਪਾ ਤੇ ਲੋਕ ਦਲ ਦੀ ਮਿਲੀਜੁਲੀ ਸਰਕਾਰ ਬਣੇਗੀ।

ਵਾਜਪਾਈ ਨੇ ਮੰਗ ਕੀਤੀ ਹੈ ਕਿ ਪੰਜਾਬ ਪਾਕਿਸਤਾਨ ਦੇ ਨਾਲ ਨਾਲ ਸਰਹੱਦੀ ਸੁਰੱਖਿਆ ਪੱਟੀ ਬਣਾਈ ਜਾਏ। ਪੰਜਾਬ ਪੁਲਸ ਦੀ ਸਕਰੀਨਿੰਗ ਕੀਤੀ ਜਾਏ। ਅਤਿਵਾਦੀਆਂ ਨਾਲ ਸੰਬੰਧ ਰੱਖਣ ਵਾਲੇ ਪੁਲਸ ਦੇ ਕਰਮਚਾਰੀਆਂ ਨੂੰ ਕੱਢਿਆ ਜਾਏ। ਉਹਨਾਂ ਮੇਰਠ ਦੇ ਫਿਰਕੂ ਦੰਗਿਆਂ ਦੀ ਉਚ ਪੱਧਰੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

ਸੰਪਾਦਕੀ:

ਅਮਰੀਕਾ ਖਾਲਿਸਤਾਨੀਆਂ ਦੇ ਪਿੱਛੇ

ਜਦੋਂ ਤੋਂ ਖਾਲਿਸਤਾਨ ਦੀ ਵੱਖਵਾਦੀ ਅਤੇ ਦੇਸ਼ ਧ੍ਰੋਹੀ ਲਹਿਰ ਚੱਲੀ ਹੈ, ਜਿਸ ਦੇ ਪਿੱਛੇ ਅਮਰੀਕੀ ਸਾਮਰਾਜ ਦਾ ਹੱਥ ਛੇਤੀ ਹੀ ਦੇਖ ਲਿਆ ਗਿਆ ਸੀ । ਭਾਵੇਂ ਕਿ ਭਾਰਤ ਸਰਕਾਰ ਨੇ ਇਸ ਸੰਬੰਧੀ ਸਭ ਕੁਝ ਜਾਣਦਿਆਂ ਹੋਇਆਂ, ਕਦੇ ਵੀ ਅਮਰੀਕਾ ਦਾ ਨਾਂ ਪਬਲਿਕ ਤੌਰ ਉਪਰ ਨਹੀਂ ਲਿਆ ਸੀ । ਹੁਣ ਤੱਕ ਅਮਰੀਕਾ ਵਲੋਂ ਖਾਲਿਸਤਾਨੀਆਂ ਨੂੰ ਜੋ ਸਹਾਇਤਾ ਮਿਲਦੀ ਰਹੀ ਹੈ ਉਹ ਭਾਵੇਂ ਕਿ ਮੁਖ ਕਰਕੇ ਪਾਕਿਸਤਾਨ ਦੁਆਰਾ ਹੀ ਮਿਲਦੀ ਰਹੀ ਹੈ। ਜਿਥੋਂ ਕਿ ਵੱਖਵਾਦੀਆਂ ਨੂੰ ਟਰੇਂਡ ਕਰਕੇ ਸਰਹੱਦ ਪਾਰ ਕਰਵਾ ਦਿੱਤਾ ਜਾਂਦਾ ਹੈ ਅਤੇ ਉਹ ਏਧਰ ਆਕੇ ਬੇਗੁਨਾਹ ਲੋਕਾਂ ਦੇ ਕਤਲ ਅਤੇ ਹੋਰ ਲੁੱਟਾਂ ਮਾਰਾਂ ਕਰ ਰਹੇ ਹਨ । ਇਹ ਗੱਲਾਂ ਪਾਕਿਸਤਾਨ ਤੋਂ ਆਏ, ਬਾਰਡਰ ਉਪਰੋਂ ਫੜੇ ਗਏ, ਕਈ ਦਹਿਸ਼ਤਪਸੰਦਾਂ ਨੇ ਮੰਨੀਆਂ ਹਨ ।

ਜੂਨ ਦੇ ਪਹਿਲੇ ਹਫਤੇ ਅਮਰੀਕਨ ਕਾਂਗਰਸ ਵਿਚ ਪੰਜਾਬ ਦੇ ਮਸਲੇ ਉਪਰ ਇਕ ਘੰਟਾ ਬਹਿਸ ਹੋਈ, ਸਪਸ਼ਟ ਕਰਦਾ ਹੈ ਕਿ ਅਮਰੀਕੀ ਸਾਮਰਾਜੀ ਪੰਜਾਬ ਦੀ ਵੱਖਵਾਦੀ ਲਹਿਰ ਨਾਲ ਕਿਵੇਂ ਹਮਦਰਦੀ ਰਖਦੇ ਹਨ । ਇਹੋ ਹੀ ਨਹੀਂ ਇਸ ਤਰ੍ਹਾਂ ਦੀ ਬਹਿਸ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਨੰਗੀ ਚਿੱਟੀ ਦਖਲ ਅੰਦਾਜ਼ੀ ਹੈ । ਜਿਸ ਦੇ ਵਿਰੁੱਧ ਭਾਰਤ ਸਰਕਾਰ ਨੇ ਬਾਕਾਇਦਾ ਤੌਰ ਉਪਰ ਲਿਖਕੇ ਅਮਰੀਕਨ ਸਰਕਾਰ ਕੋਲ ਰੋਸ ਪ੍ਰਗਟ ਕੀਤਾ ਹੈ । ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੋਲਿਟ ਬੀਊਰੋ ਨੇ ਇਸ ਸੰਬੰਧੀ ਸਖਤ ਬਿਆਨ ਜਾਰੀ ਕੀਤਾ ਹੈ ਕਿ ਅਮਰੀਕੀ ਸਾਮਰਾਜ ਦੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਨ ਦੇ ਇਰਾਦੇ ਕਿੰਨੇ ਖਤਰਨਾਕ ਹਨ ।

ਕੁਝ ਅਖੌਤੀ ਬੁਧੀਜੀਵੀ ਜਿਵੇਂ ਸ੍ਰੀ ਰਜਨੀ ਕੁਠਾਰੀ, (ਜੋ ਪਿਛੇ ਜਿਹੇ ਵੈਨਕੂਵਰ ਆਏ ਸਨ) ਕੁਲਦੀਪ ਨਈਅਰ ਵਰਗੇ ਪੱਤਰਕਾਰ ਅਤੇ ਕਈ ਹੋਰ ਖਬੂ, ਭਾਰਤ ਦੀ ਅਖੰਡਤਾ ਨੂੰ ਵਖਵਾਦੀ ਰੁਝਾਨਾਂ ਤੋਂ ਖਤਰੇ ਅਤੇ ਅਮਰੀਕੀ ਤੇ ਪਾਕਿਸਤਾਨੀ ਪੁਸ਼ਤ ਮਨਾਹੀ ਬਾਰੇ ਕਹਿ ਰਹੇ ਸਨ ਕਿ ਕਮਿਊਨਿਸਟ ਪਾਰਟੀਆਂ ਅਤੇ ਭਾਰਤ ਸਰਕਾਰ ਐਵੇਂ ਹਊਆ ਖੜ੍ਹਾ ਕਰ ਰਹੇ ਹਨ । ਜਦੋਂ ਕਿ ਹੁਣ ਇਨ੍ਹਾਂ ਘਾਗਾਂ ਨੂੰ ਵੀ ਸ਼ਰਮ ਆਉਣੀ ਚਾਹੀਦੀ ਹੈ ਕਿ ਵਾਸ਼ਿੰਗਟਨ ਵਿਚ ਅਮਰੀਕੀ ਕਾਂਗਰਸ ਪੰਜਾਬ ਦੇ ਮਸਲੇ ਉਪਰ ਕਿਉਂ ਵਿਚਾਰ ਕਰ ਰਹੀ ਹੈ ।

ਅਮਰੀਕੀ ਸਾਮਰਾਜ ਸੰਸਾਰ ਅਮਨ ਦਾ ਦੁਸ਼ਮਣ ਹੈ, ਇਹ ਦੁਨੀਆਂ ਭਰ ਵਿਚ ਹੀ ਲੋਕ ਜਮਹੂਰੀ ਸਰਕਾਰਾਂ ਦਾ ਦੁਸ਼ਮਣ ਹੈ ਅਤੇ ਦੁਨੀਆਂ ਭਰ ਵਿਚ ਹੀ ਜਿਥੇ ਲੋਕ ਜ਼ਰਾ ਲੁਟੇਰੀਆਂ ਹਾਕਮ ਸਰਕਾਰਾਂ ਵਿਰੁਧ ਲਾਮਬੰਦ ਹੋਣਾ ਸ਼ੁਰੂ ਕਰਦੇ ਹਨ, ਉਥੇ ਹੀ ਇਹ ਇਸ ਤਰ੍ਹਾਂ ਦੇ ਫਸਾਦ ਸੌਖਿਆਂ ਹੀ ਕਰਵਾ ਦਿੰਦਾ ਹੈ । ਲਿਬਨਾਨ, ਕਰਾਚੀ (ਪਾਕਿਸਤਾਨ), ਸ੍ਰੀ ਲੰਕਾ, ਫਿਜ਼ੀ ਆਦਿ ਤਾਜ਼ੀਆਂ ਉਦਾਹਰਣਾਂ ਹਨ ।

ਸੋ ਅਸੀਂ ਕੈਨੇਡਾ ਵਿਚ ਦੇ ਭਾਰਤੀ ਲੋਕਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਖਾਲਿਸਤਾਨੀ ਲਹਿਰ ਦੇ ਪਿਛਲੇ ਅਮਰੀਕੀ ਸਾਮਰਾਜ ਅਤੇ ਉਸ ਦੀ ਖੁਫੀਆ ਏਜੰਸੀ ਹੈ। ਉਹ ਇਸ ਦੀ ਕਾਮਯਾਬੀ ਲਈ ਕਰੋੜਾਂ ਡਾਲਰ ਖਰਚ

ਬਾਕੀ ਪੰਨਾ 5 'ਤੇ

ਬਰਨਾਲਾ ਸਰਕਾਰ ਨੇ ਕੀ ਖੱਟਿਆ ਕੀ ਗੁਆਇਆ ?

ਪ੍ਰੋ: ਪਿਆਰਾ ਸਿੰਘ ਭੋਗਲ

ਬਰਨਾਲਾ ਮੰਤਰੀ ਮੰਡਲ 12 ਮਈ 1987 ਨੂੰ ਬਰਖਾਸਤ ਕਰ ਦਿੱਤਾ ਗਿਆ । ਬਹੁਤ ਘੱਟ ਲੋਕਾਂ ਇਸ ਨੂੰ ਭੰਗ ਕੀਤੇ ਜਾਣ ਉਤੇ ਹੰਝੂ ਕੇਰੇ । ਬਹੁਤਿਆਂ ਸੁਖ ਦਾ ਸਾਹ ਲਿਆ । ਕਈਆਂ ਟੁੱਟ ਗਈ ਸਰਕਾਰ ਨੂੰ ਗਾਲ੍ਹੀਆਂ ਵੀ ਕੱਢੀਆਂ—ਭ੍ਰਿਸ਼ਟ ਤੇ ਅਤਿਵਾਦੀਆਂ ਨਾਲ ਰਲੇ ਹੋਏ ਮੰਤਰੀਆਂ ਦੀ ਸਰਕਾਰ ਆਖਿਆ । ਇਸ ਦੀ "ਪ੍ਰਾਪਤੀ" ਦੀ ਗੱਲ ਬਹੁਤ ਘੱਟ ਨੇ ਕੀਤੀ ।

ਪਰ ਇਹ ਬੜੀ ਗਲਤ ਗੱਲ ਹੋਵੇਗੀ, ਜੇ ਇਸ ਦੇ ਹਾਂ ਪੱਖੀ ਪ੍ਰਭਾਵ ਵੱਲ ਧਿਆਨ ਨਾ ਦਿੱਤਾ ਜਾਏ ।

ਬਰਨਾਲਾ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਸਾਰੇ ਭਾਰਤ ਵਿਚ ਦੂਰ ਦੂਰ ਤਕ ਇਹ ਪ੍ਰਭਾਵ ਪਹੁੰਚਾ ਸਕਣਾ ਹੈ ਕਿ ਸਾਰਾ ਸਿੱਖ ਭਾਈਚਾਰਾ ਅਤਿਵਾਦੀ ਤੇ ਵੱਖਵਾਦੀ ਨਹੀਂ । ਇਸੇ ਕਰ ਕੇ ਕੁਝ ਮਹੀਨੇ ਪਹਿਲਾਂ ਤੱਕ ਪ੍ਰਧਾਨ ਮੰਤਰੀ ਆਮ ਕਿਹਾ ਕਰਦਾ ਸੀ ਕਿ ਬਰਨਾਲਾ ਸਮੁੱਚੇ ਰਾਸ਼ਟਰ ਦੀ ਲੜਾਈ ਲੜ ਰਿਹਾ ਹੈ। ਬਰਨਾਲਾ ਸਰਕਾਰ ਅਤੇ ਲੌਂਗੋਵਾਲ ਅਕਾਲੀ ਦਲ ਦੇ ਸਪਸ਼ਟ ਅਤੇ ਡਟਵੇਂ ਰਾਜਨੀਤਕ ਸਟੈਂਡ ਦਾ ਨਤੀਜਾ ਹੀ ਸੀ ਕਿ ਸਾਰੀਆਂ ਵਿਰੋਧੀ ਪਾਰਟੀਆਂ ਜਨਵਰੀ 14 ਤੋਂ 14 ਅਪਰੈਲ ਤੱਕ ਪੰਜਾਬ ਵਿਚ ਸਾਂਝੀਆਂ ਰੈਲੀਆਂ ਕਰਦੀਆਂ ਰਹੀਆਂ । 14 ਅਪਰੈਲ ਦੀ ਰੈਲੀ ਵਿਚ ਅੰਮ੍ਰਿਤਸਰ ਵਿਚ ਕੇਂਦਰੀ ਮੰਤਰੀ ਸ੍ਰੀ ਨਰਸਿਮਹਾ ਰਾਓ ਸ਼ਾਮਲ ਹੋਏ ਤੇ ਐਲਾਨ ਕੀਤਾ ਕਿ ਜੋਧਪੁਰ ਦੇ ਨਜ਼ਰਬੰਦਾਂ ਦੇ ਮਾਮਲਿਆਂ ਦੀ ਪੁਨਰ ਪੜਤਾਲ ਸ਼ੁਰੂ ਕੀਤੀ ਜਾ ਰਹੀ ਹੈ ਤੇ ਰਿਹਾਈਆਂ ਛੇਤੀ ਸ਼ੁਰੂ ਹੋਣਗੀਆਂ । ਵਿਰੋਧੀ ਪਾਰਟੀਆਂ ਵਿਚੋਂ ਬਹੁਤੀਆਂ ਨੇ ਬਰਨਾਲਾ ਸਰਕਾਰ ਨੂੰ ਭੰਗ ਕੀਤੇ ਜਾਣ ਦੀ ਨਿੰਦਾ ਵੀ ਕੀਤੀ ਹੈ ।

ਅੱਜ ਸਿੱਖ ਤੇ ਗੈਰ-ਸਿੱਖ, ਪੰਜਾਬੀ ਤੇ ਗੈਰ-ਪੰਜਾਬੀ ਨੇਤਾਵਾਂ, ਪੱਤਰਕਾਰਾਂ, ਲੇਖਕਾਂ ਤੇ ਆਮ ਲੋਕਾਂ ਵਿਚੋਂ ਬਹੁਤਿਆਂ ਨੂੰ ਇਕ ਤਲਖ ਹਕੀਕਤ ਭੁੱਲ ਗਈ ਹੈ । 1984 ਵਿਚ ਸਾਕਾ ਨੀਲਾ ਤਾਰਾ ਵੇਲੇ ਸਿੱਖ ਸੈਨਿਕਾਂ ਦੀ ਬਗਾਵਤ (ਜੋ ਸੁਤੰਤਰ ਭਾਰਤ ਵਿਚ ਪਹਿਲੀ ਵਾਰ ਹੋਈ ਸੀ) ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ, ਦਿੱਲੀ ਦੰਗਿਆਂ ਦਾ ਬਦਲਾ ਲੈਣ ਲਈ ਕੀਤੇ ਗਏ ਟਰਾਂਜਿਸਟਰ ਬੰਬ ਧਮਾਕੇ ਅਤੇ ਅਕਾਲੀ ਤੇ ਗੈਰ-ਅਕਾਲੀ ਲਗਭਗ 99 ਫੀਸਦੀ ਸਿੱਖਾਂ ਦੀ ਨਾਰਾਜ਼ਗੀ ਨੇ ਪੰਜਾਬ ਤੋਂ ਬਾਹਰ ਗੈਰ-ਸਿੱਖਾਂ ਵਿਚ ਪੰਜਾਬ ਬਾਰੇ ਇਕ "ਭੈ" ਪੈਦਾ ਕਰ ਦਿੱਤਾ ਸੀ। ਹੇਠਾਂ ਤੋਂ ਉਪਰ ਤੱਕ ਇਹ ਡਰ ਮਹਿਸੂਸ ਕੀਤਾ ਜਾਣ ਲਗ ਪਿਆ ਸੀ ਕਿ ਸ਼ਾਇਦ ਪੰਜਾਬ ਬਾਕੀ ਭਾਰਤ ਨਾਲੋਂ ਟੁੱਟ ਜਾਣਾ ਹੈ । ਇਸ ਗੱਲ ਦੀ ਤਸਦੀਕ ਜੂਨ 1984 ਤੋਂ ਜੂਨ 1985 ਤੱਕ ਦੇ ਸਾਰੇ "ਨੈਸ਼ਨਲ" ਅਖਬਾਰ ਪੜ੍ਹਿਆਂ ਕੀਤੀ ਜਾ ਸਕਦੀ ਹੈ । ਸਾਨੂੰ ਪੰਜਾਬ ਵਿਚੋਂ ਬੈਠਿਆਂ ਨੂੰ ਇਹੋ ਜਿਹਾ ਡਰ ਨਹੀਂ ਸੀ ਮਹਿਸੂਸ ਹੁੰਦਾ, ਪਰ ਸਿੱਖ ਇਤਿਹਾਸ ਤੇ ਸਿੱਖ ਮਾਨਸਿਕਤਾ ਨੂੰ ਸਮਝਣ ਵਾਲੇ "ਸਿਆਣੇ" ਗੈਰ-ਪੰਜਾਬੀ ਭਾਰਤ ਦੀ ਅਖੰਡਤਾ ਤੇ ਏਕਤਾ ਕਾਇਮ ਰਹਿਣ ਬਾਰੇ ਭੈ-ਭੀਤ ਸਨ ।

ਇਸੇ ਕਰ ਕੇ ਜਦੋਂ ਜੁਲਾਈ 1985 ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਬਰਨਾਲਾ ਤੇ ਸ. ਬਲਵੰਤ ਸਿੰਘ ਸਮੇਤ, ਪੰਜਾਬ ਸਮਝੌਤਾ ਕਰਨ ਲਈ ਤਿਆਰ ਹੋ ਗਏ, ਤਾਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤਕ ਨੇ ਸੁਖ ਦਾ ਸਾਹ ਲਿਆ ਸੀ । ਇਸ ਗੱਲ ਦੀ ਤਸਦੀਕ ਵੀ ਉਨ੍ਹਾਂ ਦਿਨਾਂ ਦੇ ਵੱਡੇ ਅਖਬਾਰ ਪੜ੍ਹ ਕੇ ਕੀਤੀ ਜਾ ਸਕਦੀ ਹੈ । ਆਪਣੇ ਆਪ ਨੂੰ ਜਾਣੀ ਜਾਣ ਸਮਝਣ ਵਾਲੇ ਹਿੰਦੂ ਪੱਤਰਕਾਰ ਸੰਤ ਲੌਂਗੋਵਾਲ ਨੂੰ "ਮਸੀਹਾ" ਲਿਖ ਰਹੇ ਸਨ । ਹੁਣੇ ਜਿਹੇ ਸ੍ਰੀ ਇੰਦਰ ਕੁਮਾਰ ਗੁਜਰਾਲ ਨੇ ਦਿੱਲੀ ਵਿਚ ਪੱਤਰਕਾਰਾਂ ਨਾਲ ਗੱਲਾਂ ਕਰਦਿਆਂ ਆਖਿਆ ਕਿ ਮਾਸਟਰ ਤਾਰਾ ਸਿੰਘ ਤੋਂ ਬਾਅਦ ਸੰਤ ਹਰਚੰਦ ਸਿੰਘ ਲੌਂਗੋਵਾਲ ਸਿੱਖਾਂ ਦਾ ਸਭ ਤੋਂ ਵੱਡਾ ਨੇਤਾ ਸੀ । ਅੱਜ ਸੰਤ ਜੀ ਨੂੰ ਬਹੁਤੇ ਸਿੱਖ ਵੀ ਯਾਦ ਨਹੀਂ ਕਰਦੇ, ਪਰ ਜੁਲਾਈ-ਅਗਸਤ 1985 ਵਿਚ 90 ਫੀਸਦੀ ਸਿੱਖ ਅਤੇ ਸੌ ਫੀਸਦੀ ਹਿੰਦੂ ਸੰਤ ਜੀ ਦੇ ਪ੍ਰਸ਼ੰਸਕ ਸਨ । ਜਦੋਂ ਸੰਤ ਜੀ ਕੈਂਬੋਵਾਲ ਦੇ ਗੁਰਦੁਆਰੇ ਵਿਚ ਇਕ ਸਿੱਖ ਹੱਥੋਂ ਸ਼ਹੀਦ ਹੋ ਗਏ, ਤਾਂ ਉਨ੍ਹਾਂ ਨੂੰ ਮਹਾਨ ਸ਼ਹੀਦ ਸਮਝਣ ਤੇ ਕਹਿਣ ਵਾਲਿਆਂ ਦੀ ਘਾਟ ਨਹੀਂ ਸੀ । ਉਨ੍ਹਾਂ ਦੇ ਭੋਗ ਵਾਲੇ ਦਿਨ ਦਸ ਲੱਖ ਲੋਕ ਇਕੱਠੇ ਹੋਏ, ਜਿੰਨੇ ਅੱਜ ਤੱਕ ਪੰਜਾਬ ਵਿਚ ਕਿਸੇ ਧਾਰਮਿਕ ਜਾਂ ਰਾਜਨੀਤਕ ਸਮਾਰੋਹ ਜਾਂ ਸਰਬੱਤ ਖਾਲਸਿਆਂ ਵਿਚ ਇਕੱਠੇ ਨਹੀਂ ਹੋਏ । ਜਦੋਂ ਸਤੰਬਰ 1985 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤਾਂ ਬਾਬਾ ਜੁਗਿੰਦਰ ਸਿੰਘ ਵਲੋਂ ਚੋਣਾਂ ਦੇ ਬਾਈਕਾਟ ਦਾ ਕੋਈ ਪ੍ਰਭਾਵ ਨਾ ਹੋਇਆ । ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈ ਹੁੰਮਹੁਮਾ ਕੇ ਵੋਟ ਪਾਉਣ ਆਏ । ਕਾਂਗਰਸ ਬੁਰੀ ਤਰ੍ਹਾਂ ਹਾਰੀ । ਪਿਛੋਂ ਕੁਝ ਗੈਰ-ਸਿੱਖ ਪੱਤਰਕਾਰਾਂ ਨੇ ਇਹ "ਮਿੱਥ" ਪ੍ਰਚਾਰੀ ਕਿ ਕਾਂਗਰਸ ਨੇ ਜਾਣ ਬੁਝ ਕੇ "ਕਮਜ਼ੋਰ" ਉਮੀਦਵਾਰ ਖੜ੍ਹੇ ਕੀਤੇ । ਕਾਂਗਰਸ ਭਾਵੇਂ ਤਕੜੇ ਉਮੀਦਵਾਰ ਵੀ ਖੜ੍ਹੇ ਕਰ ਲੈਂਦੀ, ਉਸ ਨੂੰ ਵੱਧ ਸੀਟਾਂ ਨਹੀਂ ਸਨ ਮਿਲਣੀਆਂ । ਇਸ ਤੋਂ ਉਲਟ ਚੰਡੀਗੜ੍ਹ ਦੇ ਇਕ ਅੰਗਰੇਜ਼ੀ ਪੱਤਰਕਾਰ ਦੀ ਵਾਰ ਵਾਰ ਲਿਖੀ ਇਹ ਗੱਲ ਸਚਾਈ ਦੇ ਕੁਝ ਨੇੜੇ ਹੈ ਕਿ ਕਾਂਗਰਸ ਹਾਈ ਕਮਾਨ ਨੂੰ ਇਹ ਬਿਲਕੁਲ ਉਮੀਦ ਨਹੀਂ ਸੀ ਕਿ ਅਕਾਲੀ ਇੰਨੀਆਂ ਸੀਟਾਂ ਲੈ ਜਾਣਗੇ । ਉਨ੍ਹਾਂ ਨੂੰ ਤਾਂ ਆਸ਼ਾ ਸੀ ਕਿ ਅਕਾਲੀ-ਕਾਂਗਰਸ ਕੁਲੀਸ਼ਨ ਸਰਕਾਰ ਆਖਰਕਾਰ ਬਣੇਗੀ । ਜਦੋਂ ਅਕਾਲੀ 73 ਸੀਟਾਂ ਲੈ ਗਏ ਤਾਂ ਪ੍ਰਧਾਨ ਮੰਤਰੀ ਨੂੰ ਆਪਣੇ ਕਾਂਗਰਸੀ ਆਲੋਚਕਾਂ ਨੂੰ ਇਹ ਕਹਿ ਕੇ ਸਫਾਈ ਦੇਣੀ ਪਈ ਕਿ ਪਾਰਟੀ ਭਾਵੇਂ ਹਾਰ ਗਈ ਹੈ, ਪਰ ਦੇਸ਼ ਬਚ ਗਿਆ ਹੈ ।

ਸੋ, 1985 ਵਿਚ ਲੌਂਗੋਵਾਲ ਦਲ ਤੇ ਸ. ਸੁਰਜੀਤ ਸਿੰਘ ਬਰਨਾਲਾ ਦੇਸ਼ ਬਚਾਉਣ ਵਾਲੇ ਲੋਕ ਸਨ ।

ਪਰ ਮਈ 1987 ਵਿਚ ਉਨ੍ਹਾਂ ਦੀ ਸਰਕਾਰ ਭੰਗ ਕੀਤੇ ਬਿਨਾਂ ਦੇਸ਼ ਦੀ ਸੁਰੱਖਿਅਤਾ ਤੇ ਪੰਜਾਬ ਦੀ ਸ਼ਾਂਤੀ ਨੂੰ ਖਤਰਾ ਟਲਦਾ ਨਜ਼ਰ ਨਹੀਂ ਆਇਆ । ਦਿੱਲੀ ਵਿਚ ਬੋਟ ਕਲੱਬ ਮੈਦਾਨ ਵਿਚ 16 ਮਈ 1987 ਨੂੰ ਤਕਰੀਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਹਫਤਿਆਂ ਤੋਂ ਦਹਿਸ਼ਤਵਾਦ ਪੰਜਾਬ ਵਿਚ ਵਧ ਗਿਆ ਸੀ, ਅਤੇ ਮੂਲਵਾਦੀ ਤੇ ਵੱਖਵਾਦੀ ਲੋਕ ਤਕੜੇ ਹੋ ਰਹੇ ਸਨ ।

ਪਰ "ਦਹਿਸ਼ਤਵਾਦ ਤੇ ਵੱਖਵਾਦ" ਤਾਂ 26 ਜਨਵਰੀ 1986 ਤੋਂ ਹੀ ਫੇਲ ਰਿਹਾ ਸੀ । ਖੁੱਡਾ ਬੱਸ ਕਾਂਡ ਅਤੇ ਉਸ ਤੋਂ ਪਹਿਲਾਂ ਮੁਕਤਸਰ ਬੱਸ ਕਾਂਡ ਨਾਲੋਂ ਵਧੇਰੇ ਕਿਹੜੀਆਂ ਦਹਿਸ਼ਤਗਰਦੀ ਵਾਲੀਆਂ ਘਟਨਾਵਾਂ ਪਿਛਲੇ ਹਫਤਿਆਂ ਵਿਚ ਵਾਪਰ ਗਈਆਂ ਸਨ ? ਸਗੋਂ ਪਿਛਲੇ ਹਫਤਿਆਂ ਵਿਚ ਪੁਲੀਸ ਨੂੰ ਕੁਝ ਵਧੇਰੇ "ਸਫਲਤਾਵਾਂ" ਮਿਲੀਆਂ ਸਨ । ਲੁਧਿਆਣੇ ਡਾਕੇ ਦੇ ਕਥਿਤ ਦੋਸ਼ੀ ਜ਼ਿਲਾ ਜਲੰਧਰ ਦੇ ਪਿੰਡਾਂ ਵਿਚੋਂ ਅਤੇ ਲੁਧਿਆਣਾ ਸ਼ਹਿਰ ਵਿਚੋਂ ਪਕੜੇ ਗਏ । ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਥਿਤ ਹਤਿਆਰਾ ਜਰਨੈਲ ਸਿੰਘ ਹਲਵਾਰਾ ਉਸੇ ਦਿਨ ਮਾਰਿਆ ਗਿਆ, ਜਿਸ ਦਿਨ ਬਰਨਾਲਾ ਮੰਤਰੀ ਮੰਡਲ ਟੁੱਟਿਆ ।

ਅਸਲ ਵਿਚ ਇਸ ਨੁਕਤੇ ਉਤੇ ਆ ਕੇ ਪ੍ਰਧਾਨ ਮੰਤਰੀ ਦਾ ਰਾਜਨੀਤਕ ਝੂਠ ਅਤੇ ਸ. ਸੁਰਜੀਤ ਸਿੰਘ ਬਰਨਾਲਾ ਦੀ ਕਮਜ਼ੋਰੀ ਪ੍ਰਗਟ ਹੁੰਦੀ ਹੈ । ਪ੍ਰਧਾਨ ਮੰਤਰੀ ਦੀ ਕਥਨੀ ਤੇ ਕਰਨੀ ਵਿਚਲਾ ਫਰਕ ਅਤੇ ਬਰਨਾਲਾ ਦੀ ਕਮਜ਼ੋਰੀ ਲੌਂਗੋਵਾਲ ਅਕਾਲੀ ਦਲ ਅਤੇ ਬਰਨਾਲਾ ਮੰਤਰੀ ਮੰਡਲ ਨੂੰ ਲੈ ਡੁੱਬੀ ।

ਸਿੱਖਾਂ ਦਾ ਵਿਗੜਿਆ ਬਿੰਬ ਸੁਧਾਰ ਕੇ ਅਤੇ ਸਾਰੇ ਸਿੱਖ ਪੰਥ ਅਤੇ ਪੰਜਾਬ ਦੀ ਭਾਰੀ ਬਹੁਗਿਣਤੀ ਦੇ "ਹੀਰੋ" ਬਣਨ ਪਿਛੋਂ ਬਰਨਾਲਾ ਅਤੇ ਉਨ੍ਹਾਂ ਦੇ ਸਹਿਯੋਗੀ ਹੌਲੀ ਹੌਲੀ ਨੇਕਨਾਮੀ ਗੁਆਉਂਦੇ ਗਏ ਅਤੇ ਬਦਨਾਮੀ ਖੱਟਦੇ ਗਏ । ਇਹ ਨੇਕਨਾਮੀ ਨਸ਼ਟ ਕਰਨ ਅਤੇ ਬਦਨਾਮੀ ਦਾ ਕਾਲਾ ਟਿਕਾ ਇਨ੍ਹਾਂ ਦੇ ਮੱਥੇ ਉਤੇ ਲਾਉਣ ਵਿਚ ਪ੍ਰਧਾਨ ਮੰਤਰੀ ਨੇ ਅਤੇ ਕਾਂਗਰਸ ਨੇ ਆਪਣੀ ਚੋਣ-ਖੁਦਗਰਜ਼ੀ ਵਰਤੀ । ਹਰਿਆਣੇ ਦੀਆਂ ਚੋਣਾਂ ਜਿੱਤਣ ਲਈ ਜਨਵਰੀ 1985 ਤੋਂ ਮਈ 1986 ਤੱਕ ਪ੍ਰਧਾਨ ਮੰਤਰੀ ਤੇ ਕਾਂਗਰਸ ਹਾਈ ਕਮਾਨ "ਪੰਜਾਬ ਸਮਝੌਤੇ" ਦੀ ਦਸਤਾਵੇਜ਼ ਪੁਰਜ਼ੇ ਪੁਰਜ਼ੇ ਕਰ ਕੇ ਖਿਲਾਰਦੇ ਰਹੇ ਤੇ ਸ. ਸੁਰਜੀਤ ਸਿੰਘ ਬਰਨਾਲਾ ਇਹ ਤਮਾਸ਼ਾ ਦੇਖਦੇ ਰਹੇ । ਜੇ ਪ੍ਰਧਾਨ ਮੰਤਰੀ ਨੂੰ ਆਪਣੀ

ਬਾਕੀ ਪੰਨਾ 5 'ਤੇ

ਅਮਰੀਕੀ ਕਾਂਗਰਸ 'ਚ ਪੰਜਾਬ ਬਾਰੇ ਬਹਿਸ

ਹਿੰਦ ਸਰਕਾਰ ਦੀ ਸਖਤ ਅਲੋਚਨਾ

ਵਾਸ਼ਿੰਗਟਨ — ਅਮਰੀਕਨ ਕਾਂਗਰਸ ਦੇ ਕੁਝ ਮੈਂਬਰਾਂ ਦੀ ਮੰਗ ਉਤੇ ਅਮਰੀਕਨ ਕਾਂਗਰਸ ਇਜਲਾਸ ਵਿਚ ਪੰਜਾਬ ਬਾਰੇ ਬਹਿਸ ਹੋਈ ਅਤੇ ਇਕ ਘੰਟੇ ਤੱਕ ਬੁਲਾਰੇ ਮੈਂਬਰਾਂ ਨੇ ਭਾਰਤ ਸਰਕਾਰ ਉਤੇ ਸੋਵੀਅਤ ਰੂਸ ਦੀ ਦੋਸਤ ਹੋਣ ਦੇ ਦੋਸ਼ ਲਾਏ ਅਤੇ ਅਮਰੀਕਨ ਸਰਕਾਰ ਉਤੇ ਜ਼ੋਰ ਦਿਤਾ ਕਿ ਭਾਰਤ ਨਾਲ ਕੀਤੇ ਗਏ ਉਚ ਟੈਕਨਾਲੋਜੀ ਦੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਜਾਣ।

ਕਾਂਗਰਸ ਦੇ ਪੰਜ ਮੈਂਬਰਾਂ ਨੇ ਬਹਿਸ ਵਿਚ ਹਿਸਾ ਲਿਆ ਅਤੇ ਪੰਜਾਬ ਵਿਚ ਮਸਲੇ ਬਾਰੇ ਸਰਕਾਰ ਦੇ ਵਤੀਰੇ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਦੇ ਮਸਲੇ ਦੇ ਹੱਲ ਲਈ ਅਪਨਾਏ ਜਾ ਰਹੇ ਢੰਗ ਤਰੀਕਿਆਂ ਨਾਲ ਅਸਹਿਮਤੀ ਪ੍ਰਗਟ ਕੀਤੀ ਗਈ। ਦੱਸਿਆ ਗਿਆ ਹੈ ਕਿ ਆਸ ਕੀਤੀ ਜਾਂਦੀ ਸੀ ਕਿ ਇਜਲਾਸ ਵਿਚ ਬਹਿਸ ਵਧੇਰੇ ਹੀ ਗਰਮ ਹੋਵੇਗੀ ਪਰ ਮੈਂਬਰਾਂ ਦਾ ਲਹਿਜਾ ਨਰਮ ਸੀ। ਪਹਿਲੇ ਦਸ ਮੈਂਬਰਾਂ ਨੇ ਬੋਲਣਾ ਸੀ ਪਰ ਬਾਅਦ ਵਿਚ ਕੇਵਲ ਪੰਜ ਮੈਂਬਰ ਹੀ ਬੋਲੇ। ਦੱਸਿਆ ਗਿਆ ਹੈ ਕਿ ਇਸ ਸੰਬੰਧ ਵਿਚ ਭਾਰਤੀ ਦੂਤਾਵਾਸ ਦਾ ਪ੍ਰੋਟੈਸਟ ਪਹਿਲਾਂ ਹੀ ਕਾਂਗਰਸ ਨੂੰ ਪਹੁੰਚ ਚੁਕਾ ਸੀ। ਬਹਿਸ ਸਮੇਂ ਹਾਊਸ ਦੀ ਗੈਲਰੀ ਵਿਚ ਕੁਝ ਉਹ ਨਾਮਧਰੀਕ ਸਿੱਖ ਲੀਡਰ ਬੈਠੇ ਸਨ ਜੋ ਸਿੱਧੇ ਤੌਰ ਤੇ ਪੰਜਾਬ ਦੇ ਅਤਿਵਾਦੀਆਂ ਦਾ ਸਮਰਥਨ ਕਰਦੇ ਹਨ। ਬਹਿਸ ਦੀ ਤਜਵੀਜ਼ ਕੈਲੇਫੋਰਨੀਆਂ ਦੇ ਕਾਂਗਰਸ ਮੈਂਬਰ ਕਾਰਮੈਨ ਨਾਰਮਨ ਨੇ ਦਿੱਤੀ ਸੀ। ਪੰਜਾਂ ਵਿਚੋਂ ਚਾਰ ਮੈਂਬਰਾਂ ਨੇ ਖੁਲੇ ਤੌਰ ਤੇ ਭਾਰਤ ਦੀ ਬਿਦੇਸ਼ੀ ਨੀਤੀ ਨੂੰ ਅਲੋਚਨਾ ਦਾ ਨਿਸ਼ਾਨਾ ਬਣਾਇਆ। ਕਿਹਾ ਗਿਆ ਹੈ ਕਿ ਜਿਸ ਢੰਗ ਨਾਲ ਭਾਰਤ ਦੀ ਕੇਂਦਰ ਸਰਕਾਰ ਪੰਜਾਬ ਵਿਚ ਸਿੱਖਾਂ ਨਾਲ ਨਿਪਟ ਰਹੀ ਹੈ ਉਸ ਨੂੰ ਦੇਖਦਿਆਂ ਅਮਰੀਕਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਨਾਲ ਕੀਤੇ ਗਏ ਉਹ ਸਾਰੇ ਸਮਝੌਤੇ ਰੱਦ ਕਰ ਦੇਵੇ ਜੋ ਉਚ ਟੈਕਨਾਲੋਜੀ ਦੇ ਲੈਣ ਦੇਣ ਬਾਰੇ ਕੀਤੇ ਜਾ ਚੁੱਕੇ ਹਨ। ਕਾਰਨ ਇਹ ਦੱਸਿਆ ਗਿਆ ਹੈ ਕਿ ਭਾਰਤ ਕਿਉਂਕਿ ਰੂਸ ਦਾ ਮਿੱਤਰ ਹੈ ਇਸ ਲਈ ਅਜਿਹੇ ਸਮਝੌਤਿਆਂ ਦੀ ਜ਼ਰੂਰਤ ਨਹੀਂ। ਕੁਝ ਮੈਂਬਰਾਂ ਨੇ ਅਮਰੀਕਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹਨਾਂ ਨੂੰ ਪੰਜਾਬ ਦੇ ਦੌਰੇ ਦੀ ਆਗਿਆ ਦਿੱਤੀ ਜਾਵੇ।

ਪੰਨਾ 4 ਦੀ ਬਾਕੀ

ਕਰਨ ਦੇ ਸਮਰਥ ਹੈ ਜਿਵੇਂ ਕਿ ਹੁਣ ਨਿਕਾਰਗੋਆ ਦੇ ਕੌਂਟਰਾਂ ਨੂੰ ਸੌ ਵਿੰਗ ਪਾ ਕੇ, ਈਰਾਨ ਨੂੰ ਚੋਰੀ ਵੇਚੇ ਹਥਿਆਰਾਂ ਦੇ ਮੁਨਾਫੇ ਵਿਚੋਂ ਕਰੋੜਾਂ ਡਾਲਰ ਕੱਢੇ ਗਏ ਸਾਬਤ ਹੋਏ ਹਨ। ਇਸ ਤਰ੍ਹਾਂ ਹੀ ਖਾਲਿਸਤਾਨੀ ਲਹਿਰ ਲਈ ਭਾਰੀ ਰਕਮਾਂ ਖਰਚ ਕੀਤੇ ਜਾਣ ਦੀਆਂ ਸੰਭਾਵਨਾਵਾਂ ਰੱਦ ਨਹੀਂ ਕੀਤੀਆਂ ਜਾ ਸਕਦੀਆਂ। ਇਸ ਵਿਚੋਂ ਕਿੰਨਾ ਕਿਥੇ ਖਰਚ ਹੁੰਦਾ ਹੈ ਅਤੇ ਕਿਸੇ ਦੇ ਰਾਹੀਂ ਹੁੰਦਾ ਹੈ ਅਤੇ ਕੌਣ ਵਿਚੋਂ ਕਿੰਨਾ ਖਾ ਗਿਆ ਇਸ ਬਾਰੇ ਤਾਂ ਉਹ ਹੀ ਜਾਣਦੇ ਹਨ। ਪਰ ਇਹ ਸਚਾਈ ਸਿੱਧ ਹੋ ਚੁੱਕੀ ਹੈ ਕਿ ਖਾਲਿਸਤਾਨੀ ਅਤੇ ਹੋਰ ਵੱਖਵਾਦੀ ਅਮਰੀਕਾ ਏਜੰਟਾਂ ਵਜੋਂ ਭਾਰਤ ਨੂੰ ਖੇਰੂੰ ਖੇਰੂੰ ਕਰਨ ਲਈ ਦਹਿਸ਼ਤਗਰਦੀ ਵਾਲੀਆਂ ਕਾਰਵਾਈਆਂ ਕਰ ਰਹੇ ਹਨ।

ਡਾਕ ਹੜਤਾਲ

16 ਜੂਨ ਤੋਂ ਡਾਕ ਮਹਿਕਮੇ ਦੇ ਚਿੱਠੀਆਂ ਵੰਡਣ ਵਾਲੇ ਕਰਮਚਾਰੀਆਂ ਦੀ ਹੜਤਾਲ ਆਰੰਭ ਹੋ ਚੁਕੀ ਹੈ। ਪਹਿਲੇ ਦਿਨ ਇਹ ਤਿੰਨ ਸ਼ਹਿਰਾਂ ਵਿਚ ਸੀ, ਦੂਜੇ ਦਿਨ ਹੋਰ ਦੋ ਸ਼ਹਿਰਾਂ ਵਿਚ ਹੋ ਗਈ। ਏਸੇ ਤਰ੍ਹਾਂ ਜਾਪਦਾ ਹੈ ਛੇਤੀ ਇਹ ਸਾਰੇ ਹੀ ਫੈਲ ਜਾਵੇਗੀ। ਇਹ ਹੜਤਾਲ ਡਾਕ ਕਰਮਚਾਰੀਆਂ ਉਪਰ ਪੋਸਟ ਆਫਿਸ ਦੇ ਅਧਿਕਾਰੀਆਂ ਭਾਵ ਟੋਰੀ ਸਰਕਾਰ ਨੇ ਮੜ੍ਹੀ ਹੈ ਜੋ ਇਨ੍ਹਾਂ ਦੀ ਯੂਨੀਅਨ ਤੋੜ ਕੇ ਡਾਕਖਾਨੇ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਇਹ ਉਹ ਹੀ ਰਾਹ ਹੈ ਜਿਸ ਰਾਹ ਬੀ. ਸੀ. ਦੀ ਸੋਕਰਡ ਸਰਕਾਰ ਤੁਰਨ ਲਈ ਰਾਹ ਪੱਧਰਾ ਕਰਨ ਲਈ ਬਿਲ-19 ਅਤੇ 20 ਲਿਆਈ ਹੈ। ਇਹ ਉਹ ਹੀ ਰਾਹ ਹੈ ਜੋ ਇੰਗਲੈਂਡ ਦੀ ਥੈਚਰ ਨੇ ਚੁਣਿਆ ਹੈ ਜਿਸ ਨਾਲ ਕਰੋੜਾਂ ਲੋਕ ਵਿਹਲੇ ਹੋਏ ਹਨ। ਇਸ ਤਰ੍ਹਾਂ ਇਹ ਆਪਣੇ ਪੈਰ ਪੱਕੇ ਕਰਨਾ ਚਾਹੁੰਦੇ ਹਨ।

ਅਸੀਂ ਸਰਕਾਰ ਨੂੰ ਇਸ ਯੂਨੀਅਨ ਤੋੜੂ ਨੀਤੀ ਨੂੰ ਅਗੇ ਲਿਜਾਣ ਲਈ ਡਾਕ ਕਰਮਚਾਰੀਆਂ ਤੇ ਮੜ੍ਹੀ ਗਈ ਹੜਤਾਲ ਦੀ ਜ਼ਿਮੇਂਵਾਰ ਸਮਝਦੇ ਹਾਂ। ਸਾਨੂੰ ਡਾਕ ਕਰਮਚਾਰੀਆਂ ਦੀ ਪੂਰੀ ਸਹਾਇਤਾ ਕਰਨੀ ਚਾਹੀਦੀ ਹੈ। ਹੜਤਾਲ ਤੋੜੂ ਡਾਕ ਵੰਡਣ ਵਾਲੇ ਕਰਮਚਾਰੀਆਂ ਵਲੋਂ ਵੰਡੀ ਡਾਕ ਪ੍ਰਵਾਨ ਨਹੀਂ ਕਰਨੀ ਚਾਹੀਦੀ।

ਅਹਿਮ ਵਿਅਕਤੀਆਂ ਦੇ ਕਤਲਾਂ ਦੀ ਸਾਜ਼ਿਸ਼ ਰਚਣ ਵਾਲੇ ਦੋ ਗ੍ਰਿਫਤਾਰ

ਨਵੀਂ ਦਿੱਲੀ — ਵਿਸ਼ੇਸ਼ ਵਿਅਕਤੀਆਂ ਦੇ ਕਤਲਾਂ ਅਤੇ ਅਹਿਮ ਸਥਾਨਾਂ ਨੂੰ ਬੰਬਾਂ ਨਾਲ ਉਡਾਉਣ ਦੀ ਸਾਜ਼ਿਸ਼ ਵਿਚ ਕਥਿਤ ਤੌਰ ਤੇ ਸ਼ਾਮਲ ਦੋ ਦਹਿਸ਼ਤਪਸੰਦਾਂ ਨੂੰ ਪੁਲਸ ਨੇ ਪੱਛਮੀ ਦਿੱਲੀ ਵਿਚ ਗ੍ਰਿਫਤਾਰ ਕਰ ਲਿਆ। ਤਿਲਕ ਨਗਰ ਦੇ ਭੁਪਿੰਦਰ ਸਿੰਘ ਉਰਫ ਟੋਨੀ ਅਤੇ ਦਵਿੰਦਰਜੀਤ ਸਿੰਘ ਦੀ ਗ੍ਰਿਫਤਾਰੀ ਪਿਛੋਂ ਇਸ ਸਿਲਸਿਲੇ ਵਿਚ ਗ੍ਰਿਫਤਾਰ ਦਹਿਸ਼ਤਪਸੰਦਾਂ ਦੀ ਕੁਲ ਗਿਣਤੀ ਪੰਜ ਹੋ ਗਈ ਹੈ। ਪਹਿਲਾਂ ਗ੍ਰਿਫਤਾਰ ਕੀਤੇ ਗਏ, ਦਹਿਸ਼ਤਪਸੰਦਾਂ ਵਿਚ ਇਕਬਾਲ ਸਿੰਘ, ਗੁਰਵਿੰਦਰ ਸਿੰਘ ਅਤੇ ਸਤਪਾਲ ਸਿੰਘ ਸ਼ਾਮਲ ਹਨ।

ਹਾਲ ਹੀ ਵਿਚ ਕੀਤੀਆਂ ਗਈਆਂ ਗ੍ਰਿਫਤਾਰੀਆਂ ਸਤਪਾਲ ਸਿੰਘ ਕੋਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਦੇ ਆਧਾਰ ਤੇ ਕੀਤੀਆਂ ਗਈਆਂ। ਕੁਝ ਹੋਰ ਗ੍ਰਿਫਤਾਰੀਆਂ ਹੋਣ ਦੀ ਵੀ ਸੰਭਾਵਨਾ ਹੈ।

ਪੰਨਾ 4 ਦੀ ਬਾਕੀ

ਪਾਰਟੀ ਬਚਾਉਣ ਲਈ ਸ਼ਹੀਦ ਲੌਂਗੋਵਾਲ ਨਾਲ ਕੀਤੇ ਗਏ ਸਮਝੌਤੇ ਦੀ ਪਵਿੱਤਰ ਲਿਖਤ ਉਤੇ ਕਾਇਮ ਰਹਿਣ ਦੀ ਲੋੜ ਨਹੀਂ ਸੀ

ਮਹਿਸੂਸ ਹੋ ਰਹੀ ਤਾਂ ਸ. ਬਰਨਾਲਾ ਨੂੰ ਆਪਣੀ ਪਾਰਟੀ ਤੇ ਆਪਣਾ ਰਾਜਨੀਤਕ ਭਵਿਖ ਬਚਾਉਣੇਂ ਦਾ ਕਿਉਂ ਫਿਕਰ ਨਹੀਂ ਸੀ ਮਹਿਸੂਸ ਹੋ ਰਿਹਾ? ਇਨ੍ਹਾਂ ਦੀ ਅਕਾਲੀ ਦ੍ਰਿੜ੍ਹਤਾ ਅਤੇ ਸਿੱਖ ਬਹਾਦਰੀ ਕਿੱਥੇ ਗਈ ਸੀ?

ਇਨ੍ਹਾਂ ਖਬਰਾਂ ਵਿਚ ਸਚਾਈ ਹੈ ਕਿ 12 ਮਈ ਤੱਕ ਪ੍ਰਧਾਨ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਮਨਾਉਣ ਦੇ ਯਤਨ ਕਰਦੇ ਰਹੇ ਕਿ "ਉਕਾ ਪੁੱਕਾ ਸਮਝੌਤਾ" (ਪੈਕੇਜ ਡੀਲ) ਕਰ ਲਓ। ਜੋਧਪੁਰ ਦੇ ਨਜ਼ਰਬੰਦ (ਸ਼ਾਇਦ ਕੁਝ ਗਿਣਤੀ ਹੀ) ਛੱਡ ਦਿੰਦੇ ਹਾਂ। ਫੌਜੀਆਂ ਦੀਆਂ ਸਜ਼ਾਵਾਂ ਮੁਆਫ ਕਰ (ਜਾਂ ਸ਼ਾਇਦ ਘਟਾ) ਦਿੰਦੇ ਹਾਂ। ਤੁਸੀਂ ਬਦਲੇ ਵਿਚ ਦੋ ਸ਼ਰਤਾਂ ਮੰਨੋ। ਪਹਿਲੀ, ਹਰਿਆਣੇ ਨੂੰ ਵੱਧ ਪਾਣੀ ਦੇਣਾ ਮੰਨ ਲਓ। ਦੂਜੀ, ਹਰਿਆਣੇ ਨੂੰ ਪਾਣੀ ਲਿਜਾਣ ਵਾਲੀ ਨਹਿਰ ਪੁੱਟਣ ਦਾ ਕੰਮ ਸਾਨੂੰ ਦੇ ਦਿਓ। ਸ. ਸੁਰਜੀਤ ਸਿੰਘ ਬਰਨਾਲਾ ਨਹੀਂ ਮੰਨੇ। ਇਹ ਉਨ੍ਹਾਂ ਦੀ ਰਾਜਨੀਤਕ ਦੂਰ-ਅੰਦੇਸ਼ੀ ਅਤੇ ਦਲੇਰੀ ਹੈ, ਪਰ ਅਫਸੋਸ ਇਹ ਹੈ ਕਿ ਉਨ੍ਹਾਂ ਇਹ ਗੁਣ ਬਹੁਤ ਦੇਰ ਨਾਲ ਦਿਖਾਏ ਹਨ। ਉਨ੍ਹਾਂ ਦਾ ਦਲ ਸਿੱਖਾਂ ਵਿਚ ਆਪਣੀ ਸ਼ਾਖ ਇੰਨੀ ਜ਼ਿਆਦਾ ਗੁਆ ਚੁਕਾ ਹੈ ਕਿ ਹੁਣ ਉਨ੍ਹਾਂ ਨੂੰ ਸ਼ਾਬਾਸ਼ ਦੇਣ ਵਾਲਾ ਕੋਈ ਨਹੀਂ। ਉਨ੍ਹਾਂ ਨੇ ਆਪਣੀ ਪਾਰਟੀ, ਕੇਂਦਰ ਅੱਗੇ ਵੇਲੇ ਸਿਰ ਨਾ ਡਟਣ ਕਰ ਕੇ, ਇੰਨੀ ਬੁਰੀ ਤਰ੍ਹਾਂ ਭੰਨ ਤੋੜ ਲਈ ਹੈ ਕਿ ਉਨ੍ਹਾਂ ਦੇ ਮੰਤਰੀ ਮੰਡਲ ਦੇ ਟੁੱਟਣ ਉਤੇ ਕਿਸੇ ਅਕਾਲੀ ਜਥੇ ਨੇ ਮੀਟਿੰਗ ਨਹੀਂ ਕੀਤੀ, ਕਿਸੇ ਨੇ ਵਿਖਾਵਾ ਨਹੀਂ ਕੀਤਾ ਜਿਵੇਂ ਉਨ੍ਹਾਂ ਨੂੰ ਜਾਪਦਾ ਸੀ ਕਿ ਇਹ ਭਾਣਾ ਵਰਤਣਾ ਹੀ ਸੀ।

ਹਿੰਸਾਵਾਦੀਆਂ ਨਾਲ ਟੱਕਰ ਲੈ ਕੇ ਸਾਰੇ ਦੇਸ਼ ਦੀ ਬੱਲੇ ਬੱਲੇ ਤਾਂ ਜਿੱਤੀ, ਪਰ ਆਪਣਾ ਦਲ ਤੇ ਆਪਣਾ ਰਾਜਨੀਤਕ ਬਿੰਬ ਤਬਾਹ ਕਰ ਲਿਆ। ਬਰਨਾਲਾ ਜੀ! 30 ਅਪਰੈਲ 1985 ਨੂੰ ਹਰਿਮੰਦਰ ਸਾਹਿਬ ਵਿਚ ਪੁਲਸ ਭੇਜਣ, ਅਕਾਲ ਤਖਤ ਦੇ ਜਥੇਦਾਰ ਦਾ ਹੁਕਮ ਨਾ ਮੰਨਣ ਅਤੇ ਆਪਣੇ ਹੀ ਸਿੱਖ ਭਰਾ ਅਤਿਵਾਦੀਆਂ ਨਾਲ ਟੱਕਰ ਲੈ ਲੈਣ ਦਾ ਹੌਂਸਲਾ ਤਾਂ ਦਿਖਾਇਆ, ਪਰ ਪੰਜਾਬ ਸਮਝੌਤਾ ਲਾਗੂ ਕਰਾਉਣ ਲਈ ਵੇਲੇ ਸਿਰ ਕਿਉਂ ਨਾ ਹੌਂਸਲਾ ਦਿਖਾਇਆ? ਤੁਸੀਂ ਸਾਰੇ ਦੇਸ਼ ਵਲੋਂ ਪੰਜਾਬ ਦੇ ਹਿੰਸਾਵਾਦੀਆਂ ਨਾਲ ਲੜਦੇ ਰਹੇ। ਠੀਕ ਸੀ। ਹਿੰਸਾ ਬੰਦ ਹੋਣੀ ਚਾਹੀਦੀ ਸੀ। ਪਰ ਸਿੱਖਾਂ ਅਤੇ ਪੰਜਾਬ ਦੀਆਂ ਮੰਗਾਂ ਮੰਨਵਾਉਣ ਲਈ ਕੇਂਦਰ ਨਾਲ ਕਿਉਂ ਨਹੀਂ ਲੜੇ?

ਕੇਂਦਰ ਕਿੰਨਾ ਪਾਰਟੀਬਾਜ਼ ਤੇ ਬੇਈਮਾਨ ਹੈ, ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਅਚਾਰੀਆ ਸੁਸ਼ੀਲ ਮੁਨੀ ਨੂੰ ਪ੍ਰੋ. ਦਰਸ਼ਨ ਸਿੰਘ ਨਾਲ ਗੱਲਬਾਤ ਕਰਨੀ ਲਈ ਭੇਜਿਆ ਗਿਆ। ਪ੍ਰਭਾਵ ਇਹ ਦਿੱਤਾ ਗਿਆ ਕਿ ਹਰਿਆਣੇ ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਪੰਜਾਬ ਵਿਚ ਸ਼ਾਂਤੀ ਕਾਇਮ ਕਰਨ ਲਈ ਇਕ ਹੋਰ "ਸਮਝੌਤਾ ਹੋਇਆ ਕਿ ਹੋਇਆ।" ਪਰ ਹੁਣ ਇਹ ਭੇਤ ਖੁਲ੍ਹਿਆ ਹੈ ਕਿ ਆਚਾਰੀਆ ਸੁਸ਼ੀਲ ਮੁਨੀ ਤੇ ਪ੍ਰੋ: ਦਰਸ਼ਨ ਸਿੰਘ ਦੀ ਗੱਲਬਾਤ ਸ. ਸੁਰਜੀਤ ਸਿੰਘ ਬਰਨਾਲਾ ਉਤੇ ਦਬਾਓ ਪਾਉਣ ਦੇ ਮਨੋਰਥ ਲਈ ਹੀ ਕਰਵਾਈ ਗਈ, ਤਾਂ ਕਿ ਉਹ ਹਰਿਆਣੇ ਨੂੰ ਵੱਧ ਪਾਣੀ ਦੇਣ ਬਾਰੇ ਇਰਾਡੀ ਟ੍ਰਿਬਿਊਨਲ ਦੀ ਸਿਫਾਰਸ਼ ਮੰਨ ਲੈਣ। ਇਸ ਦਾ ਭਾਵ ਹੈ ਕਿ ਹਰ ਪ੍ਰਕਾਰ ਦੇ ਸਿੱਖ ਨੇਤਾਵਾਂ ਨੂੰ ਕਾਂਗਰਸ ਆਪਣੇ ਸੌੜੇ ਰਾਜਨੀਤਕ ਹਿਤਾਂ ਲਈ ਵਰਤ ਰਹੀ ਹੈ ਤੇ ਇਹ ਨੇਤਾ ਵੇਲੇ ਸਿਰ ਚਲਾਕੀ ਸਮਝਦੇ ਨਹੀਂ। ਸੋ, ਸ. ਬਰਨਾਲਾ ਨੇ ਕੁਝ ਖੱਟਿਆ ਜ਼ਰੂਰ, ਪਰ ਗੁਆਇਆ ਬਹੁਤ ਕੁਝ।

ਬਰਨਾਲਾ ਦਲ ਆਸ਼ਾ ਲਾ ਰਿਹਾ ਹੈ ਕਿ ਹਰਿਆਣੇ ਦੀਆਂ ਚੋਣਾਂ ਪਿਛੋਂ ਸਾਨੂੰ ਸਰਕਾਰ ਬਣਾਉਣ ਦਾ ਫਿਰ ਮੌਕਾ ਮਿਲੇਗਾ। ਸਾਨੂੰ ਇਸ ਦੀ ਆਸ਼ਾ ਨਹੀਂ। ਹਰਿਆਣੇ ਦੀਆਂ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਦੀ ਚੋਣ ਹੈ। ਹੁਣ ਗੱਲਬਾਤ ਪ੍ਰੋ: ਦਰਸ਼ਨ ਸਿੰਘ ਨਾਲ ਅਤੇ ਜੇਲ੍ਹਾਂ ਵਿਚ ਬੈਠੇ ਨੇਤਾਵਾਂ ਨਾਲ ਹੀ ਹੋਵੇਗੀ। ਹਰਿਆਣੇ ਦੇ ਸਿੱਖਾਂ ਦੀਆਂ ਅੱਧੀਆਂ ਪਚੱਧੀਆਂ ਵੋਟਾਂ ਜਿੱਤਣ ਲਈ ਥੋੜ੍ਹੀ ਥੋੜ੍ਹੀ ਗੱਲਬਾਤ ਹੁਣ ਵੀ ਕੀਤੀ ਜਾ ਸਕਦੀ ਹੈ। ਜੋਧਪੁਰ ਦੇ ਕੁਝ ਨਜ਼ਰਬੰਦ ਵੀ ਛੱਡੇ ਜਾ ਸਕਦੇ ਹਨ। ਪਰ ਨਵਾਂ ਸਮਝੌਤਾ ਹਰਿਆਣੇ ਦੀਆਂ ਚੋਣਾਂ ਤੋਂ ਪਹਿਲਾਂ ਨਹੀਂ ਹੋਵੇਗਾ। ਨਵੀਂ ਗੱਲਬਾਤ ਵਿਚ ਵੀ ਸਿੱਖਾਂ ਵਿਚ ਆਪਸੀ ਫੁੱਟ ਪਾਈ ਜਾਵੇਗੀ। ਨਵਾਂ ਸਮਝੌਤਾ ਕਰ ਕੇ ਵੀ ਕੁਝ ਪ੍ਰਾਪਤ ਹੋਵੇਗਾ ਕਿ ਨਹੀਂ, ਕੁਝ ਨਹੀਂ ਕਿਹਾ ਜਾ ਸਕਦਾ।

●ਇਕ ਸੋਹਣੀ ਨਾਰੀ ਹੀਰਾ ਹੈ, ਇਕ ਚੰਗੀ ਨਾਰੀ ਖਜ਼ਾਨਾ।

—ਸ਼ੇਖ ਸਆਦੀ

ਭਾਰਤ ਅਤੇ ਚੀਨ ਸਰਹੱਦੀ ਲੜਾਈ ਤੋਂ ਗੁਰੇਜ਼ ਕਰਨਗੇ

ਬੀਜਿੰਗ — ਚੀਨ ਅਤੇ ਭਾਰਤ ਦੀਆਂ ਸਰਕਾਰਾਂ ਵਲੋਂ ਬੀਜਿੰਗ ਵਿਚ ਹੋਈ ਤਿੰਨ ਦਿਨਾਂ ਦੀ ਗੱਲਬਾਤ ਮਗਰੋਂ ਆਪਣੀਆਂ ਸਰਹੱਦਾਂ ਉਪਰ ਸ਼ਾਂਤੀ ਕਾਇਮ ਰੱਖਣ ਦੀ ਇੱਛਾ ਪ੍ਰਗਟ ਕੀਤੀ ਗਈ ਹੈ। ਪ੍ਰਾਪਤ ਸੂਚਨਾ ਅਨੁਸਾਰ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਪ੍ਰਵਾਨ ਕਰ ਲਿਆ ਹੈ ਕਿ ਬਾਰਡਰ ਦੇ ਝਗੜੇ ਨਿਪਟਾਉਣ ਦੇ ਨਾਲ ਨਾਲ ਹੋਰ ਖੇਤਰਾਂ ਵਿਚ ਵੀ ਆਪਣੇ ਸੰਬੰਧਾਂ ਨੂੰ ਸੁਧਾਰਨਾ ਜ਼ਰੂਰੀ ਹੈ।

ਇਸ ਮੀਟਿੰਗ ਵਿਚ ਭਾਰਤ ਵਲੋਂ ਮਿ: ਨਰਾਇਣ ਦੱਤ ਤਿਵਾੜੀ (ਵਿਦੇਸ਼ ਮੰਤਰੀ) ਆਪਣੇ ਚੀਨੀ ਦੌਰੇ ਸਮੇਂ ਚੀਨੀ ਉਪ-ਪ੍ਰਧਾਨ ਮੰਤਰੀ ਮਿ: ਵਾਕਲੀ ਅਤੇ ਉਪ ਵਿਦੇਸ਼ ਮੰਤਰੀ ਮਿ: ਲਿਉਸ਼ੁਕਿੰਗ ਨਾਲ ਮਿਲੇ। ਮਿ: ਤਿਵਾੜੀ ਦੇ ਰੂਸ ਤੇ ਉਤਰੀ ਕੋਰੀਆ ਤੋਂ ਬਾਦ ਚੀਨੀ ਦੌਰੇ ਨੂੰ ਦੋਵਾਂ ਦੇਸ਼ਾਂ ਦੇ ਸੰਬੰਧਾਂ ਲਈ ਭਵਿਖ ਵਾਸਤੇ ਇਕ ਚੰਗਾ ਸ਼ਗਨ ਸਮਝਿਆ ਗਿਆ ਹੈ। ਆਪਸੀ ਮਾਮਲਿਆਂ ਤੋਂ ਇਲਾਵਾ ਦੱਖਣੀ ਅਫਰੀਕਾ ਦੇ ਅਪਾਰਥਾਈਡ-ਵਿਰੋਧੀ ਸੰਘਰਸ਼ ਲਈ ਵੀ ਸਾਂਝਾ ਰਵੱਈਆ ਅਖਤਿਆਰ ਕਰਨ ਉਪਰ ਦੋਵੇਂ ਦੇਸ਼ ਸਹਿਮਤ ਨੇ।

ਦੋਵਾਂ ਦੇਸ਼ਾਂ ਵਿਚਕਾਰ ਤਿੱਬਤ ਨਾਲ ਲਗਦੇ ਪਹਾੜਾਂ ਦੇ 90,000 ਵਰਗ ਕਿਲੋਮੀਟਰ ਇਲਾਕੇ ਬਾਰੇ ਝਗੜਾ ਹੱਲ ਹੋਣ ਦਾ ਮਸਲਾ ਮੁਖ ਹੈ। ਇਸ ਗੱਲ ਉਪਰ ਵੀ ਵਾਦ ਵਿਵਾਦ ਹੈ ਕਿ ਬ੍ਰਿਟਿਸ਼ ਰਾਜ ਵੇਲੇ 1914 ਤੋਂ ਮੈਕਮੋਹਨ ਦੀ ਖਿੱਚੀ ਹੱਦ ਨੂੰ ਅਧਾਰ ਮੰਨਿਆ ਜਾਵੇ ਕਿ ਨਾ।

ਚੀਨੀ ਏਜੰਸੀ ਦੇ ਸਮਾਚਾਰ ਅਨੁਸਾਰ ਭਾਰਤ ਤੇ ਚੀਨ ਵਿਚਾਲੇ ਕਦੇ ਵੀ ਪੱਕੀ ਸਰਹੱਦੀ ਲਾਈਨ ਨਹੀਂ ਖਿੱਚੀ ਗਈ, ਇਸ ਕਰਕੇ ਝਗੜੇ ਨੂੰ ਇਤਿਹਾਸ ਅਤੇ ਦੋਵਾਂ ਕੌਮਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੱਦੇ ਨਜ਼ਰ ਰੱਖ ਕੇ ਹੀ ਇਹ ਮਸਲਾ ਹੱਲ ਕੀਤਾ ਜਾ ਸਕਦਾ ਹੈ।

ਮਿ: ਤਿਵਾੜੀ ਨੇ ਬੀਜਿੰਗ ਵਿਚ ਪ੍ਰੈਸ ਨੂੰ ਇੱਛਾ ਜ਼ਾਹਰ ਕੀਤੀ ਹੈ ਕਿ ਭਾਰਤ ਪਿਛਲੀਆਂ ਗਲਤ ਫਹਿਮੀਆਂ ਦੂਰ ਕਰਕੇ ਚੀਨ ਨਾਲ ਦੋਸਤਾਨਾ ਸੰਬੰਧਾਂ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਉਨ੍ਹਾਂ ਪੰਜ ਅਸੂਲਾਂ ਅਨੁਸਾਰ ਸਬੰਧਾਂ ਤੇ ਜ਼ੋਰ ਦਿੱਤਾ। ਤਿੱਬਤ ਬਾਰਡਰ ਉਪਰ ਤਨਾਅ ਬਾਰੇ ਉਤਰ ਵਿਚ ਮਿ: ਤਿਵਾੜੀ ਨੇ ਕਿਹਾ ਕਿ ਭਾਰਤੀ ਫੌਜਾਂ ਨੇ ਕੌਮਾਂਤਰੀ ਹੱਦ ਪਾਰ ਨਹੀਂ ਕੀਤੀ ਅਤੇ ਆਪਣੇ ਇਲਾਕੇ ਵਿਚ ਹੀ ਤਾਇਨਾਤ ਹਨ ਇਸ ਦੌਰੇ ਦਾ ਮਸਲੇ ਨੂੰ ਹੱਲ ਕਰਨ ਲਈ ਬੜਾ ਹੀ ਹਾਂ ਪੱਖੀ ਅਤੇ ਉਸਾਰੂ ਅਸਰ ਪਵੇਗਾ।

ਵਸਣ ਸਿੰਘ ਨੂੰ ਪਿਸਤੌਲ ਸਪਲਾਈ ਕਰਨ ਵਾਲੇ ਦੇ ਘਰੋਂ ਤਿੰਨ ਪਾਕੀ ਜਸੂਸ ਗ੍ਰਿਫਤਾਰ

ਜੰਮੂ — ਦੋਵਾਂ ਪਾਸਿਓਂ ਕਾਫੀ ਦੇਰ ਤੱਕ ਗੋਲੀਆਂ ਚਲਾਈਆਂ ਜਾਣ ਪਿਛੋਂ ਪੁਲਸ ਨੇ ਇਥੋਂ ਲੱਗਭਗ 65 ਕਿਲੋਮੀਟਰ ਦੂਰ ਪਿੰਡ ਲਾਬੂਦ ਚੱਕ ਦੇ ਇਕ ਮਕਾਨ ਵਿਚੋਂ ਤਿੰਨ ਪਾਕਿਸਤਾਨੀਆਂ ਨੂੰ ਗ੍ਰਿਫਤਾਰ ਕਰ ਲਿਆ। ਇਹ ਪਿੰਡ ਥਾਣਾ ਹੀਰਾ ਨਗਰ ਦੇ ਇਲਾਕੇ ਵਿਚ ਪੈਂਦਾ ਹੈ। ਪੁਲਸ ਨੂੰ ਉਹਨਾਂ ਕੋਲੋਂ ਇਕ ਕਾਰਬਾਈਨ, ਇਕ ਸਟੇਨ ਗੰਨ ਇਕ ਪਿਸਤੌਲ ਤੇ ਇਕ ਰਿਵਾਲਵਰ ਮਿਲਿਆ ਹੈ। ਇਹ ਸਾਰੇ ਹਥਿਆਰ ਵਿਦੇਸ਼ੀ ਮਾਅਰਕੇ ਦੇ ਹਨ। ਪਾਕਿਸਤਾਨੀ ਵੇਦ ਪ੍ਰਕਾਸ਼ ਨਾਂ ਦੇ ਆਦਮੀ ਦੇ ਘਰ ਠਹਿਰੇ ਹੋਏ ਸਨ। ਇਹਨਾਂ ਪਾਕਿਸਤਾਨੀਆਂ ਨੇ ਜਦੋਂ ਪੁਲਸ ਨੂੰ ਵੇਖਿਆ ਤਾਂ ਉਹਨਾਂ ਨੇ ਮਕਾਨ ਦੇ ਅੰਦਰੋਂ ਫਾਇਰਿੰਗ ਸ਼ੁਰੂ ਕਰ ਦਿੱਤੀ। ਇਹ ਫਾਇਰਿੰਗ ਇਕ ਘੰਟੇ ਤੋਂ ਵੱਧ ਸਮੇਂ ਤੱਕ ਜਾਰੀ ਰਹੀ।

ਡੀ. ਆਈ. ਜੀ. ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਪਾਕਿਸਤਾਨੀਆਂ ਦੇ ਨਾਂ ਹਨ : ਅਫਜ਼ਲ ਕਰੀਮ, ਮੁਹੰਮਦ ਅਨਵਰ ਅਤੇ ਮੁਹੰਮਦ ਅਕਰਮ। ਇਹ ਲਾਹੌਰ ਅਤੇ ਸਿਆਲਕੋਟ ਜ਼ਿਲਿਆਂ ਦੇ ਰਹਿਣ ਵਾਲੇ ਹਨ।

ਗੈਰ ਸਰਕਾਰੀ ਰਿਪੋਰਟ ਅਨੁਸਾਰ ਜਦੋਂ ਪੁਲਸ ਵੇਦ ਪ੍ਰਕਾਸ਼ ਦੇ ਘਰ ਵੱਲ ਗਈ ਤਾਂ ਇਕ ਔਰਤ ਕਾਂਤਾ ਦੇਵੀ ਮਕਾਨ ਨੂੰ ਜੰਦਰਾ ਲਾ ਕੇ ਖਿਸਕ ਗਈ। ਇਥੇ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਉਕਤ ਔਰਤ ਵੇਦ ਪ੍ਰਕਾਸ਼ ਦੀ ਰਖੇਲ ਹੈ ਅਤੇ ਕਾਫੀ ਸੁੰਦਰ ਹੈ ਅਤੇ ਵੇਦ ਪ੍ਰਕਾਸ਼ ਨਾਲ ਅਪਰਾਧ ਪੂਰਨ ਕੰਮ ਵਿਚ ਭਾਈਵਾਲ ਹੈ। ਵੇਦ ਪ੍ਰਕਾਸ਼ ਅਤੇ ਇਹਨਾਂ ਪਾਕਿਸਤਾਨੀਆਂ ਦਾ ਪਾਕਿਸਤਾਨ ਦੀ ਖੁਫੀਆ ਏਜੰਸੀ ਐਫ ਆਈ ਯੂ ਨਾਲ ਵੀ ਸੰਬੰਧ ਹੈ। ਇਹ ਆਦਮੀ ਪੰਜਾਬ ਵਿਚ ਅਤਿਵਾਦੀਆਂ ਨੂੰ ਹਥਿਆਰ ਵੀ ਸਪਲਾਈ ਕਰਦੇ ਰਹੇ ਹਨ।

ਇਕ ਰਿਪੋਰਟ ਅਨੁਸਾਰ ਵੇਦ ਪ੍ਰਕਾਸ਼ ਨੇ ਪਾਕਿਸਤਾਨ ਤੋਂ ਲਗਭਗ ਦੋ ਦਰਜਨ ਪਿਸਤੌਲ ਲਿਆ ਕੇ ਖਾਲਿਸਤਾਨ ਪੰਥਕ ਕਮੇਟੀ ਦੇ ਮੈਂਬਰ ਵਸਣ ਸਿੰਘ ਨੂੰ ਦਿੱਤੇ ਸਨ। ਇਹਨਾਂ ਤਿੰਨਾਂ ਪਾਕਿਸਤਾਨੀਆਂ ਦੀ ਗ੍ਰਿਫਤਾਰੀ ਨੂੰ ਬੜੀ ਮਹੱਤਵਪੂਰਨ ਗੱਲ ਸਮਝਿਆ ਜਾ ਰਿਹਾ ਹੈ ਅਤੇ ਇਸ ਸੰਬੰਧ ਵਿਚ ਅਹਿਮ ਪ੍ਰਗਟਾਵੇ ਹੋਣ ਦੀ ਆਸ ਹੈ।

ਕੌਮੀ ਸੁੱਰਖਿਆ ਐਕਟ ਹੋਰ ਸਖਤ ਬਣਾ ਦਿਤਾ ਗਿਆ

ਨਵੀਂ ਦਿੱਲੀ — ਰਾਸ਼ਟਰਪਤੀ ਨੇ ਇਕ ਆਰਡੀਨੈਂਸ ਉਤੇ ਦਸਖਤ ਕੀਤੇ ਜਿਸ ਨਾਲ ਪੰਜਾਬ ਬਾਰੇ ਨੈਸ਼ਨਲ ਸਕਿਊਰਿਟੀ ਐਕਟ ਵਿਚ ਤਰਮੀਮ ਕਰ ਕੇ ਇਸ ਨੂੰ ਹੋਰ ਸਖਤ ਬਣਾ ਦਿੱਤਾ ਗਿਆ ਹੈ। ਹੁਣ ਕਿਸੇ ਵੀ ਵਿਅਕਤੀ ਨੂੰ ਫੜ ਕੇ ਬਿਨਾਂ ਮੁਕੱਦਮੇ ਦੇ ਦੋ ਸਾਲ ਤੱਕ ਨਜ਼ਰਬੰਦ ਰਖਿਆ ਜਾ ਸਕੇਗਾ। ਇਹ ਹੁਕਮ ਪੰਜਾਬ ਅਤੇ ਚੰਡੀਗੜ੍ਹ ਦੇ ਇਲਾਕਿਆਂ ਵਿਚ ਲਾਗੂ ਹੋਵੇਗਾ ਪਰ ਉਹਨਾਂ ਇਲਾਕਿਆਂ ਵਿਚ ਜਿਹੜੇ ਕਿ ਗੜਬੜ ਵਾਲੇ ਇਲਾਕੇ ਕਰਾਰ ਦਿੱਤੇ ਜਾ ਚੁੱਕੇ ਹਨ।

ਉਮਰ ਕੈਦੀ ਸਰਾਏ ਨੇ ਭੁੱਖ ਹੜਤਾਲ ਖਤਮ ਕਰ ਦਿੱਤੀ

ਲੰਡਨ — ਤਰਸੇਮ ਸਿੰਘ ਤੂਰ ਨੂੰ ਕਤਲ ਕਰਨ ਦਾ ਛਡਯੰਤਰ ਰਚਣ ਦੇ ਕੇਸ ਵਿਚ ਉਮਰ ਕੈਦ ਭੋਗ ਰਹੇ ਸੁਲਖਣ ਸਿੰਘ ਸਰਾਏ ਨੇ 36 ਦਿਨਾਂ ਤੋਂ ਰੱਖੀ ਹੋਈ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ। ਜੇਲ੍ਹ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਸਰਾਏ ਦੀਆਂ ਕੋਈ ਸ਼ਰਤਾਂ ਨਹੀਂ ਮੰਨੀਆਂ। ਸਰਾਏ ਨੇ ਦੇਸੀ ਰੋਟੀ ਤੇ ਰੋਜ਼ ਇਸ਼ਨਾਨ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਹੋਮ ਆਫਿਸ ਨੇ ਕਿਹਾ ਹੈ ਕਿ ਸਰਾਏ ਦੀ ਰੋਜ਼ ਨਹਾਉਣ ਦੀ ਮੰਗ ਨੂੰ ਲੈ ਕੇ ਇਕ ਹੋਰ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਹੈ ਜਿਥੇ ਉਹਨੂੰ ਅਕਸਰ ਇਸ਼ਨਾਨ ਕਰਨ ਦਾ ਮੌਕਾ ਮਿਲ ਜਾਇਗਾ।

6 ਅਤਿਵਾਦੀ ਗ੍ਰਿ.ਫਤਾਰ

ਵੱਡਾ ਹੱਤਿਆਕਾਂਡ ਟਲ ਗਿਆ

ਚੰਡੀਗੜ੍ਹ — ਬਟਾਲਾ ਅਤੇ ਡੇਰਾ ਬਾਬਾ ਨਾਨਕ ਖੇਤਰਾਂ ਵਿਚ ਪੁਲੀਸ ਅਤੇ ਸੀ. ਆਰ. ਪੀ. ਦੀਆਂ ਟੁਕੜੀਆਂ ਨੇ ਅਤਿਵਾਦੀਆਂ ਵਲੋਂ ਵੱਡੀ ਪੱਧਰ ਉਤੇ ਹੱਤਿਆਕਾਂਡ ਦੀ ਸਾਜ਼ਿਸ਼ ਫੇਲ੍ਹ ਕਰ ਦਿਤੀ ਅਤੇ ਟਿਲੀਦਾਸ ਉਰਫ ਜੁਗਿੰਦਰ ਸਿੰਘ ਦੇ ਡੇਰੇ ਉਤੇ ਛਾਪੇ ਮਾਰ ਕੇ ਮੁਕਾਬਲੇ ਤੋਂ ਬਾਦ 6 ਖਤਰਨਾਕ ਅਤਿਵਾਦੀਆਂ ਨੂੰ ਗ੍ਰਿਫਤਾਰ ਕਰ ਲਿਆ। ਇਹਨਾਂ ਪਾਸੋਂ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਵੀ ਮਿਲਿਆ।

ਦੱਸਿਆ ਗਿਆ ਹੈ ਕਿ ਜਦੋਂ ਸੁਰਖਿਆ ਦਸਤਿਆਂ ਨੇ ਡੇਰੇ ਨੂੰ ਘੇਰਾ ਪਾਇਆ ਤਾਂ ਦਹਿਸ਼ਤਪਸੰਦਾਂ ਨੇ ਅਗੋਂ ਫਾਇਰਿੰਗ ਸ਼ੁਰੂ ਕਰ ਦਿੱਤੀ ਅੱਧੇ ਘੰਟੇ ਤੱਕ ਦੋਵਾਂ ਪਾਸੇ ਗੋਲੀਆਂ ਚੱਲੀਆਂ। ਦੋ ਆਦਮੀ ਨਗੀਨਾਂ ਸਿੰਘ (ਕੋਟਲੀ ਸੂਤ ਨਲੀ) ਅਤੇ ਲਖਵਿੰਦਰ ਸਿੰਘ (ਅਕਰਪੁਰੀ) ਹਨੇਰੇ ਵਿਚ ਭੱਜ ਗਏ। ਟਿਲੀਦਾਸ ਉਰਫ ਜੁਗਿੰਦਰ ਸਿੰਘ, ਬਚਿੱਤਰ ਸਿੰਘ (ਕੋਟਲੀ ਸੂਰਤ ਮਲੀ) ਗੁਰਿੰਦਰ ਸਿੰਘ ਰੋਮੀ (ਅਕਰਪੁਰ) ਅਤੇ ਤਰਸੇਮ ਸਿੰਘ (ਵੀਹਲਾ) ਨੂੰ ਗ੍ਰਿਫਤਾਰ ਕਰ ਲਿਆ। ਇਹਨਾਂ ਪਾਸੋਂ 32 ਬੋਰ ਦਾ ਇਕ ਜਰਮਨ ਰੀਵਾਲਵਰ ਬਰਾਮਦ ਕੀਤਾ ਗਿਆ। ਇਹਨਾਂ ਨੇ ਤਿੰਨ ਕਤਲਾਂ ਅਤੇ ਲੁੱਟਮਾਰ ਦੀਆਂ ਕਈ ਘਟਨਾਵਾਂ ਦਾ ਇਕਬਾਲ ਕੀਤਾ ਹੈ ਸੀ. ਆਰ. ਪੀ. ਐਫ ਦੀ 12ਵੀਂ ਬਟਾਲੀਅਨ ਦੀ ਇਕ ਟੁਕੜੀ ਜੋ ਪਿੰਡ ਤਰਸਿਕਾ ਵਿਚ ਨਿਯੁਕਤ ਸੀ ਜਦੋਂ ਗਸ਼ਤ ਉਤੇ ਨਿਕਲੀ ਤਾਂ ਪਿੰਡ ਜੋਧੇ ਨਗਰੀ ਦੇ ਲਾਗੇ ਘਾਤ ਲਾ ਕੇ ਬੈਠੇ ਅਤਿਵਾਦੀਆਂ ਨੇ ਅੰਨ੍ਹੇਵਾਹ ਆਟੋਮੈਟਿਕ ਹਥਿਆਰਾਂ ਨਾਲ ਫਾਇਰਿੰਗ ਕਰ ਦਿੱਤੀ। ਸੁਰੱਖਿਆ ਟੁਕੜੀ ਨੇ ਵੀ ਜਵਾਬੀ ਫਾਇਰਿੰਗ ਕੀਤੀ। ਵੀਹ ਮਿੰਟ ਤੱਕ ਗੋਲੀ ਚੱਲੀ, ਪੁਲੀਸ ਪਾਰਟੀ ਦੇ ਦੋ ਸਿਪਾਹੀ ਮੌਕੇ ਉਤੇ ਮਾਰੇ ਗਏ ਜਦੋਂ ਕਿ ਪੰਜ ਸਿਪਾਹੀ ਜ਼ਖਮੀ ਹੋਏ। ਇਕ ਜ਼ਖਮੀ ਹਵਾਲਦਾਰ ਹਸਪਤਾਲ ਜਾਂਦਿਆਂ ਰਾਹ ਵਿਚ ਹੀ ਦਮ ਤੋੜ ਗਿਆ।

ਚੌਂਕੀਦਾਰ ਹਲਾਕ

ਜਲੰਧਰ — ਕੁਝ ਅਣਪਛਾਤੇ ਵਿਅਕਤੀਆਂ ਨੇ ਮੁਹੱਲਾ ਸੰਤੋਖਪੁਰਾ ਵਿਖੇ ਇਕ ਚੌਂਕੀਦਾਰ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਅਤੇ ਫਰਾਰ ਹੋ ਗਏ। ਪੁਲਸ ਹਲਕਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਚੌਂਕੀਦਾਰ ਗੁਰਨਾਮ ਚੰਦ ਰੋਜ਼ਾਨਾ ਦੀ ਤਰ੍ਹਾਂ ਰਾਤ ਮੁਹੱਲੇ ਵਿਚ ਪਹਿਰਾ ਦੇ ਰਿਹਾ ਸੀ ਕਿ ਰਾਤ ਨੂੰ ਕੁਝ ਦਹਿਸ਼ਤਪਸੰਦਾਂ ਨੇ ਉਸ ਨੂੰ ਗੋਲੀ ਮਾਰਕੇ ਹਲਾਕ ਕਰ ਦਿੱਤਾ। ਮੁਹੱਲੇ ਵਾਲਿਆਂ ਨੇ ਉਕਤ ਮ੍ਰਿਤਕ ਦੀ ਖੂਨ ਨਾਲ ਲਥਪਥ ਲਾਸ਼ ਸੜਕ ਤੇ ਪਈ ਦੇਖੀ ਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਬਰਨਾਲਾ ਰਾਸ਼ਟਰਪਤੀ ਰਾਜ ਦੀਆਂ ਵਧੀਕੀਆਂ ਤੋਂ ਦੁਖੀ

ਛੇਤੀ ਹੀ ਨਵੀਂ ਸਰਕਾਰ ਬਨਾਉਣ ਬਾਰੇ ਆਸਵੰਦ



ਜਲੰਧਰ — ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਨਾਲ ਹਾਲਾਤ ਸੁਧਰੇ ਨਹੀਂ। ਸਗੋਂ ਵਿਗੜੇ ਜਾਪਦੇ ਹਨ। ਅਤਿਵਾਦ ਦੇ ਮੁਕਾਬਲੇ ਉਤੇ ਅਤਿਵਾਦ ਵਧਿਆ ਹੈ। ਜਿਸ ਦਾ ਵਧੇਰੇ ਸ਼ਿਕਾਰ ਸਿੱਖ ਹੋ ਰਹੇ ਹਨ। ਗੁਰਦੁਆਰਾ ਸੈਂਟਰ ਟਾਊਨ ਵਿਚ ਅਰਦਾਸ ਦਿਵਸ ਦੇ ਮੌਕੇ ਤਕਰੀਰ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੀ ਸਦਾ ਹੀ ਨੀਤੀ ਰਹੀ ਹੈ ਕਿ ਉਹ ਚੋਣਾਂ ਜਿੱਤਣ ਲਈ ਬਹੁਗਿਣਤੀ ਦੀਆਂ ਵੋਟਾਂ ਦੀ ਆਸ ਰਖਦੀ ਹੈ ਤੇ ਘੱਟ ਗਿਣਤੀ ਨੂੰ ਨਜ਼ਰਅੰਦਾਜ਼ ਕਰਦੀ ਹੈ।

ਹੁਣ ਹਰਿਆਣੇ ਵਿਚ ਚੋਣਾਂ ਜਿੱਤਣ ਲਈ ਪਹਿਲੇ ਮੇਰੀ ਸਰਕਾਰ ਤੋੜੀ ਗਈ ਹੁਣ ਰਾਸ਼ਟਰਪਤੀ ਰਾਜ ਵਿਚ ਪੰਜਾਬ ਦੇ ਮਸਲੇ ਹੱਲ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਸਮਝੌਤੇ ਨੂੰ ਲਾਗੂ ਨਾ ਕਰਕੇ ਕੇਂਦਰ ਨੇ ਗੈਰ ਜ਼ਿਮੇਂਵਾਰੀ ਦਿਖਾਈ ਹੈ। ਸ: ਬਰਨਾਲਾ ਨੇ ਕਿਹਾ ਕਿ ਇਰਾਡੀ ਕਮਿਸ਼ਨ ਨੇ ਪੰਜਾਬ ਨਾਲ ਧੱਕਾ ਕੀਤਾ ਹੈ। ਪਾਣੀਆਂ ਦੀ ਵੰਡ ਦੇ ਮਾਮਲੇ ਵਿਚ ਕੇਂਦਰ ਪੰਜਾਬ ਦਾ ਗਲ ਘੁਟਣਾ ਚਾਹੁੰਦਾ ਹੈ। ਅਜ ਸਾਨੂੰ ਸਭ ਨੂੰ ਮਿਲ ਕੇ ਕੇਂਦਰ ਦੇ ਧੱਕੇ ਵਿਰੁੱਧ ਆਵਾਜ਼ ਚੁਕਣੀ ਚਾਹੀਦੀ ਹੈ। ਸ: ਬਰਨਾਲਾ ਨੇ ਸਰਹੱਦ ਲਾਗੇ ਸੁਰਖਿਆ ਪੱਟੀ ਬਣਾਏ ਜਾਣ ਦਾ ਵਿਰੋਧ ਕੀਤਾ। ਮੰਡੀਆਂ ਵਿਚ ਕਿਸਾਨਾਂ ਦੇ ਹੋ ਰਹੇ ਨੁਕਸਾਨ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਜੇ ਪੰਜ ਦਿਨਾਂ ਦੇ ਅੰਦਰ ਅੰਦਰ ਸਰਕਾਰ ਨੇ ਕਿਸਾਨਾਂ ਦੀ ਕਣਕ ਦੀ ਖਰੀਦ ਨਾ ਕੀਤੀ ਤਾਂ ਪੰਜਾਬ ਦੇ ਕਿਸਾਨ ਅੰਦੋਲਨ ਸ਼ੁਰੂ ਕਰ ਦੇਣਗੇ।

ਸ਼ਾਇਦ ਸਾਡੀ ਸਰਕਾਰ ਬਣੇ

ਸੰਗਰੂਰ ਜ਼ਿਲਾ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ: ਬਰਨਾਲਾ ਨੇ ਕਿਹਾ ਕਿ ਪੰਜਾਬ ਵਿਚ ਅਤਿਵਾਦ ਕਿਸੇ ਵਲੋਂ ਵੀ ਹੋਵੇ ਉਹ ਮਸਲੇ ਹਲ ਨਹੀਂ ਕਰੇਗਾ ਲੋੜ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕਰਾਉਣ ਦੀ ਹੈ। ਉਹਨਾਂ ਆਸ ਪ੍ਰਗਟ ਕੀਤੀ ਕਿ ਹੋ ਸਕਦਾ ਹੈ ਦੁਬਾਰਾ ਸਾਡੀ ਸਰਕਾਰ ਬਣੇ ਕਿਉਂਕਿ ਰਾਸ਼ਟਰਪਤੀ ਰਾਜ ਥੋੜੇ ਸਮੇਂ ਲਈ ਹੈ। ਜਿਸ ਨਾਲ ਮਸਲੇ ਹੱਲ ਨਹੀਂ ਹੋਏ ਪਰ ਕਾਂਗਰਸ ਨਾਲ ਕੁਲੀਸ਼ਨ ਨਹੀਂ ਬਣਾਵਾਂਗੇ। ਹਰਿਆਣੇ ਦੀਆਂ ਚੋਣਾਂ ਬਾਅਦ ਨਵਾਂ ਮੋੜ ਆਏਗਾ। ਉਹਨਾਂ ਕਿਹਾ — ਮੈਂ ਸਾਬਕਾ ਮੰਤਰੀਆਂ ਦੇ ਅਤਿਵਾਦੀਆਂ ਨਾਲ ਸੰਬੰਧਾਂ ਅਤੇ ਕੁਰਪਸ਼ਨ ਬਾਰੇ ਜਾਂਚ ਲਈ ਤਿਆਰ ਹਾਂ ਪਰ ਜੇਕਰ 1970 ਤੋਂ ਲੈ ਕੇ ਸਾਰੀ ਕੁਰਪਸ਼ਨ ਬਾਰੇ ਪੜਤਾਲ ਹੋਵੇ।

ਸੀ. ਪੀ. ਆਈ. ਵਲੋਂ ਪੁਤਲੀਘਰ 'ਚ ਜਲਸਾ

ਅੰਮ੍ਰਿਤਸਰ — ਸੀ. ਪੀ. ਆਈ. ਵਲੋਂ ਪੁਤਲੀਘਰ ਚੌਂਕ ਵਿਚ ਇਕ ਜਲਸਾ ਕੀਤਾ ਗਿਆ। ਜਲਸੇ ਨੂੰ ਸਾਥੀ ਹੋਮੀ ਦਾਜੀ, ਸਾਬਕਾ ਐਮ. ਪੀ. ਸਕੱਤਰ ਇੰਟਕ, ਸਾਥੀ ਸਤਪਾਲ ਡਾਂਗ, ਸਾਬਕਾ ਵਿਧਾਇਕ ਤੇ ਸਾਥੀ ਪ੍ਰਦੁਮਣ ਸਿੰਘ ਸਕੱਤਰ ਪੰਜਾਬ ਇੰਟਕ ਨੇ ਸੰਬੋਧਨ ਕੀਤਾ। ਸਾਥੀ ਦਾਜੀ ਨੇ ਪੰਜਾਬ ਦੇ ਮਿਹਨਤਕਸ਼ ਤੱਬਕੇ ਨੂੰ ਅਤਿਵਾਦ, ਵੱਖਵਾਦ ਤੇ ਫਿਰਕਾਪ੍ਰਸਤ ਵਿਰੁਧ ਲਗਾਤਾਰ ਲੜਾਈ ਦੇਣ ਲਈ ਵਧਾਈ ਦਿਤੀ। ਸਾਥੀ ਸਤਪਾਲ ਡਾਂਗ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਉਹ ਅਤਿਵਾਦੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਗਲਬਾਤ ਉਨਾ ਚਿਰ ਨਾ ਕਰੇ ਜਿਨਾ ਚਿਰ ਉਹ ਖਾਲਿਸਤਾਨ ਦੀ ਮੰਗ ਤਿਆਗ ਨਹੀਂ ਦਿੰਦੇ ਤੇ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਮਸਲੇ ਦਾ ਹੱਲ ਨਹੀਂ ਕਰਦੇ। ਸਾਥੀ ਪ੍ਰਦੁਮਣ ਸਿੰਘ ਨੇ ਰਾਜੀਵ ਸਰਕਾਰ ਦੇ ਮਜਦੂਰ ਵਿਰੋਧੀ ਬਿਲ ਦੀ ਸਖਤ ਅਲੋਚਨਾ ਕੀਤੀ ਜੋ ਮਜ਼ਦੂਰਾਂ ਦੇ ਹੱਕਾਂ ਉਪਰ ਛਾਪਾ ਹੈ। ਉਹਨਾਂ ਮੰਗ ਕੀਤੀ ਕਿ ਇਹ ਕਾਲੇ ਕਾਨੂੰਨ ਵਾਪਸ ਲਏ ਜਾਣ।

ਹਬੀਬ ਜਾਲਬ ਨੂੰ ਭਾਰਤ ਨਾ ਜਾਣ ਦਿੱਤਾ ਗਿਆ

ਲਾਹੌਰ — ਲਾਹੌਰ ਹਾਈਕੋਰਟ ਨੇ ਹੇਠਲੀ ਅਦਾਲਤ ਦੇ ਸਿੰਗਲ ਬੰਚ ਦੇ ਇਸ ਫੈਸਲੇ ਨੂੰ ਰੱਦ ਕਰ ਦਿੱਤਾ ਹੈ ਜਿਸ ਵਿਚ ਪਾਸਪੋਰਟ ਆਫਿਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਸ਼ਾਇਰ ਹਬੀਬ ਜਾਲਿਬ ਦੇ ਪਾਸਪੋਰਟ ਉਤੇ ਭਾਰਤ ਦਾ ਨਾਂ ਵੀ ਦਰਜ ਕੀਤਾ ਜਾਏ। ਇਸ ਫੈਸਲੇ ਨੂੰ ਮੁਅੱਤਲ ਕਰਨ ਦਾ ਹੁਕਮ ਅਸਿਸਟੈਂਟ ਡਾਇਰੈਕਟਰ ਰਿਜਨਲ ਪਾਸਪੋਰਟ ਆਫਿਸ ਅਤੇ ਗ੍ਰਹਿ ਸੈਕਟਰੀ ਵਲੋਂ ਸਿੰਗਲ ਬੰਚ ਅਦਾਲਤ ਦੇ ਫੈਸਲੇ ਵਿਰੁੱਧ ਕੀਤੀ ਗਈ ਅਪੀਲ ਉਤੇ ਦਿੱਤਾ ਗਿਆ ਹੈ।

ਯਾਦ ਰਹੇ ਪੰਜ ਜੂਨ ਨੂੰ ਨਵੀਂ ਦਿੱਲੀ ਵਿਚ ਸੰਸਾਰ ਪੱਧਰ ਦਾ ਉਰਦੂ ਮੁਸ਼ਾਇਰਾ ਸੀ ਤੇ ਹਬੀਬ ਜਾਲਬ ਨੂੰ ਉਸ ਵਿਚ ਸ਼ਾਮਲ ਹੋਣ ਲਈ ਆਪਣੇ ਪਾਸਪੋਰਟ ਉਤੇ ਭਾਰਤ ਦੀ ਯਾਤਰਾ ਦੀ ਆਗਿਆ ਮੰਗੀ ਸੀ। ਹਾਈ ਕੋਰਟ ਦੇ ਫੈਸਲੇ ਬਾਅਦ ਹਬੀਬ ਜਾਲਬ ਦਿੱਲੀ ਨਹੀਂ ਜਾ ਸਕੇ।

ਵਾਸ਼ਿੰਗਟਨ 'ਚ 1 ਸੌ ਸਿੱਖਾਂ ਦਾ ਮੁਜ਼ਾਹਰਾ

ਅਮਰੀਕੀ ਸੰਸਦ ਮੈਂਬਰਾਂ ਵਲੋਂ ਖਾਲਿਸਤਾਨ ਦਾ ਪੱਖ

ਵਾਸ਼ਿੰਗਟਨ — ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬਲਿਊ ਸਟਾਰ ਅਪਰੇਸ਼ਨ ਦੀ ਤੀਜੀ ਬਰਸੀ ਤੇ 100 ਕੁ ਸਿੱਖਾਂ ਨੇ ਵਾਈਟ ਹਾਊਸ ਨੇੜੇ ਮੁਜ਼ਾਹਰਾ ਕੀਤਾ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਮੁਜ਼ਾਹਰਾਕਾਰੀਆਂ ਨੂੰ ਅਮਰੀਕੀ ਰੀਪਬਲਿਕਨ ਕਾਂਗਰਸ ਦੇ ਕਈ ਮੈਂਬਰਾਂ ਨੇ ਸੰਬੋਧਨ ਕੀਤਾ ਤੇ ਸਿੱਖਾਂ ਬਾਰੇ ਗਲਤ ਪ੍ਰਚਾਰ ਕਰਨ ਤੇ ਹਿੰਦੁਸਤਾਨ ਦੀ ਨਿੰਦਾ ਕੀਤੀ। ਮੁਜ਼ਾਹਰਾ ਕਰ ਰਹੇ ਸਿੱਖ ਨੌਜਵਾਨਾਂ ਵਿਚ ਗੁਰਮੀਤ ਸਿੰਘ ਔਲਖ ਵੀ ਸ਼ਾਮਲ ਸੀ ਜਿਸ ਨੇ ਆਪਣੇ ਭਾਸ਼ਨ ਵਿਚ ਦਾਅਵਾ ਕੀਤਾ ਕਿ ਅਮਰੀਕੀ ਸੰਸਦ ਵਿਚ ਉਹਨਾਂ ਦੇ ਸਮਰਥਕਾਂ ਦੀ ਗਿਣਤੀ ਸੌ ਤੋਂ ਵੱਧ ਗਈ ਹੈ।

ਇਹ ਵੀ ਪਤਾ ਲੱਗਾ ਕਿ ਮੁਜ਼ਾਹਰਾ ਕਰ ਰਹੇ ਸਿੱਖ ਉਸ ਸਮੇਂ ਭੜਕ ਪਏ ਜਦੋਂ ਬਾਲਟੀਮੋਰ ਦੇ ਇਕ ਡਾ. ਅਜੈਬ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਧਰਮ ਨੂੰ ਰਾਜਨੀਤੀ ਨਾਲ ਰਲਗੱਡ ਨਾ ਕਰਨ। ਇਸ ਗੱਲ ਤੇ ਕੁਝ ਨੇ ਉਸਤੋਂ ਮਾਈਕ ਧੂਹ ਕੇ ਹੇਠਾਂ ਲਾਹ ਦਿੱਤਾ। ਇਕ ਹੋਰ ਮੁਜ਼ਾਹਰਾਕਾਰੀ ਨੌਜਵਾਨ ਡਾ. ਨੌਨਿਹਾਲ ਸਿੰਘ ਜਿਹੜਾ ਕਿ ਖਾਲਿਸਤਾਨ ਦਾ ਸਮਰਥਕ ਨਹੀਂ ਉਸ ਨੇ ਕਿਹਾ ਕਿ ਸਿੱਖਾਂ ਨੂੰ ਭਾਰਤ ਵਿਚ ਬਿਨਾਂ ਕਿਸੇ ਦਖਲਅੰਦਾਜ਼ੀ ਦੇ ਆਪਣੇ ਧਰਮ ਅਨੁਸਾਰ ਰਹਿਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਪਰ ਸਿੱਖ ਮੁਜ਼ਾਹਰਾਕਾਰੀਆਂ ਨੂੰ ਅਮਰੀਕੀ ਕਾਂਗਰਸ ਵਲੋਂ ਸਮਰਥਨ ਮਿਲਣਾ ਕੋਈ ਮਾਮੂਲੀ ਗੱਲ ਨਹੀਂ। ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਨੌਰਮੈਨ ਸ਼ਮਵੇ ਨੇ ਕਿਹਾ, "ਮੈਂ ਨਹੀਂ ਸਮਝਦਾ ਕਿ ਇਸ ਵੇਲੇ ਵੱਖਰੇ ਸਿੱਖ ਦੇਸ਼ ਦੇ ਕਾਜ ਲਈ ਲੜਨਾ ਸਭ ਤੋਂ ਵਧੀਆ ਬਦਲ ਹੈ... ਸੰਭਵ ਹੈ ਕਿ ਆਖਰੀ ਹੱਲ ਇਹੋ ਹੋਵੇ ਪਰ ਮੈਂ ਚਾਹੁੰਦਾ ਹਾਂ ਕਿ ਵੱਖਵਾਦੀ ਖਾਲਿਸਤਾਨੀ ਨੀਤੀ ਦਾ ਸਮਰਥਨ ਕਰਨ ਤੋਂ ਪਹਿਲਾਂ ਹੋਰ ਡਿਪਲੋਮੇਟਿਕ ਸਾਧਨ ਨੂੰ ਵਰਤਿਆ ਜਾਏ।'

ਕਮਿਊਨਿਸਟਾਂ ਤੋਂ ਬਿਨਾਂ ਆਪੋਜ਼ੀਸ਼ਨ ਹੈ ਕਿੱਥੇ? — ਸੰਜੀਵਾ ਰੈਡੀ

ਰਾਸ਼ਟਰਪਤੀ ਦੀ ਚੋਣ ਲਈ ਭੱਜ ਦੌੜ ਜ਼ੋਰਾਂ ਉਤੇ

ਨਵੀਂ ਦਿੱਲੀ — ਜਿਉਂ ਜਿਉਂ ਰਾਸ਼ਟਰਪਤੀ ਦੀ ਚੋਣ ਨੇੜੇ ਆ ਰਹੀ ਹੈ ਵਿਰੋਧੀ ਪਾਰਟੀਆਂ ਵਿਚ ਸਰਗਰਮੀ ਵਧਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪਿਛਲੇ ਦਿਨਾਂ ਵਿਚ ਆਪ ਦੀ ਪਾਰਟੀ ਦੇ ਆਗੂਆਂ ਤੋਂ ਬਿਨਾਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਵੀ ਗੱਲ ਕੀਤੀ।

ਰਾਸ਼ਟਰਪਤੀ ਦੀ ਚੋਣ ਦੇ ਸੰਬੰਧ ਵਿਚ ਸਾਬਕਾ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਨੂੰ ਅਖਬਾਰੀ ਨੁਮਾਇੰਦਿਆਂ ਨੇ ਇਕ ਭੇਂਟ ਵਾਰਤਾ ਵਿਚ ਪੁਛਿਆ ਕਿ ਆਪੋਜ਼ੀਸ਼ਨ ਵੀ ਇਕ ਸਾਂਝਾ ਉਮੀਦਵਾਰ ਖੜ੍ਹਾ ਕਰੇਗੀ ਕੀ ਪ੍ਰਧਾਨ ਮੰਤਰੀ ਆਪੋਜ਼ੀਸ਼ਨ ਦੀ ਸਲਾਹ ਲੈਣਗੇ? ਉਤਰ ਵਿਚ ਮਿ. ਰੈਡੀ ਨੇ ਕਿਹਾ ਸੀ. ਪੀ. ਆਈ. ਤੇ ਸੀ. ਪੀ. ਐਮ ਤੋਂ ਸਿਵਾ ਕੋਈ ਆਪੋਜ਼ੀਸ਼ਨ ਹੈ ਹੀ ਕਿੱਥੇ। ਹਰ ਪਾਰਟੀ ਦੋ ਤਿੰਨ ਗਰੁੱਪਾਂ ਵਿਚ ਵੰਡੀ ਹੋਈ ਹੈ। ਗੱਲ ਕਿਸ ਧੜੇ ਨਾਲ ਹੋਵੇ। ਹਾਂ ਪ੍ਰਧਾਨ ਮੰਤਰੀ ਕਮਿਊਨਿਸਟ ਪਾਰਟੀਆਂ ਦੇ ਲੀਡਰ ਮਿ: ਰਾਜੇਸ਼ਵਰ ਰਾਓ ਤੇ ਈ. ਐਮ. ਐਸ. ਨਬੂਦਰੀਪਾਦ ਨਾਲ ਸਲਾਹ ਜ਼ਰੂਰ ਕਰਨਾ ਚਾਹੁੰਦੇ ਹਨ।

ਕਮਿਊਨਿਸਟਾਂ ਦਾ ਸਟੈਂਡ

ਦੋਵਾਂ ਪਾਰਟੀਆਂ ਨੇ ਕਿਹਾ ਹੈ ਕਿ ਰਾਸ਼ਟਰਪਤੀ ਪਦ ਲਈ ਕੋਈ ਗੈਰ ਪਾਰਟੀ ਅਤੇ ਅੱਗੇ ਵਧੂ ਸ਼ਖਸੀਅਤ ਹੀ ਹੋ ਸਕਦੀ ਹੈ। ਜੇ ਪ੍ਰਧਾਨ ਮੰਤਰੀ ਇਸ ਪਾਰਟੀ ਸਾਡੀ ਤੇ ਦੂਸਰੀਆਂ ਪਾਰਟੀਆਂ ਦੀ ਸਲਾਹ ਲੈਂਦੇ ਤਾਂ ਠੀਕ ਸੀ ਪਰ ਹੁਣ ਕਿਉਂਕਿ ਉਹ ਕਾਂਗਰਸ ਦੇ ਕਿਸੇ ਵਿਅਕਤੀ ਨੂੰ ਹੀ ਖੜ੍ਹਾ ਕਰਨਾ ਚਾਹੁੰਦੇ ਹਨ ਇਸ ਲਈ ਆਪੋਜ਼ੀਸ਼ਨ ਪਾਰਟੀਆਂ ਕਿਸੇ ਅਜਿਹੀ ਸ਼ਖਸੀਅਤ ਬਾਰੇ ਸਹਿਮਤ ਹੋਣ ਤਾਂ ਅਸੀਂ ਗੱਲਬਾਤ ਕਰ ਸਕਦੇ ਹਾਂ।

ਸ੍ਰੀ ਰੈਡੀ ਅਨੁਸਾਰ ਪ੍ਰਧਾਨ ਮੰਤਰੀ ਦੇ ਮਨ ਵਿਚ ਚਾਰ ਨਾਂ ਹਨ: ਸ੍ਰੀ ਵੈਂਕਟਾਰਮਨ, ਨਰਸਿਮਹਾ ਰਾਓ, ਬੀ ਸ਼ੰਕਰਾਨੰਦ ਅਤੇ ਸ੍ਰੀਮਤੀ ਮਾਰਗਾਥਮ ਚੰਦਰ ਸ਼ੇਖਰਮ।

ਰਾਜਸੀ ਹਲਕਿਆਂ ਦਾ ਕਹਿਣਾ ਹੈ ਕਿ ਜੇਕਰ ਪ੍ਰਧਾਨ ਮੰਤਰੀ ਹਰਿਆਣੇ ਦੀ ਚੋਣ ਹਾਰ ਗਏ ਤਾਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਲੱਭਣਾ ਉਹਨਾਂ ਲਈ ਮੁਸ਼ਕਲ ਹੋ ਜਾਏਗਾ। ਅਜਿਹੀ ਹਾਲਤ ਵਿਚ ਆਪੋਜ਼ੀਸ਼ਨ ਲਈ ਮੁਕਾਬਲੇ ਉਤੇ ਆਪਣਾ ਉਮੀਦਵਾਰ ਖੜ੍ਹਾ ਕਰਨਾ ਸੰਭਵ ਹੋਵੇਗਾ।

ਅਧਰਮੀ ਅਤਿਵਾਦੀਆਂ ਨਾਲ ਉਸੇ ਬੇਲਿਹਾਜ਼ੀ ਨਾਲ ਨਿਪਟਿਆ ਜਾਏਗਾ — ਰਾਜਪਾਲ

ਜਲੰਧਰ — ਰਾਜਪਾਲ ਪੰਜਾਬ ਸ੍ਰੀ ਐਸ ਐਸ ਰੇਅ ਨੇ ਇਥੇ ਐਲਾਨ ਕੀਤਾ ਕਿ ਬਦੇਸ਼ੀ ਤਾਕਤਾਂ ਦੀ ਮੱਦਦ ਨਾਲ ਭਾਰਤ ਦੀ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਵਾਲੇ ਅਤਿਵਾਦੀਆਂ ਨਾਲ ਫੈਸਲਾਕੁਨ ਲੜਾਈ ਲੜੀ ਜਾਏਗੀ ਤੇ ਕੋਈ ਰੂ-ਰਿਆਇਤ ਨਹੀਂ ਹੋਵੇਗੀ। ਇਹ ਬੰਦੂਕਧਾਰੀ ਲੋਕ ਜੋ ਮਰਜ਼ੀ ਸੋਚਣ ਪਰ ਪੰਜਾਬ ਨੂੰ ਭਾਰਤ ਤੋਂ ਵੱਖ ਨਹੀਂ ਕਰ ਸਕਦੇ। ਭਾਰਤ ਅਤੇ ਭਾਰਤਵਾਸੀਆਂ ਨੂੰ ਪੰਜਾਬ ਉਤੇ ਮਾਣ ਹੈ ਤੇ ਮਾਣ ਰਹੇਗਾ। ਪੰਜਾਬ ਦੀ ਅਤਿਵਾਦ ਦੀ ਬੀਮਾਰੀ ਪੁਰਾਣੀ ਹੈ ਇਸ ਨੂੰ ਠੀਕ ਹੋਣ 'ਚ ਦੇਰ ਵੀ ਲੱਗ ਸਕਦੀ ਹੈ ਪਰ ਕਈ ਵਾਰ ਬਿਮਾਰੀ ਜਦੋਂ ਖਾਤਮੇ ਨੇੜੇ ਪਹੁੰਚਦੀ ਹੈ ਤਾਂ ਰੰਗ ਦਿਖਾਂਦੀ ਹੈ। ਉਹਨਾਂ ਪੰਜਾਬ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਿੱਤ ਲੋਕਾਂ ਦੀ ਹੀ ਹੋਣੀ ਹੈ। ਅਤਿਵਾਦੀਆਂ ਦੀ ਨਹੀਂ।

ਉਹਨਾਂ ਕਿਹਾ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਤੋੜਨਾ ਠੀਕ ਨਹੀਂ ਪਰ ਸਰਕਾਰ ਸਮੇਂ ਪਿੰਡਾਂ ਵਿਚ ਪ੍ਰਸ਼ਾਸਨ ਨਾਂ ਦੀ ਕੋਈ ਚੀਜ਼ ਬਾਕੀ ਨਹੀਂ ਸੀ ਰਹੀ। ਜਿਸ ਕਾਰਨ ਰਾਸ਼ਟਰਪਤੀ ਰਾਜ ਲਾਗੂ ਕਰਨਾ ਪਿਆ। ਯਾਦ ਰੱਖਣਾ ਚਾਹੀਦਾ ਹੈ ਕਿ ਹੱਤਿਆ ਕਰਨ ਵਾਲੇ ਦਾ ਕੋਈ ਧਰਮ ਨਹੀਂ ਹੁੰਦਾ। ਇਸ ਲਈ ਸਰਕਾਤ ਵੀ ਉਸ ਨਾਲ ਹਤਿਆਰੇ ਵਾਂਗ ਹੀ ਨਜਿੱਠੇਗੀ।

ਸਮਗਲਰਾਂ ਵਿਰੁੱਧ ਐਕਸ਼ਨ

ਜਲੰਧਰ ਦੇ ਅਖਬਾਰਾਂ ਨੂੰ ਤਾੜਨਾ

ਜਲੰਧਰ — ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਮਿ. ਰਿਬੈਰੋ ਨੇ ਪੰਜਾਬ ਖਾਸ ਕਰਕੇ ਜਲੰਧਰ ਦੇ ਪ੍ਰੈਸ ਨੂੰ ਸਲਾਹ ਦਿੱਤੀ ਹੈ ਕਿ ਉਹ ਪੰਜਾਬ ਵਿਚ ਅਮਨ ਕਾਇਮ ਰੱਖਣ ਲਈ ਸਹਿਯੋਗ ਦੇਣ ਅਤੇ ਅਜਿਹੀਆਂ ਖਬਰਾਂ ਨਾ ਦੇਣ ਜਿਸ ਨਾਲ ਅਤਿਵਾਦੀਆਂ ਨੂੰ ਸ਼ਹਿ ਮਿਲੇ ਅਤੇ ਲੋਕਾਂ ਦਾ ਭਰੋਸਾ ਟੁੱਟੇ।

ਇਸੇ ਸਮੇਂ ਪੰਜਾਬ ਵਿਚ ਸਮਗਲਰਾਂ ਅਤਿਵਾਦੀਆਂ ਨੂੰ ਸ਼ਰਨ ਦੇਣ ਵਾਲਿਆਂ ਅਤੇ ਹਥਿਆਰ ਤੇ ਮਾਲੀ ਸਹਾਇਤਾ ਦੇਣ ਵਾਲਿਆਂ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ। 35 ਸਮਗਲਰਾਂ ਤੇ ਸਮਾਜ ਦੁਸ਼ਮਣ ਲੋਕਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ। ਜਿਹਨਾਂ ਵਿਚੋਂ ਛੇ ਫੜੇ ਗਏ ਹਨ। ਕੁਝ ਫਰਾਰ ਹਨ। ਬਟਾਲਾ ਲਾਗੇ ਸਰਹੱਦ ਵਾਲੇ ਪਾਸੇ ਪੁਲਸ ਨੇ ਮੁਕਾਬਲੇ ਤੋਂ ਬਾਅਦ ਤਿੰਨ ਅਤਿਵਾਦੀਆਂ ਨੂੰ ਕਾਬੂ ਕਰ ਲਿਆ।

ਰਛਪਾਲ ਸਿੰਘ ਵਲੋਂ ਖਾਲਿਸਤਾਨੀ ਝੰਡੇ ਲਹਿਰਾਏ ਜਾਣ ਦੀ ਨਿਖੇਧੀ

ਨਵੀਂ ਦਿੱਲੀ — ਸ਼ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਰਛਪਾਲ ਸਿੰਘ ਨੇ ਕੁਝ ਵਿਅਕਤੀਆਂ ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਖਾਲਿਸਤਾਨੀ ਝੰਡੇ ਲਹਿਰਾਏ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਕਾਰਵਾਈ ਨਾਲ ਨਾ ਕੇਵਲ ਸਿਖ ਪੰਥ ਦੇ ਸਗੋਂ ਸਮੁੱਚੇ ਦੇਸ਼ ਦੇ ਹਿਤਾਂ ਨੂੰ ਭਾਰੀ ਨੁਕਸਾਨ ਪੁਜੇਗਾ। ਉਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਗੁਰਚਰਨ ਸਿੰਘ ਟੌਹੜਾ ਸਮੇਤ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ।

ਸੁੱਖੇ ਤੇ ਗਿੱਲ ਨੂੰ ਅਮਰੀਕਾ ਤੋਂ ਲਿਆਣ ਲਈ ਸੀ. ਬੀ. ਆਈ. ਟੀਮ ਵਾਸ਼ਿੰਗਟਨ ਜਾਏਗੀ

ਨਿਊਯਾਰਕ — ਜਨਰਲ ਵੈਦਯਾ ਅਤੇ ਲਲਿਤ ਮਾਕਨ ਦੇ ਕਤਲਾਂ ਦੇ ਦੋਸ਼ ਵਿਚ ਅਮਰੀਕਾ ਸਰਕਾਰ ਵਲੋਂ ਫੜੇ ਗਏ ਦੋ ਕਥਿਤ ਦੋਸ਼ੀਆਂ ਸੁਖਵਿੰਦਰ ਸਿੰਘ ਉਰਫ ਸੁੱਖਾ ਅਤੇ ਰਣਜੀਤ ਸਿੰਘ ਗਿੱਲ ਨੂੰ ਭਾਰਤ ਲਿਆਉਣ ਲਈ ਭਾਰਤ ਸਰਕਾਰ ਨੇ ਨਿਊ ਜਰਸੀ ਦੀ ਅਦਾਲਤ ਵਿਚ ਅਮਰੀਕੀ ਵਕੀਲਾਂ ਰਾਹੀਂ ਕੇਸ ਦੀ ਪੈਰਵੀ ਕਰਨ ਦਾ ਫੈਸਲਾ ਕੀਤਾ ਹੈ। ਸੀ. ਬੀ. ਆਈ. ਭਾਰਤ ਦੀ ਇਕ ਟੀਮ ਜਲਦੀ ਹੀ ਅਮਰੀਕਾ ਜਾ ਰਹੀ ਹੈ ਜੋ ਭਾਰਤ ਵਲੋਂ ਕੀਤੇ ਵਕੀਲਾਂ ਨੂੰ ਮੁਲਾਜ਼ਮਾਂ ਸੰਬੰਧੀ ਪੂਰੀ ਰੀਪੋਰਟ ਦੇ ਸਕੇ।

ਸੀ. ਬੀ. ਆਈ. ਨੇ ਬਹੁਤ ਪਹਿਲਾਂ ਇਹ ਪਤਾ ਕਰ ਲਿਆ ਸੀ ਕਿ ਇਹ ਦੋਵੇਂ ਦੋਸ਼ੀ ਅਮਰੀਕਾ ਪਹੁੰਚ ਚੁੱਕੇ ਹਨ ਜਿਹਨਾਂ ਉਤੇ ਭਾਰਤ ਵਿਚ ਅਨੇਕਾਂ ਹੋਰ ਕਤਲਾਂ ਤੇ ਡਾਕਿਆਂ ਦੇ ਦੋਸ਼ ਵੀ ਹਨ। ਭਾਰਤ ਸਰਕਾਰ ਨੇ ਅਮਰੀਕੀ ਅਧਿਕਾਰੀਆਂ ਉਤੇ ਇਹਨਾਂ ਦੀ ਗ੍ਰਿਫਤਾਰੀ ਲਈ ਜ਼ੋਰ ਪਾਇਆ। ਦਿੱਲੀ ਵਿਚ ਦੱਸਿਆ ਗਿਆ ਕਿ ਅਮਰੀਕੀ ਗੁਪਤ ਏਜੰਸੀ ਐਫ ਬੀ ਆਈ ਨੇ ਪਹਿਲੇ ਕੁਝ ਯਤਨ ਕੀਤੇ ਪਰ ਬਾਅਦ ਮੁਲਾਜ਼ਮਾਂ ਦੇ ਇਕ ਖਾਸ ਵਿਅਕਤੀ ਦੇ ਸੀ ਆਈ ਏ ਨਾਲ ਸੰਬੰਧ ਹੋਣ ਕਾਰਨ ਐਫ ਬੀ ਆਈ ਨੇ ਧਿਆਨ ਦੇਣਾ ਛੱਡ ਦਿਤਾ। ਪਰ ਭਾਰਤ ਸਰਕਾਰ ਨੇ ਸਿਆਸੀ ਅਤੇ ਸਰਕਾਰੀ ਪੱਧਰ ਉਤੇ ਅਮਰੀਕਾ ਸਰਕਾਰ ਉਤੇ ਜ਼ੋਰ ਪਾਇਆ। ਵਿਦੇਸ਼ ਰਾਜ ਮੰਤਰੀ ਨਟਵਰ ਸਿੰਘ ਵਾਸ਼ਿੰਗਟਨ ਜਾ ਕੇ ਸਰਕਾਰੀ ਮੁਖੀਆਂ ਨੂੰ ਮਿਲੇ। ਇਸ ਤੋਂ ਬਾਅਦ ਦੋਵੇਂ ਦੋਸ਼ੀ ਇਕ ਪੈਟਰੋਲ ਪੰਪ ਤੋਂ ਫੜੇ ਗਏ। ਹੁਣ ਅਦਾਲਤ ਇਹ ਫੈਸਲਾ ਕਰੇਗੀ ਕਿ ਅਮਰੀਕਾ ਵਿਚ ਰਹਿ ਰਹੇ ਇਹਨਾਂ ਦੋ ਬੰਦਿਆਂ ਨੂੰ ਭਾਰਤ ਸਰਕਾਰ ਹਵਾਲੇ ਕੀਤਾ ਜਾ ਸਕਦਾ ਹੈ ਜਾਂ ਨਹੀਂ। ਜੇ ਕੀਤਾ ਜਾ ਸਕਦਾ ਹੈ ਤਾਂ ਕਿਸ ਆਧਾਰ ਉਤੇ।

ਪਰ ਇਹ ਗੁਫਾਵਾਂ, ਪੱਥਰ ਸਿਲਾਵਾਂ
ਕਿਸੇ ਤ੍ਰੀਮਤ ਤਾਂ ਨਹ" ਘੜੀਆਂ
ਜਿਨਸੀ ਭੁੱਖਾਂ ਔਰਤ ਦੇ ਅੰਗਾਂ ਵਿਚ ਭਰਦੇ

ਸ੍ਰੀ ਲੰਕਾ ਵਲੋਂ ਪਾਕਿਸਤਾਨ ਨਾਲ ਕੀਤਾ ਕੋਈ ਵੀ ਫੌਜੀ ਸਮਝੌਤਾ ਭਾਰਤ ਲਈ ਖਤਰਾ ਹੋਵੇਗਾ ਤੇ ਭਾਰਤ ਫੌਰੀ ਕਾਰਵਾਈ ਕਰੇਗਾ

ਨਵੀਂ ਦਿੱਲੀ — ਭਾਰਤ ਨੇ ਆਪਣੇ ਜੰਗੀ ਜਹਾਜ਼ਾਂ ਦੀ ਕਮਾਨ ਹੇਠਾਂ ਸ੍ਰੀ ਲੰਕਾ ਵਿਚ ਜਾਫਨਾ ਦੇ ਸਥਾਨ ਉਤੇ ਤਾਮਿਲ ਸ਼ਰਨਾਰਥੀਆਂ ਦੀ ਸਹਾਇਤਾ ਲਈ ਖੁਰਾਕ ਸੁਟਣ ਤੋਂ ਬਾਅਦ ਸ੍ਰੀ ਲੰਕਾ ਸਰਕਾਰ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਨਾ ਚਾਹਿਆ ਤਾਂ ਜੋ ਸੁਲਾਹ ਸਫਾਈ ਅਤੇ ਸ੍ਰੀ ਲੰਕਾ ਸਰਕਾਰ ਦੀ ਮਰਜ਼ੀ ਅਨੁਸਾਰ ਤਾਮਿਲਾਂ ਨੂੰ ਹੋਰ ਖੁਰਾਕ ਭੇਜੀ ਜਾ ਸਕੇ। ਪਰ ਖਬਰਾਂ ਹਨ ਕਿ ਸ੍ਰੀ ਲੰਕਾ ਸਰਕਾਰ ਨੇ ਭਾਰਤ ਵਿਰੋਧੀ ਪ੍ਰਾਪੇਗੰਡਾ ਮੁਹਿਮ ਤੇਜ਼ ਕਰ ਦਿੱਤੀ ਹੈ।

ਭਾਰਤ ਵੱਲੋਂ ਖੁਰਾਕ ਸੁਟਣ ਦੀ ਘਟਨਾ ਨੂੰ ਪ੍ਰਧਾਨ ਵਰਧਨ ਨੇ ਸ੍ਰੀ ਲੰਕਾ ਦੇ ਮਾਮਲਿਆਂ ਵਿਚ ਘਿਨਾਉਣਾ ਦਖਲ ਕਰਾਰ ਦਿੱਤਾ ਹੈ ਤੇ ਇਸ ਵਿਰੁੱਧ ਪਾਕਿਸਤਾਨ, ਬੰਗਲਾ ਦੇਸ਼, ਭੁਟਾਨ ਤੇ ਨੈਪਾਲ ਤੋਂ ਸਹਾਇਤਾ ਦੀ ਮੰਗ ਕੀਤੀ ਹੈ। ਸ੍ਰੀ ਲੰਕਾ ਸਰਕਾਰ ਨੇ ਇਹ ਮਾਮਲਾ ਸੰਯੁਕਤ ਰਾਸ਼ਟਰ ਵਿਚ ਉਠਾਣ ਦਾ ਯਤਨ ਕੀਤਾ ਹੈ।

ਪੱਛਮੀ ਪ੍ਰੈਸ ਨੇ ਇਹ ਖਬਰਾਂ ਵੀ ਦਿੱਤੀਆਂ ਹਨ ਕਿ ਸ੍ਰੀ ਲੰਕਾ ਭਾਰਤ ਸਰਕਾਰ ਦੀਆਂ ਵਧੀਕੀਆਂ ਵਿਰੁੱਧ ਪਾਕਿਸਤਾਨ ਪਾਸੋਂ ਫੌਜੀ ਤੇ ਆਰਥਕ ਸਹਾਇਤਾ ਮੰਗੇਗਾ। ਕੁਲੰਬੋ ਦੇ ਹਵਾਲਿਆਂ ਨਾਲ ਬਰਤਾਨੀਆਂ ਦੇ ਅਖਬਾਰਾਂ ਨੇ ਕਿਹਾ ਹੈ ਕਿ ਸ੍ਰੀ ਲੰਕਾ ਸਰਕਾਰ ਪਰੋਗਰਾਮ ਬਣਾ ਰਹੀ ਹੈ ਕਿ ਭਾਰਤ ਵਲੋਂ ਕਿਸੇ ਹਵਾਈ ਸਰਹੱਦੀ ਉਲੰਘਣਾ ਦੀ ਰੋਕ ਲਈ ਪਾਕਿਸਤਾਨ ਨਾਲ ਮਿਲਕੇ ਸਾਂਝੀ ਸੁਰਖਿਆ ਫੋਰਸ ਕਾਇਮ ਕੀਤੀ ਜਾਵੇ। ਇਸ ਤੋਂ ਪਹਿਲੇ ਵੀ ਪਾਕਿਸਤਾਨ ਸ੍ਰੀ ਲੰਕਾ ਦੀ ਨੇਵੀ ਅਤੇ ਹਵਾਈ ਸੈਨਾ ਦੀ ਟਰੇਨਿੰਗ ਵਿਚ ਅਹਿਮ ਰੋਲ ਅਦਾ ਕਰ ਰਿਹਾ ਹੈ। ਪਰ ਜੇਕਰ ਸ੍ਰੀ ਲੰਕਾ ਨੇ ਨਵੀਨ ਕਿਸਮ ਦੀ ਹਵਾਈ ਸੁਰਖਿਆ ਮੰਗੀ ਤਾਂ ਪਾਕਿਸਤਾਨ ਵਲੋਂ ਹਾਂ ਕਰਨ ਤੋਂ ਪਹਿਲਾਂ ਉਸਨੂੰ ਅਮਰੀਕਾ ਪਾਸੋਂ ਆਗਿਆ ਲੈਣੀ ਪਏਗੀ। ਪਾਕਿਸਤਾਨ ਹੀ ਅਜਿਹਾ ਦੇਸ਼ ਹੈ ਜਿਸ ਨੇ 'ਸਾਰਕ' ਦੇਸ਼ਾਂ ਵਿਚ ਸਭ ਤੋਂ ਪਹਿਲਾਂ ਅਤੇ ਵਧੇਰੇ ਜ਼ੋਰ ਨਾਲ ਭਾਰਤੀ ਐਕਸ਼ਨ ਦੀ ਅਲੋਚਨਾ ਕੀਤੀ ਹੈ ਤੇ ਸ੍ਰੀ ਲੰਕਾ ਦੀ ਹਮਾਇਤ ਕੀਤੀ ਹੈ।

ਸ੍ਰੀ ਲੰਕਾ ਦੇ ਨਵੇਂ ਹਮਲੇ

ਭਾਰਤੀ ਐਕਸ਼ਨ ਤੋਂ ਬਾਅਦ ਸ੍ਰੀ ਲੰਕਾ ਸਰਕਾਰ ਨੇ ਤਾਮਿਲਾਂ ਦੇ ਹੋਰ ਗੜ੍ਹਾਂ ਉਤੇ ਬੰਬਾਰੀ ਕੀਤੀ ਹੈ। ਵਾਲੀਗਾਮਾਮਨ ਵਿਚ ਫੌਜੀ ਹਮਲੇ ਸਮੇਂ 25 ਤੋਂ ਵੱਧ ਤਾਮਿਲ ਵਾਸੀ ਮਾਰੇ ਗਏ। ਪੇਨਿਨਸੁਲਾ ਜਿਸ ਦੇ ਇਕ ਵੱਡੇ ਹਿੱਸੇ ਉਤੇ ਤਾਮਿਲ ਬਾਗੀਆਂ ਦਾ ਕਬਜ਼ਾ ਹੈ ਨੂੰ ਪੂਰੀ ਤਰ੍ਹਾਂ ਤਾਮਿਲਾਂ ਤੋਂ ਆਜ਼ਾਦ ਕਰਾਉਣ ਲਈ ਸ੍ਰੀ ਲੰਕਾ ਸਰਕਾਰ ਨੇ ਹਮਲਾ ਕੀਤਾ ਅਤੇ ਇਹ ਕਾਰਵਾਈ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਉਹਨਾਂ ਹੋਰ ਵੀ ਕਈ ਠਿਕਾਣਿਆਂ ਉਤੇ ਹਮਲੇ ਕੀਤੇ।

ਭਾਰਤ ਸਰਕਾਰ ਨੇ ਕਿਹਾ ਹੈ ਕਿ ਉਹ ਸ੍ਰੀ ਲੰਕਾ ਨਾਲ ਸੰਬੰਧ ਵਿਗਾੜਨ ਨਹੀਂ ਦੇਣਾ ਚਾਹੁੰਦਾ। ਜੇਕਰ ਲੰਕਾ ਸਰਕਾਰ ਭਾਰਤ ਦੀਆਂ ਰਸਦਾਂ ਨਾਲ ਭਰੀਆਂ 20 ਕਿਸ਼ਤੀਆਂ ਨੂੰ ਤਾਮਿਲਾਂ ਤੱਕ ਪੁਜਣ ਦੇਂਦਾ ਤਾਂ ਭਾਰਤ ਨੂੰ ਹਵਾਈ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਸੀ। ਹੁਣ ਵੀ ਭਾਰਤ ਹੋਰ ਮੱਦਦ ਭੇਜਣਾ ਚਾਹੁੰਦਾ ਹੈ ਤੇ ਲੰਕਾ ਸਰਕਾਰ ਦੀ ਸਹਾਇਤਾ ਚਾਹੁੰਦਾ ਹੈ।

ਰਾਜਧਾਨੀ ਦੇ ਹਲਕਿਆਂ ਅਨੁਸਾਰ ਜੇਕਰ ਸ੍ਰੀ ਲੰਕਾ ਸਰਕਾਰ ਨੇ ਆਉਣ ਵਾਲੇ ਦਿਨਾਂ ਵਿਚ ਪਾਕਿਸਤਾਨ ਨਾਲ ਕੋਈ ਫੌਜੀ ਸਮਝੌਤਾ ਕੀਤਾ ਭਾਰਤ ਵਲੋਂ ਵੀ ਕੋਈ ਸਖਤ ਕਦਮ ਉਠਾਇਆ ਜਾਵੇਗਾ।

ਰਣਧੀਰ ਸਿੰਘ ਚੀਮਾ ਲੌਂਗੋਵਾਲ ਦਲ ਛੱਡ ਗਿਆ

ਚੰਡੀਗੜ੍ਹ — ਬਰਨਾਲਾ ਸਰਕਾਰ ਦੇ ਸਾਬਕ ਮੰਤਰੀ ਰਣਧੀਰ ਸਿੰਘ ਚੀਮਾ ਨੇ ਸੰਤ ਲੌਂਗੋਵਾਲ ਅਕਾਲੀ ਦਲ ਤੋਂ ਅਸਤੀਫਾ ਦੇ ਕੇ ਆਪਣੀ ਸੇਵਾ ਸਿੰਘ ਸਾਹਿਬ ਗਿਆਨੀ ਦਰਸ਼ਨ ਸਿੰਘ ਨੂੰ ਪੇਸ਼ ਕਰ ਦਿੱਤੀ ਹੈ। ਦੱਸਿਆ ਜਾਂਦਾ ਹੈ ਕਿ ਉਹ ਆਪਣੇ ਨਾਲ ਕਾਫੀ ਗਿਣਤੀ ਵਿਚ ਸਿੰਘਾਂ ਨੂੰ ਲੈ ਕੇ ਗਏ ਹਨ। ਚੀਮੇ ਨੇ ਸ: ਬਰਨਾਲਾ ਨੂੰ ਵੀ ਅਜਿਹਾ ਕਰਨ ਦੀ ਸਲਾਹ ਦਿਤੀ ਅਤੇ ਕਿਹਾ ਹੈ ਕਿ ਉਹਨਾਂ ਨੂੰ ਅਕਾਲ ਤਖਤ ਨਾਲ ਟਕਰਾਉਣਾ ਛੱਡ ਦੇਣਾ ਚਾਹੀਦਾ ਹੈ ਜਾਂ ਫਿਰ ਅਕਾਲ ਤਖਤ ਉਤੇ ਪੇਸ਼ ਹੋ ਕੇ ਗਲਤੀ ਮਾਫ ਕਰਾਉਣੀ ਚਾਹੀਦੀ ਹੈ। ਇਸ ਤਰ੍ਹਾਂ ਸਾਰੇ ਅਕਾਲੀਆਂ ਨੂੰ ਇਕ ਪਲੈਟਫਾਰਮ ਉਤੇ ਆ ਜਾਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਅਪੀਲ ਕਰਦਿਆਂ ਚੀਮਾ ਨੇ ਕਿਹਾ ਕਿ ਉਹਨਾਂ ਨੂੰ ਇਕ ਦੁੱਕਾ ਅਕਾਲੀਆਂ ਜਾਂ ਗਰੁੱਪਾਂ ਨਾਲ ਗੱਲਬਾਤ ਨਹੀਂ ਕਰਨੀ ਚਾਹੀਦੀ ਸਾਰੇ ਅਕਾਲੀਆਂ ਨੂੰ ਇਕਮੁੱਠ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ ਇਸ ਸੂਰਤ ਵਿਚ ਜੋ ਵੀ ਹੱਲ ਹੋਵੇ ਸਭ ਨੂੰ ਮਨਜ਼ੂਰ ਹੋਣਾ ਚਾਹੀਦਾ।

ਪੰਜਾਬ ਇਤਿਹਾਸ ਦੇ ਸੋਮੇ

ਸ.ਪ.ਸਿੰਘ ਭਾਟੀਆ

ਜੇਕਰ ਪੰਜਾਬ ਦੇ ਸਮੁੱਚੇ ਇਤਿਹਾਸ ਦਾ ਸਰਵੇਖਣ ਕੀਤਾ ਜਾਵੇ ਤਾਂ ਹੁਣ ਤੱਕ ਇਸਨੂੰ ਨੌ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ।

ਪਹਿਲਾ ਕਾਲ:—ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲੋਂ ਦਾ ਹੈ। ਇਸ ਕਾਲ ਬਾਰੇ ਇਤਿਹਾਸਕਾਰਾਂ ਕੋਲ ਬਹੁਤਾ ਮਸਾਲਾ ਨਹੀਂ। ਇਸ ਬਾਰੇ ਕੇਵਲ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਪੰਜਾਬ ਉਤੇ ਸਿੰਧ ਘਾਟੀ ਦੀ ਸਭਿਅਤਾ ਦਾ ਅਸਰ ਸੀ। ਇਹ ਕਾਲ ਕੇਵਲ 1500 ਪੂ.ਈ.ਤੱਕ ਮੰਨਿਆ ਜਾਂਦਾ ਹੈ।

ਦੂਸਰਾ ਕਾਲ:—"ਆਰੀਆ"ਜਾਂ "ਰਿਗ ਵੈਦਿਕ"ਸਭਿਅਤਾ ਦਾ ਹੈ। ਇਸਦਾ ਸਮਾਂ 1500 ਪੂ.ਈ.ਤੋਂ 326 ਪੂ.ਈ. ਤੱਕ ਦਾ ਹੈ।

ਤੀਸਰੇ ਕਾਲ: —ਦਾ ਪਸਾਰਾ ਮੁਸਲਮਾਨਾਂ ਦੇ ਹੱਲਿਆਂ ਤੱਕ ਜਾ ਪਹੁੰਚਦਾ ਹੈ। ਇਸਦੀ ਹੱਦ 1000 ਈ.ਤੱਕ ਮਿਥੀ ਜਾ ਸਕਦੀ ਹੈ।

ਚੌਥਾ ਕਾਲ:—1000 ਈ.ਤੋਂ 1526 ਈ.ਤੱਕ ਦਾ ਹੈ ਜਿਸ ਵਿਚ ਮੁਸਲਮਾਨ ਸੁਲਤਾਨਾਂ ਨੇ ਪੰਜਾਬ ਉਤੇ ਰਾਜ ਕੀਤਾ।

ਪੰਜਵਾਂ ਕਾਲ:—"ਮੁਗਲ ਕਾਲ"ਜਾਂ "ਗੁਰੂ ਕਾਲ"ਕਿਹਾ ਜਾ ਸਕਦਾ ਹੈ। ਸਿਖ ਗੁਰੂ ਮੁਗਲ ਬਾਦਸ਼ਾਹਾਂ ਦੇ ਸਮਕਾਲੀ ਸਨ। ਇਹ ਕਾਲ 1526 ਈ.ਤੋਂ 1707 ਈ.ਤੱਕ ਦਾ ਹੈ। ਇਸੇ ਕਾਲ ਵਿਚ ਸਿਖ ਧਰਮ ਦਾ ਵਿਕਾਸ ਹੋਇਆ।

ਛੇਵਾਂ ਕਾਲ:—ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ (1708ਈ.) ਤੋਂ ਲੈ ਕੇ 1767 ਈ.ਤੱਕ ਦਾ ਹੈ। ਇਸ ਕਾਲ ਵਿਚ ਸਿਖਾਂ ਉਤੇ ਅਕਹਿ ਤੇ ਅਸਿਹ ਜ਼ੁਲਮ ਹੋਏ। ਉਨ੍ਹਾਂ ਨੇ ਬੜੀ ਸੂਰਮਗਤੀ ਨਾਲ ਜ਼ੁਲਮਾਂ ਦਾ ਟਾਕਰਾ ਵੀ ਕੀਤਾ ਤੇ ਮੁਗਲਾਂ,ਅਫਗਾਨਾਂ,ਮਰਹੱਟਿਆਂ ਤੇ ਸਿੱਖਾਂ ਵਿਚਕਾਰ ਚੌਕੋਣੀ ਲੜਾਈ ਵਿਚ ਜਿੱਤ ਵੀ ਪ੍ਰਾਪਤ ਕੀਤੀ।

ਸੱਤਵੇਂ ਕਾਲ:—ਦਾ ਸਮਾਂ 1799 ਈ.ਤੋਂ 1839 ਈ.ਤੱਕ ਦਾ ਹੈ। ਇਸ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਵਧੇਰੇ ਭਾਗ ਉਤੇ ਕਬਜ਼ਾ ਕਰਕੇ ਰਾਜ ਕੀਤਾ।

ਅੱਠਵਾਂ ਕਾਲ:—1839 ਈ.ਤੋਂ 1947 ਈ.ਤੱਕ ਦਾ ਹੈ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਪਿਛੋਂ ਪੰਜਾਬ ਦੀ ਐਸੀ ਅਧੋਗਤੀ ਹੋਈ ਕਿ ਪਹਿਲਾਂ ਇਸ ਉਤੇ ਅੰਗਰੇਜ਼ਾਂ ਨੇ ਅਧਿਕਾਰ ਜਮ੍ਹਾਂ ਲਿਆ ਤੇ ਫੇਰ ਰਾਜਸੀ ਉਥਲ-ਪੁਥਲ ਕਾਰਨ ਇਸਦਾ ਕਾਫੀ ਨੁਕਸਾਨ ਹੋਇਆ।

ਨੌਵਾਂ ਕਾਲ:—1947 ਤੋਂ ਅੱਜ ਤੱਕ ਦਾ ਹੈ,ਜਦੋਂ ਪੰਜਾਬ ਦੀ ਵੰਡ ਹੋਈ,ਉਹ ਉਜੜਿਆ,ਉਸ ਦਾ ਪੁਨਰ-ਵਸੇਬਾ ਹੋਇਆ ਤੇ ਉਸਨੇ ਕਈ ਖੇਤਰਾਂ ਵਿਚ ਵਿਕਾਸ ਕੀਤਾ ਅਤੇ ਕਈ ਖੇਤਰਾਂ ਵਿਚ ਉਸ ਦਾ ਵਿਨਾਸ਼ ਹੋਇਆ। ਉਹ ਵੱਡੇ ਤੋਂ ਛੋਟਾ ਹੋ ਗਿਆ। ਮੁਗਲ ਕਾਲ ਜਾਂ ਗੁਰੂ ਕਾਲ ਤੇ

ਬਾਕੀ ਪੰਨਾ 11 'ਤੇ

'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a □ cheque □ M.O. □ Draft as my Subscription for the year(s)....... I may be sent the newspaper at the following address :

Name...
Address...
City...
Province...
Postal code...
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA..................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

The Manitoba Mirror
ਮੈਨੀਟੋਬਾ ਦਰਪਣ

ਪੰਨਾ ਦੀ ਬਾਕੀ

ਇਸ ਤੋਂ ਪਹਿਲੋਂ ਦੇ ਸਮੇਂ ਦੇ ਇਤਿਹਾਸ ਨੂੰ ਜਾਨਣ ਲਈ ਸੋਮੇਂ ਬਹੁਤ ਘੱਟ ਮਿਲਦੇ ਹਨ। ਕਾਰਨ ਕਈ ਹਨ।

(1) ਗੁਰੂ ਸਾਹਿਬਾਨ ਦੇ ਸਮੇਂ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਕਲਪਤ ਕਥਾਵਾਂ ਰਲੀਆਂ ਹੋਈਆਂ ਹਨ,ਜਿਨ੍ਹਾਂ ਨੂੰ ਗੁਰਮੱਤਿ ਦੀ ਕਸਵੱਟੀ ਤੇ ਪਰਖ ਕੇ ਨਿਖੇੜਨ ਦੀ ਲੋੜ ਹੈ।

(2) 'ਗੁਰੂ ਕਾਲ' ਉਹ ਸਮਾਂ ਸੀ ਜਦੋਂ ਹੁਕਮਰਾਨ ਮੁਸਲਮਾਨਾਂ ਨੇ ਧਾਰਮਿਕ ਕੱਟੜਤਾ ਦੀ ਨੀਤੀ ਅਪਣਾਈ ਹੋਈ ਸੀ। ਫਲਸਰੂਪ ਗੈਰ-ਮੁਸਲਮਾਨਾਂ ਉਤੇ ਜ਼ੁਲਮ ਕੀਤੇ ਜਾਂਦੇ ਸਨ। ਸਿੱਖ ਗੁਰੂ ਸਾਹਿਬਾਨ ਬਾਰੇ ਉਸ ਸਮੇਂ ਦੇ ਮੁਸਲਮਾਨਾਂ ਨੇ ਨਫਰਤ ਵਸ ਬਹੁਤ ਘੱਟ ਲਿਖਿਆ ਹੈ। ਜੇ ਲਿਖਿਆ ਵੀ ਹੈ ਤਾਂ ਨਿਰਪੱਖਤਾ ਨਾਲ ਨਹੀਂ ਲਿਖਿਆ,ਸਗੋਂ ਘਟਨਾਵਾਂ ਨੂੰ ਤਰੋੜ-ਮਰੋੜ ਕੇ ਲਿਖਿਆ ਹੈ।

(3) ਸਿੱਖ ਲਹਿਰ ਇਕ ਐਸੀ ਲਹਿਰ ਸੀ ਜਿਸਦਾ ਉਦੇਸ਼ ਸਮਾਜਕ ਬੁਰਾਈਆਂ ਨੂੰ ਦੂਰ ਕਰਕੇ ਨਵਾਂ ਨਰੋਆ ਸਮਾਜ ਉਸਾਰਨਾ ਸੀ। ਇਸ ਮਨੋਰਥ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਨੇ ਜਾਤ ਪਾਤ,ਬੁੱਤ ਪੂਜਾ ਤੇ ਹੋਰ ਵਿਅਰਥ ਰਸਮਾਂ ਰਿਵਾਜਾਂ ਵਿਰੁੱਧ ਭਰਪੂਰ ਆਵਾਜ਼ ਉਠਾਈ। ਸਿੱਟੇ ਵਜੋਂ ਬ੍ਰਾਹਮਣ ਸ਼੍ਰੇਣੀ ਗੁਰੂਆਂ ਦੇ ਵਿਰੁੱਧ ਹੋ ਗਈ ਤੇ ਜਿਥੋਂ ਤੱਕ ਉਨ੍ਹਾਂ ਦਾ ਵੱਸ ਚਲਿਆ ਉਨ੍ਹਾਂ ਗੁਰੂ-ਇਤਿਹਾਸ ਨੂੰ ਗਲਤ ਢੰਗ ਨਾਲ ਲਿਖਣ-ਲਿਖਵਾਉਣ ਦੇ ਯਤਨ ਕੀਤੇ। (ਹੁਣ ਵੀ ਇਹ ਯਤਨ ਜਾਰੀ ਹਨ)।

(4) ਈਰਖਾ-ਵਸ ਕੁਝ ਲੋਕਾਂ ਨੇ ਸਿੱਖ ਗੁਰੂਆਂ ਦੀਆਂ ਵੱਡ-ਮੁੱਲੀਆਂ ਇਤਿਹਾਸਕ-ਸਚਾਈਆਂ ਨੂੰ ਜਾਣ ਬੁੱਝ ਕੇ ਲੁਕਾਉਣ ਦੇ ਫਜ਼ੂਲ ਯਤਨ ਕੀਤੇ। ਕਬੀਰ ਪੰਥੀਆਂ ਤੇ ਹੰਦਾਲੀਆਂ ਨੇ "ਜਨਮ ਸਾਖੀ" ਵਿਚ ਫਾਲਤੂ ਘਟਨਾਵਾਂ ਸ਼ਾਮਲ ਕਰਕੇ ਅਸਲੀ ਜਨਮ-ਸਾਖੀ ਦਾ ਸਰੂਪ ਹੀ ਵਿਗਾੜ ਦਿੱਤਾ। ਡਾਕਟਰ ਖਜ਼ਾਨ ਸਿੰਘ ਦੇ ਕਥਨ ਅਨੁਸਾਰ ਹੰਦਾਲੀਆਂ ਨੇ ਅਸਲੀ ਜਨਮ ਸਾਖੀ ਪਾੜ ਦਿੱਤੀ ਤੇ ਨਵੀਂ ਜਨਮ ਸਾਖੀ ਲਿਖੀ,ਜਿਸ ਵਿਚ ਹੰਦਾਲ ਦੀ ਵਡਿਆਈ ਕੀਤੀ ਗਈ ਸੀ।

(5) ਸ੍ਰੀ ਪ੍ਰਿਥੀਚੰਦ ਨੇ ਗੁਰੂ ਅਰਜਨ ਦੇਵ ਦਾ ਤੇ ਧੀਰ ਮੱਲ ਨੇ ਗੁਰੂ ਤੇਗ ਬਹਾਦਰ ਦਾ ਵਿਰੋਧ ਕਰਕੇ,ਘਟਨਾਵਾਂ ਨੂੰ ਗਲਤ ਢੰਗ ਨਾਲ ਪੇਸ਼ ਹੀ ਨਾ ਕੀਤਾ ਸਗੋਂ ਗੁਰੂਬਾਣੀ ਵਿਚ ਰਲਾ ਪਾਉਣ ਤੋਂ ਵੀ ਸੰਕੋਚ ਨਾ ਕੀਤਾ।

(6) ਔਰੰਗਜ਼ੇਬ ਨੇ 1699 ਈ. ਵਿਚ ਸਰਕਾਰੀ ਤੌਰ 'ਤੇ ਘਟਨਾਵਾਂ ਅੰਕਿਤ ਕਰਨ ਦੀ ਮਨਾਹੀ ਕਰ ਦਿੱਤੀ ਸੀ। ਜੋ ਕੁਝ ਵੀ ਔਰੰਗਜ਼ੇਬ ਦੇ ਸਮੇਂ ਬਾਰੇ ਲਿਖਿਆ ਮਿਲਦਾ ਹੈ ਉਹ ਲਿਖਾਰੀਆਂ ਨੇ ਲੁਕ-ਕੇ ਲਿਖਿਆ ਤੇ ਔਰੰਗਜ਼ੇਬ ਦੀ ਮੌਤ ਪਿਛੋਂ ਪ੍ਰਗਟ ਕੀਤਾ। ਐਸੀ ਹਾਲਤ ਵਿਚ ਘਟਨਾਵਾਂ ਦੇ ਟਕਸਾਲੀ ਹੋਣ ਬਾਰੇ ਦਾਅਵਾ ਨਹੀਂ ਕੀਤਾ ਜਾ ਸਕਦਾ।

(7) ਔਰੰਗਜ਼ੇਬ ਦੀ ਮੌਤ ਪਿਛੋਂ ਅਮੀਰਾਂ-ਵਜ਼ੀਰਾਂ ਦੀ ਆਪਸੀ ਲੜਾਈ,ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਤੇ ਸਿੱਖਾਂ ਦੀ ਜੁਆਬੀ ਕਾਰਵਾਈ ਕਰਕੇ ਲੋਕਾਂ ਨੂੰ ਆਪਣੀ ਆਪਣੀ ਜਾਨ ਦੀ ਪਈ ਹੋਈ ਸੀ,ਇਤਿਹਾਸ ਦੀ ਸੰਭਾਲ ਕਿਸ ਤਰ੍ਹਾਂ ਹੋ ਸਕਦੀ ਸੀ।

ਪਰ ਇਸਦਾ ਭਾਵ ਇਹ ਵੀ ਨਹੀਂ ਕਿ ਇਨ੍ਹਾਂ ਸਮਿਆਂ ਦਾ ਇਤਿਹਾਸ ਲਿਖਿਆ ਹੀ ਨਹੀਂ ਗਿਆ। ਲੋੜ ਸਿਰਫ ਲਿਖੇ ਹੋਏ ਇਤਿਹਾਸ ਵਿਚੋਂ ਸੱਚੀਆਂ ਤੇ ਝੂਠੀਆਂ ਘਟਨਾਵਾਂ ਦੇ ਨਿਖੇੜਨ ਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੇ ਉਸਤੋਂ ਪਿਛੋਂ ਦੇ ਕਾਲ ਬਾਰੇ ਇਤਿਹਾਸਕ ਸਾਮਗਰੀ ਬਹੁਤ ਮਾਤਰਾ ਵਿਚ ਮਿਲ ਜਾਂਦੀ ਹੈ,ਕਿਉਂਕਿ ਲਾਹੌਰ ਦਰਬਾਰ ਦਾ ਰੀਕਾਰਡ ਉਪਲਬਧ ਹੈ।

ਇਤਿਹਾਸਕ ਲਿਖਤਾਂ (ਪੰਜਾਬੀ ਵਿਚ)

"ਪੰਥ ਪ੍ਰਕਾਸ਼" ਕ੍ਰਿਤ ਭਾਈ ਰਤਨ ਸਿੰਘ ਭੰਗੂ ਕਾਫੀ ਚੰਗਾ ਇਤਿਹਾਸਕ ਸੋਮਾ ਹੈ। "ਬੰਸਾਵਲੀ ਨਾਮਾ" ਕ੍ਰਿਤ ਭਾਈ ਕੇਸਰ ਸਿੰਘ ਛਿੱਬੜ ਵੀ ਲਾਭਦਾਇਕ ਇਤਿਹਾਸਕ ਖਜ਼ਾਨਾ ਹੈ। ਭਾਈ ਸੰਤੋਖ ਸਿੰਘ ਦੀ "ਸੂਰਜ ਪ੍ਰਕਾਸ਼" ਬਹੁਤ ਬਹੁਮੁੱਲੀ ਪੁਸਤਕ ਹੈ ਪਰ ਇਸ ਵਿਚ ਮਨੋਕਲਪਿਤ ਕਥਾਵਾਂ ਵੀ ਦਰਜ ਹਨ। ਕਈ ਗੱਲਾਂ ਤਾਂ ਗੁਰਮਤਿ ਦੀ ਕਸਵੱਟੀ ਤੇ ਪੂਰੀਆਂ ਵੀ ਨਹੀਂ ਉਤਰਦੀਆਂ।

(ਫਾਰਸੀ ਵਿਚ)

ਤੁਜ਼ਕਿ ਜਹਾਂਗੀਰੀ ਤੇ ਤੁਜ਼ਕਿ ਬਾਬਰੀ ਕ੍ਰਮਵਾਰ ਜਹਾਂਗੀਰ ਤੇ ਬਾਬਰ ਦੀਆਂ ਸਵੈ-ਜੀਵਨੀਆਂ ਹਨ,ਤੁਜ਼ਕਿ ਜਹਾਂਗੀਰੀ ਵਿਚੋਂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਅਸਲ ਕਾਰਨਾਂ ਦਾ ਪਤਾ ਲੱਗਦਾ ਹੈ। "ਦਬਿਸਤਾਨ-ਏ-ਮਜ਼ਾਹਬ" ਦਾ ਕਰਤਾ "ਮੁਹਸਨ-ਫਾਨੀ" ਹੈ। ਉਸਨੇ ਪੰਜਵੇਂ ਤੇ ਛੇਵੇਂ ਗੁਰੂਆਂ ਬਾਰੇ ਬੜੀ ਜਾਣਕਾਰੀ ਦਿੱਤੀ ਹੈ। ਇਸੇ ਤਰ੍ਹਾਂ ਕਾਜ਼ੀ ਨੂਰ ਮੁਹੰਮਦ ਲਿਖਤ "ਜੰਗ ਨਾਮਾ" ਅਹਿਮਦ ਸ਼ਾਹ ਦੇ ਵੇਲੇ ਦੇ ਸਿੱਖਾਂ ਦੀ ਬਹਾਦਰੀ ਦ੍ਰਿੜਤਾ ਤੇ ਲੜਨ ਢੰਗ ਤੇ ਖੂਬ ਚਾਨਣ ਪਾਉਂਦਾ ਹੈ।

"ਇਬਰਤ ਨਾਮਾ" ਦਾ ਲੇਖਕ ਮੁਹੰਮਦ ਕਾਸਿਮ ਹੈਦਰੀ ਝੰਡੇ ਬਾਰੇ ਬਹੁਤ ਜਾਣਕਾਰੀ ਦੇਂਦਾ ਹੈ। ਇਹ ਪੁਸਤਕ 1719 ਵਿਚ ਲਿਖੀ ਗਈ ਸੀ ਇਸਤੋਂ ਛੁੱਟ "ਅਖਬਾਰਾਤੇ ਸਿੱਖਾਂ", "ਤਵਾਰੀਖ ਪੰਜਾਬ" ਕ੍ਰਿਤ ਬੂਟੇ ਸ਼ਾਹ, "ਰਸਾਲਾ ਸਾਹਬਨੁਮਾ" ਕ੍ਰਿਤ ਗਨੇਸ਼ ਦਾਸ," ਤਵਾਰੀਖ-ਏ-ਸਿੱਖਾਂ" ਕ੍ਰਿਤ ਖੁਸ਼ਵਕਤ ਰਾਏ ਆਦਿ ਫਾਰਸੀ ਪੁਸਤਕਾਂ ਵੀ ਪੰਜਾਬ ਦੇ ਇਤਿਹਾਸ ਬਾਰੇ ਬਹੁਮੁੱਲੀਆਂ ਪੁਸਤਕਾਂ ਹਨ।

(ਅੰਗਰੇਜ਼ੀ ਵਿਚ)

ਮੁਜਰ ਜੇਮਜ਼ ਬਰਾਊਨ ਦੀ ਪੁਸਤਕ "ਹਿਸਟਰੀ ਆਫ ਦੀ ਓਰਿਜਨ ਐਂਡ ਪਰਾਗਰੈਸ ਆਫ ਦੀ ਸਿੱਖਸ", ਮੈਲਕਮ ਦੀ ਪੁਸਤਕ "ਸਕੈਚ ਆਫ ਦੀ ਸਿੱਖਸ", ਆਦਿ ਪੁਸਤਕਾਂ ਵਿਚ ਪੰਜਾਬ ਦੇ ਇਤਿਹਾਸ ਤੇ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਮੂਰਕਰਾਫਟ,ਪ੍ਰਿੰਸਪ,ਔਸਬੋਰਨ,ਬਰਨਜ਼,ਸਟੀਨਬੈਚ ਆਦਿ ਅੰਗਰੇਜ਼ ਗੁਪਤਕਾਰਾਂ ਦੀਆਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਰੀਪੋਰਟਾਂ ਬਹੁਤ ਵਾਕਫੀਅਤ ਦੇਣ ਵਾਲੀਆਂ ਹਨ।

ਪੁਸਤਕਾਂ ਤੋਂ ਛੁੱਟ ਲੋਕ ਗੀਤਾਂ,ਬੋਲੀਆਂ ਤੇ ਅਖਾਣਾਂ ਵਿਚੋਂ ਵੀ ਪੰਜਾਬ ਦੇ ਇਤਿਹਾਸ ਬਾਰੇ ਕਾਫੀ ਕੁੱਝ ਪਤਾ ਲੱਗ ਜਾਂਦਾ ਹੈ ਜਿਵੇਂ ਕਿ

(1) ਮੰਨੂੰ ਸਾਡੀ ਦਾਤਰੀ ਮੰਨੂੰ ਦੇ ਸੋਏ,
ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਅਸੀਂ ਦੂਣ ਸਵਾਏ ਹੋਏ।

(2) ਖਾਧਾ ਪੀਤਾ ਲਾਹੇ ਦਾ,ਰਹਿੰਦਾ ਅਹਿਮਦ ਸ਼ਾਹੇ ਦਾ।

(3) ਆਏ ਨੀ ਨਿਹੰਗ,ਬੂਹਾ ਖੋਲ੍ਹ ਦੇ ਨਿਸ਼ੰਗ। ਆਦਿ ਬੋਲ ਇਤਿਹਾਸ ਨਾਲ ਸਬੰਧਤ ਹਨ।

ਪੁਰਾਤਨ ਇਮਾਰਤਾਂ

ਸਿੱਖ ਗੁਰੂਆਂ ਦੇ ਵੱਡੇ ਵੱਡੇ ਇਤਿਹਾਸਕ ਅਸਥਾਨਾਂ ਅੰਮ੍ਰਿਤਸਰ,ਅਨੰਦਪੁਰ,ਕਰਤਾਰਪੁਰ,ਖਡੂਰ ਸਾਹਿਬ,ਗੋਇੰਦਵਾਲ, ਤਰਨਤਾਰਨ,ਕੀਰਤਪੁਰ,ਨਨਕਾਣਾ ਸਾਹਿਬ,ਪੰਜਾ ਸਾਹਿਬ ਆਦਿ ਤੋਂ ਬਹੁਤ ਮਹੱਤਤਾ ਪੂਰਨ ਘਟਨਾਵਾਂ ਦਾ ਪਤਾ ਲਗਦਾ ਹੈ। ਸ਼ਾਹਦਰਾ ਵਿਚ ਜਹਾਂਗੀਰ ਦਾ ਮਕਬਰਾ,ਲਾਹੌਰ ਵਿਚ ਅਕਬਰ ਦਾ ਕਿਲ੍ਹਾ ਤੇ ਰਣਜੀਤ ਸਿੰਘ ਦੀ ਸਮਾਧ ਆਦਿ ਤੇ ਹੋਰ ਧਾਰਮਿਕ ਤੇ ਇਤਿਹਾਸਕ ਸਥਾਨ ਪੰਜਾਬ ਦਾ ਇਤਿਹਾਸ ਜਾਨਣ ਵਿਚ ਸਹਾਈ ਹੁੰਦੇ ਹਨ।

ਸਿੱਕੇ

ਮੁਗਲ ਕਾਲ,ਬਾਬਾ ਬੰਦਾ ਸਿੰਘ ਬਹਾਦਰ,ਜੱਸਾ ਸਿੰਘ ਆਹਲੂਵਾਲੀਆ,ਅਹਿਮਦਸ਼ਾਹ ਅਬਦਾਲੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਕੇ ਵੀ ਘਟਨਾਵਾਂ,ਰਾਜਵੰਸ਼ਾਂ ਦੀਆਂ ਜਿੱਤਾਂ ਤੇ ਇਤਿਹਾਸ ਉਲਝਣਾਂ ਨੂੰ ਸੁਲਝਾਉਣ ਵਿਚ ਸਹਾਈ ਹੁੰਦੇ ਹਨ:—

ਜਿਵੇ:—"ਸਿੱਕਾ ਜ਼ਦ ਜਗਨ ਬਫਜ਼ਲੇ ਅਕਾਲ। ਮੁਲਕੇ ਅਹਿਮਦ ਗ੍ਰਿਫਤ ਜੱਸਾ ਕਲਾਲ।"

ਪੰਜਾਬੀ ਸਾਹਿਤ

ਪੰਜਾਬੀ ਸਾਹਿਤ ਵਿਚ ਕਈ ਰਚਨਾਵਾਂ ਇਤਿਹਾਸ ਜਾਣਕਾਰੀ ਦਾ ਭੰਡਾਰ ਹਨ,ਜਿਵੇਂ "ਕਾਹਨ ਸਿੰਘ ਬੰਗਾ ਵਾਲੀਏ ਦੀ ਵਾਰ" ਵਿਚ ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਜੰਗ ਦਾ ਹਾਲ,"ਨਜ਼ਾਬਤ ਦੀ ਵਾਰ" ਨਾਦਰ ਸ਼ਾਹ ਦੇ ਹਮਲੇ ਦਾ ਹਾਲ,"ਕਿੱਸਾ ਸ਼ਾਹ ਮੁਹੰਮਦ", ਰਣਜੀਤ ਸਿੰਘ ਤੋਂ ਪਿਛੋਂ ਲਾਹੌਰ ਦਰਬਾਰ ਬਾਰੇ,"ਚੱਠਿਆਂ ਦੀ ਵਾਰ" ਤੇ ਮਟਕ ਕਵੀ ਦੀਆਂ ਕਵਿਤਾਵਾਂ ਸਮਕਾਲੀ ਇਤਿਹਾਸ ਬਾਰੇ ਜਾਣਕਾਰੀ ਦੇਂਦੀਆਂ ਰਚਨਾਵਾਂ ਹਨ।

ਸੀਲਾਂ,ਮੈਡਲ ਤੇ ਹੁਕਮਨਾਮੇ

ਕਈ ਪਠਾਣ ਤੇ ਮੁਗਲ ਬਾਦਸ਼ਾਹ ਦਸਖਤ ਕਰਨ ਦੀ ਥਾਂ ਮੁਹਰ ਲਗਾਂਦੇ ਸਨ। ਉਨ੍ਹਾਂ ਸੀਲਾਂ ਤੋਂ ਅਤੇ ਮੈਡਲਾਂ ਤੋਂ ਵੀ ਇਤਿਹਾਸਕ ਵਾਕਫੀਅਤ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬਾਨ,ਮਾਤਾ ਸਾਹਿਬਾਨ ਤੇ ਬੰਦਾ ਸਿੰਘ ਬਹਾਦਰ ਵਲੋਂ ਸਮੇਂ ਸਮੇਂ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਉਨ੍ਹਾਂ ਦੇ ਅਧਿਐਨ ਤੋਂ ਵੀ ਪੰਜਾਬ-ਇਤਿਹਾਸ ਬਾਰੇ ਬਹੁਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਤਰ੍ਹਾਂ ਨਾਲ ਅਸੀਂ ਵੇਖਿਆ ਹੈ ਕਿ ਧਾਰਮਿਕ-ਸਾਹਿਤ, ਜਨਮ ਸਾਖੀਆਂ, ਇਤਿਹਾਸਕ-ਲਿਖਤਾਂ, ਲੋਕ ਗੀਤ, ਪੁਰਾਤਨ-ਇਮਾਰਤਾਂ,ਸਿੱਕੇ,ਪੰਜਾਬੀ ਸਾਹਿਤ,ਸੀਲਾਂ,ਮੈਡਲ ਤੇ ਹੁਕਮਨਾਮੇ ਆਦਿ ਪੰਜਾਬ ਦਾ ਇਤਿਹਾਸ ਜਾਨਣ ਵਿਚ ਸਾਡੀ ਸਹਾਇਤਾ ਕਰਦੇ ਹਨ।

ਰਾਜਨੀਤਕ ਨੇਤਾਵਾਂ ਦੇ ਹਾਸ-ਵਿਅੰਗ

ਇਕ ਵਾਰ ਨੇਪੋਲੀਅਨ ਨੂੰ ਪੀਟਰ ਮਹਾਨ ਦੀ ਤਲਵਾਰ ਪੇਸ਼ ਕੀਤੀ ਗਈ। ਨੇਪੋਲੀਅਨ ਨੇ ਇਸ ਯਾਦਗਾਰੀ ਤਲਵਾਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਕਿਸੇ ਨੇ ਕਿਹਾ,"ਹਜ਼ੂਰ ! ਇਹ ਇਕ ਮਹਾਨ ਇਨਸਾਨ ਦੀ ਤਲਵਾਰ ਹੈ। ਤੁਸੀਂ ਇਸ ਨੂੰ ਸਵੀਕਾਰ ਕਰ ਲਵੋ।"

ਨੇਪੋਲੀਅਨ ਨੇ ਉਤਰ ਦਿੱਤਾ,"ਸਾਡੇ ਲਈ ਸਾਡੀ ਤਲਵਾਰ ਹੀ ਕਾਫੀ ਹੈ ਅਤੇ ਇਸ ਦੀ ਮਹਾਨਤਾ ਪੀਟਰ ਦੀ ਤਲਵਾਰ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ।"

ਤਲਵਾਰ ਪੇਸ਼ ਕਰਨ ਵਾਲੇ ਨੇ ਲੱਜਿਤ ਹੋ ਕੇ ਤਲਵਾਰ ਰੱਖ ਦਿੱਤੀ

ਮੌਲਾਨਾ ਆਜ਼ਾਦ ਅਹਿਮਦ ਨਗਰ ਜੇਲ੍ਹ ਵਿਚ ਸਨ।

ਇਕ ਦਿਨ ਉਨ੍ਹਾਂ ਦੀ ਚਾਹ ਲਈ ਖੰਡ ਦੀ ਥਾਂ ਮਿਸ਼ਰੀ ਦਾ ਕੁੱਜਾ ਆ ਗਿਆ। ਹੁਣ ਇਸ ਨੂੰ ਤੋੜਨ ਦਾ ਸਵਾਲ ਸੀ। ਮੌਲਾਨਾ ਨੇ ਹਮਾਮ ਦਸਤਾ ਮੰਗਿਆ ਪਰ ਸਪਲਾਈ ਨਾ ਹੋਇਆ। ਇਸ 'ਤੇ ਉਨ੍ਹਾਂ ਫੁਰਮਾਇਆ,"ਕੀ ਅੱਜ ਤੱਕ ਕਿਸੇ ਕੰਬਖੰਤ ਨੂੰ ਇੱਥੇ ਆਪਣਾ ਸਿਰ ਫੋੜਨ ਦੀ ਲੋੜ ਮਹਿਸੂਸ ਨਹੀਂ ਹੋਈ।"

● ● ●

ਸਰ ਚਰਚਿਲ ਨੇ ਭਾਸ਼ਨ ਦੇਣ ਲਈ ਰੇਡੀਉ-ਸਟੇਸ਼ਨ ਜਾਣਾ ਸੀ। ਉਨ੍ਹਾਂ ਇਕ ਟੈਕਸੀ ਵਾਲੇ ਨੂੰ ਚੱਲਣ ਲਈ ਕਿਹਾ। ਟੈਕਸੀ ਡਰਾਈਵਰ ਨੇ ਇਨਕਾਰ ਕਰਦਿਆਂ ਕਿਹਾ,"ਮਾਫ ਕਰਨਾ,ਅੱਜ ਚਰਚਿਲ ਦਾ ਭਾਸ਼ਨ ਹੈ। ਮੈਂ ਭਾਸ਼ਨ ਸੁਣਨਾਂ ਚਾਹੁੰਦਾ ਹਾਂ। ਇਸ ਲਈ ਮੈਂ ਨਹੀਂ ਜਾਵਾਂਗਾ।"

ਆਪਣੀ ਇਹ ਪ੍ਰਸੰਸਾ ਸੁਣ ਕੇ ਚਰਚਿਲ ਬਹੁਤ ਖੁਸ਼ ਹੋਏ ਅਤੇ ਕੁਝ ਨੋਟ ਕੱਢ ਕੇ ਉਸ ਨੂੰ ਇਨਾਮ ਦਿੱਤਾ।

ਨੋਟ ਵੇਖਦਿਆਂ ਹੀ ਟੈਕਸੀ ਡਰਾਈਵਰ ਕਹਿਣ ਲੱਗਾ,"ਖੂਹ ਵਿਚ ਡਿੱਗੇ ਚਰਚਿਲ ਤੇ ਉਸਦਾ ਭਾਸ਼ਨ। ਤੁਸੀਂ ਬਹੁਤ ਚੰਗੇ ਹੋ। ਮੈਂ ਪਹਿਲਾਂ ਤੁਹਾਨੂੰ ਛੱਡ ਕੇ ਆਵਾਂਗਾ।"

● ● ●

ਸ੍ਰੀ ਮਤੀ ਅਰੁਣਾ ਆਸਫ ਅਲੀ ਦੇ ਕੰਪਾਉਂਡ ਵਿਚ ਇਕ ਚੋਰ ਗ੍ਰਿਫਤਾਰ ਕੀਤਾ ਗਿਆ।

ਬਾਕੀ ਪੰਨਾ 23 'ਤੇ

The Manitoba Mirror

ਮੈਨੀਟੋਬਾ ਦਰਪਣ





ਸਿੱਖ ਕੈਦੀ ਅਤੇ ਸਿੱਖ ਸਿਆਸਤ

ਪ੍ਰਤਾਪ ਸਿੰਘ ਗਿੱਲ

ਪਸ਼ੌਰ ਤੋਂ ਅੱਗੇ ਜਮਰੌਦ, ਸ਼ਬਕਾਦਾਰ ਤੇ ਹੋਰ ਛੋਟੇ ਛੋਟੇ ਕਿਲੇ ਸ. ਹਰੀ ਸਿੰਘ ਨਲੂਆ ਅਤੇ ਸ. ਲਹਿਣਾ ਸਿੰਘ ਦੇ ਹੱਥਾਂ ਦੇ ਬਣੇ ਹੋਏ ਸਨ। ਉਨ੍ਹਾਂ ਉਤੇ ਸਿੱਖਾਂ ਦੇ ਨਿਸ਼ਾਨ ਸਾਹਿਬ ਝੁੱਲਿਆ ਕਰਦੇ ਸਨ। ਕਦੇ ਅੱਟਕ ਦਾ ਕਿਲਾ ਮਹਾਰਾਰੇ ਦੇ ਜਰਨੈਲ ਨੇ ਫਤਹਿ ਕੀਤਾ ਸੀ ਅਤੇ ਇਨ੍ਹਾਂ ਕਿਲ੍ਹਿਆਂ ਵਿਚ ਵੱਡੇ ਵੱਡੇ ਫੱਨੇ ਖਾਂ ਨਵਾਬ ਕੈਦ ਕਰ ਕੇ ਰੱਖੇ ਹੋਏ ਸਨ। ਕਿੱਡਾ ਵੱਡਾ ਰਾਜ ਸੀ ਇਸ ਛੋਟੀ ਜਿਹੀ ਕੌਮ ਦਾ। ਅਸੀਂ ਉਹ ਕਿਲੇ ਛੱਡ ਆਏ, ਪੰਜਾ ਸਾਹਿਬ ਤੇ ਨਨਕਾਣਾ ਸਾਹਿਬ ਦੇ ਗੁਰਦੁਆਰੇ ਵੀ ਖੁਹਾ ਬੈਠੇ ਸਰਗੋਧਾ, ਲਾਇਲਪੁਰ ਤੇ ਮਿੰਟਗੁਮਰੀ ਵਰਗੀਆਂ ਬਾਰਾਂ ਵਾਹ ਵਾਹ ਕੇ ਬੀਜ ਕੇ ਦੂਸਰਿਆਂ ਨੂੰ ਦੇ ਆਏ। ਜੇ ਠੰਢੇ ਦਿਲ ਨਾਲ ਸੋਚੀਏ ਤਾਂ ਅਸੀਂ ਆਪਣੀਆਂ ਗਲਤ ਸਿਆਸੀ ਚਾਲਾਂ ਨਾਲ ਤੇ ਆਪਸੀ ਪਾਟੋਧਾੜ ਕਾਰਨ ਕਿੰਨਾ ਵੱਡਾ ਨੁਕਸਾਨ ਕੀਤਾ ਹੈ? ਜਿਨ੍ਹਾਂ ਕਿਲ੍ਹਿਆਂ ਵਿਚੋਂ ਅਸੀਂ ਰਾਜ ਕਰਿਆ ਕਰਦੇ ਸਾਂ ਅੱਜ ਅਸੀਂ ਉਨ੍ਹਾਂ ਕਿਲ੍ਹਿਆਂ ਵਿਚ ਕੈਦੀ ਬਣ ਕੇ ਬੈਠੇ ਹਾਂ। ਜੇ ਅਸੀਂ ਸਿਆਸੀ ਗਲਤੀਆਂ ਨਾ ਕਰਦੇ ਤਾਂ ਅਜ ਸਾਡੇ ਧਰਮ ਨੂੰ ਵੀ ਇਹ ਹਾਨੀ ਨਾ ਪਹੁੰਚਦੀ ਅਤੇ ਅਸੀਂ ਆਪਣਾ ਮੱਕਾ ਨਨਕਾਣਾ ਸਾਹਿਬ ਨਾ ਖੁਹਾ ਬੈਠਦੇ। ਅਸੀਂ ਛੋਟੀ ਜਿਹੀ ਕੌਮ ਸਾਂ ਪਰ ਹਿੰਮਤੀ ਸਾਂ, ਦਲੇਰ ਸਾਂ, ਬਹਾਦਰ ਸਾਂ ਤੇ ਮਰਨਾ ਜਾਣਦੇ ਸਾਂ ਪਰ ਰਾਜਸੀ ਤੌਰ 'ਤੇ ਅਸੀਂ ਸਿਆਣੇ ਨਾ ਨਿਕਲੇ। ਇਹ ਜ਼ਰੂਰੀ ਨਹੀਂ ਕਿ ਬਹਾਦਰ ਜ਼ਰੂਰ ਸਿਆਣਾ ਵੀ ਹੋਵੇ। ਅਸੀਂ ਜਮਰੌਦ ਦੇ ਕਿਲੇ ਤੋਂ ਬਾਘਾ ਦੇ ਰੇਲਵੇ ਸਟੇਸ਼ਨ ਉਤੇ ਆ ਖੜ੍ਹੇ ਹੋਏ ਹਾਂ। ਮਹਾਰਾਜਾ ਰਣਜੀਤ ਸਿੰਘ ਨੇ ਏਨੀ ਤਾਕਤ ਏਕਤਾ ਵਿਚੋਂ ਕੱਢੀ। ਸਭ ਮਿਸਲਾਂ ਨੂੰ ਤਲਵਾਰ ਦੇ ਜ਼ੋਰ ਉਤੇ ਇਕ ਜਥੇਬੰਦੀ ਵਿਚ ਬੰਨ੍ਹ ਦਿੱਤਾ, ਸਖਤੀ ਤੋਂ ਕੰਮ ਲਿਆ ਪਰ ਉਸ ਦੇ ਨਾਲ ਰਹਿਮ ਤੇ ਇਨਸਾਫ ਵੀ ਰੱਜ ਕੇ ਲੋਕਾਂ ਨੂੰ ਵੰਡਿਆ। ਸਿਆਸਤ ਦੀ ਤਲਵਾਰ ਨਾਲ ਧਰਮ ਦੀ ਰਾਖੀ ਕੀਤੀ ਅਤੇ ਐਡਾ ਵੱਡਾ ਮਹਾਰਾਜਾ ਹੁੰਦਿਆਂ ਹੋਇਆਂ ਨਿਮਰਤਾ ਨਹੀਂ ਛੱਡੀ। ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ, ਜਰਨੈਲ ਮੋਹਕਮ ਚੰਦ, ਫਕੀਰ ਅਜੀਜ਼ੂਦੀਨ, ਅੰਗਰੇਜ਼ ਜਰਨੈਲ ਐਲਾਰਡ, ਗੋਰਖੇ ਤੇ ਫਰਾਂਸੀਸੀ ਜਰਨੈਲ ਸਭ ਨੂੰ ਇਕਮੁੱਠ ਕਰਕੇ ਫੇਰ ਇਹ ਯੁੱਧ ਜਿੱਤੇ ਤੇ ਸਿੱਖੀ ਰਾਜ ਕਾਇਮ ਕੀਤਾ। ਕਿਸੇ ਵੀ ਧਰਮ ਨੂੰ ਧੱਕਾ ਦਿੱਤਾ ਉਸ ਨੇ?

ਏਕਤਾ ਸਿਫਰ

ਅੱਜ ਅਸੀਂ ਕੀ ਕੀਤਾ ਹੈ! ਭਰਾ ਨੇ ਭਰਾ ਨੂੰ ਫੜ ਕੇ ਜੇਲ੍ਹ ਵਿਚ ਸੁੱਟ ਦਿਤਾ, ਸਿੱਖ ਬੱਚੇ ਦੋ ਤਿੰਨ ਸਾਲ ਤੋਂ ਬਗੈਰ ਕਿਸੇ ਮੁਕੱਦਮੇ ਦੇ ਜੇਲ੍ਹਾਂ ਵਿਚ ਪਏ ਹੋਏ ਹਨ ਤੇ ਇਕ ਵੀ ਸਿੱਖ ਮੰਤਰੀ ਦੀ ਅਣਖ ਨਹੀਂ ਜਾਗੀ ਕਿ ਆਪਣੇ ਅਸਤੀਫੇ ਪੇਸ਼ ਕਰਨ ਦਾ ਦਬਕਾ ਹੀ ਮਾਰ ਸਕੇ। ਮੈਂ ਦੇਖਦਾ ਹਾਂ ਕਿ ਅੱਜ ਸਿੱਖਾਂ ਦਾ ਸ਼ਰੋਮਣੀ ਅਕਾਲੀ ਦਲ ਵੀ ਸਿਫਰ ਹੋ ਗਿਆ ਹੈ ਅਤੇ ਆਪਸੀ ਏਕਤਾ ਵੀ। ਅੱਜ ਪਾਰਲੀਮੈਂਟ ਵਿਚ ਕਾਂਗਰਸ ਦੀ ਦੋ-ਤਿਹਾਈ ਤਾਕਤ ਹੈ। ਕਾਂਗਰਸ ਵਿਚ 90 ਫੀਸਦੀ ਹਿੰਦੂ ਹਨ। ਜੋ ਸਿੱਖ ਜਾਂ ਮੁਸਲਮਾਨ ਹੈ ਵੀ ਉਸ ਦੀ ਉਥੇ ਆਵਾਜ਼ ਕੋਈ ਨਹੀਂ। ਇੰਨੀ ਬਹੁਗਿਣਤੀ ਹਿੰਦੂ ਭਰਾਵਾਂ ਦੀ ਹੈ ਕਿ ਜਦੋਂ ਜੀਅ ਕਰਦਾ ਹੈ ਉਹ ਦੇਸ਼ ਦੇ ਕਾਨੂੰਨ ਤੋੜ ਮਰੋੜ ਗੇ ਆਪਣੀ ਮਰਜ਼ੀ ਮੁਤਾਬਕ ਬਣਾ ਲੈਂਦੇ ਹਨ ਤੇ ਜਿਸ ਨੂੰ ਜੀਅ ਚਾਹੇ ਉਸ ਨੂੰ ਜੇਲ੍ਹ ਵਿਚ ਸੁੱਟ ਦਿੰਦੇ ਹਨ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਸਾਡਾ ਇਕ ਵੀ ਮੈਂਬਰ ਪਾਰਲੀਮੈਂਟ ਵਿਚ ਨਹੀਂ ਹੈ ਜਿਸ ਦਾ ਸਾਰੇ ਭਾਰਤ ਵਿਚ ਬਿੰਬ ਹੋਵੇ ਅਤੇ ਜੋ ਸਾਡੇ ਸਿੱਖ ਕੈਦੀਆਂ ਲਈ ਕੁਝ ਕਰ ਸਕਦਾ ਹੋਵੇ। ਜੇ ਪ੍ਰਧਾਨ ਮੰਤਰੀ ਨੇ ਕੋਈ ਗੱਲ ਸਿੱਖਾਂ ਨਾਲ ਕਰਨੀ ਸੀ ਤਾਂ ਕੀ ਉਸ ਨੂੰ ਇਕ ਵੀ ਪਾਏਦਾਰ ਸਿੱਖ ਐਮ. ਪੀ. ਨਾ ਲੱਭਾ ਜਿਸ ਰਾਹੀਂ ਉਹ ਪ੍ਰੋ: ਦਰਸ਼ਨ ਸਿੰਘ ਜੀ ਨਾਲ ਗੱਲ ਚਲਾ ਸਕਦਾ? ਜਿਥੇ ਪੰਜ ਛੇ ਸਿੱਖ ਐਮ. ਪੀ. ਇਕੱਠੇ ਹੋ ਕੇ ਆਪਣੇ ਕੈਦੀ ਭਰਾਵਾਂ ਵਾਸਤੇ ਕੱਚੀ ਜਿਹੀ ਏਕਤਾ ਕਰਕੇ ਕੈਦੀਆਂ ਲਈ ਹੰਗਾਮਾ ਨਹੀਂ ਕਰ ਸਕਦੇ ਉਥੇ ਜੇਲ੍ਹਾਂ ਦੇ ਤਾਲੇ ਕਿੱਥੋਂ ਖੁਲ੍ਹ ਜਾਣਗੇ? ਅਜ ਸਾਡਾ ਉਹ ਹਾਲ ਹੈ ਜੋ ਮਹਾਰਾਜਾ ਰਣਜੀਤ ਸਿੰਘ ਮਗਰੋਂ ਸੀ ਜਦੋਂ ਸਿੰਘਾਂ ਨੇ ਫੌਜਾਂ ਵਿਚ ਪੰਚਾਇਤਾਂ ਬਣ ਕੇ ਅੱਡੋ ਅੱਡ ਆਪਣੀਆਂ ਸਰਦਾਰੀਆਂ ਕਾਇਮ ਕਰ ਲਈਆਂ ਸਨ। ਸਿੱਖ ਸਿੱਖ ਦਾ ਵੈਰੀ ਬਣ ਗਿਆ ਸੀ। ਆਪਣੀ ਕਮਜ਼ੋਰੀ ਛੁਪਾਉਣ ਲਈ ਨਾਂ ਅਸੀਂ ਡੋਗਰਿਆਂ ਦਾ ਲਈ ਗਏ।



ਖਾਨ ਅਬਦੁੱਲ ਗੁਫਾਰ ਖਾਨ ਨਾਲ ਗੱਲਬਾਤ ਕਰ ਰਿਹਾ ਲੇਖਕ

ਮਹਾਰਾਜਾ ਵੇਲੇ ਉਹੋ ਡੋਗਰੇ ਮਹਾਰਾਜੇ ਦੇ ਲਾਡਲੇ ਸਰਦਾਰ ਸਨ। ਜਨਰਲ ਜ਼ੋਰਾਵਰ ਸਿੰਘ ਨੇ ਲੇਹ ਲਦਾਖ ਫਤਹਿ ਕੀਤਾ। ਜਨਰਲ ਮੋਹਕਮ ਚੰਦ ਨੇ ਅਟਕ ਜਾ ਕੇ ਸਿੰਘਾਂ ਦਾ ਝੰਡਾ ਝੁਲਾਇਆ। ਗੱਲ ਸਾਰੀ ਇਕ ਲੀਡਰ ਦੀ ਹੁੰਦੀ ਹੈ। ਅੱਜ ਵੀ ਸਾਡੇ ਇਕ ਦੀ ਥਾਂ ਕਈ ਅੱਡੋ ਅੱਡ ਜਥੇ ਬਣ ਗਏ ਹਨ। ਨਾ ਅਸੀਂ ਲੀਡਰਾਂ ਦੀ ਏਕਤਾ ਕਰ ਸਕੇ, ਨਾ ਜਥਿਆਂ ਦੀ, ਨਾ ਹੀ ਚਾਰਾਂ ਤਖਤਾਂ ਦੇ ਸਿੰਘ ਸਾਹਿਬਾਨ ਦੀ ਅਤੇ ਨਾ ਹੀ ਆਪਣੇ ਐਮ. ਪੀਜ਼ ਦੀ। ਐਸੇ ਹਾਲਾਤ ਵਿਚ ਅਸੀਂ ਕੈਦੀ ਨਹੀਂ ਛੁਡਾ ਸਕਦੇ। ਸਰਕਾਰ ਆਪਣੀ ਕਿਸੇ ਸਿਆਸੀ ਚਾਲ ਹੇਠ ਥੋੜ੍ਹੇ ਜਿਹੇ ਛੱਡ ਦੇਵੇ ਤਾਂ ਉਸਦਾ ਸਿਹਰਾ ਸਾਡੀ ਸਿੱਖ ਲੀਡਰਸ਼ਿਪ ਨੂੰ ਕੋਈ ਨਹੀਂ। ਏਕਤਾ ਤੋਂ ਬਗੈਰ ਤੇ ਅਕਾਲੀ ਦਲ ਦੀ ਮਜ਼ਬੂਤੀ ਬਗੈਰ ਗੱਲ ਕੋਈ ਬਣਨੀ ਨਹੀਂ ਹੈ।

ਪ੍ਰੋ: ਦਰਸ਼ਨ ਸਿੰਘ ਦੇ ਨਾਲ ਬਹੁਤ ਲੋਕ ਹੋ ਗਏ ਸਨ। ਜਦੋਂ ਉਹ ਸਿੰਘ ਸਾਹਿਬ ਦੀ ਪਦਵੀ ਉਤੇ ਜਾ ਬੈਠੇ ਤਾਂ ਅਕਾਲੀ ਦਲ ਹੋਰ ਵੀ ਕਮਜ਼ੋਰ ਹੋ ਗਿਆ। ਦਿੱਲੀ ਸਰਕਾਰ ਬੜੀ ਖੁਸ਼ ਹੈ ਕਿ ਸਿੱਖਾਂ ਨੇ ਆਪਣੀ ਸਾਰੀ ਸਿਆਸੀ ਤਾਕਤ ਅਕਾਲ ਤਖਤ ਸਾਹਿਬ ਸਿੰਘ ਸਾਹਿਬਾਂ ਦੇ ਹੱਥ ਫੜਾ ਦਿੱਤੀ ਹੈ। ਉਹ ਜਾਣਦੀ ਹੈ ਕਿ ਸਿਆਸੀ ਮਸਲੇ ਸਿੰਘ ਸਾਹਿਬ ਦੀ ਪਦਵੀ ਤੋਂ ਕਦੇ ਵੀ ਹੱਲ ਨਹੀਂ ਹੋ ਸਕਦੇ। ਅਜ ਤੱਕ ਕਦੇ ਵੀ ਕਿਸੇ ਸਿੰਘ ਸਾਹਿਬ ਨੇ ਮੰਜੀ ਸਾਹਿਬ ਤੋਂ ਜਾ ਕੇ ਮੋਰਚੇ ਲਈ ਜੱਥਾ ਨਹੀਂ ਸੀ ਤੋਰਿਆ। ਜਦੋਂ ਜੱਥਾ ਅਕਾਲ ਤਖਤ ਸਾਹਿਬ ਪੁਜਦਾ ਸਿੰਘ ਸਾਹਿਬ ਅਰਦਾਸਾ ਸੋਧ ਦਿੰਦੇ। ਜਿੰਨਾ ਚਿਰ ਅਸੀਂ ਸ਼ਰੋਮਣੀ ਅਕਾਲੀ ਦਲ ਨੂੰ ਦੁਬਾਰਾ ਫੇਰ ਲੋਹੇ ਜੜਿਆ ਮਜ਼ਬੂਤ ਨਾ ਕੀਤਾ ਸਾਡੀ ਜਿੱਤ ਨਹੀਂ ਹੋਣੀ। ਅਕਾਲ ਤਖਤ ਤੋਂ ਸਿੰਘ ਸਾਹਿਬ ਨੇ ਇਸ ਸਿਆਸੀ ਲੜਾਈ ਨੂੰ ਨਹੀਂ ਲੜ ਸਕਣਾ। ਨਾ ਹੀ ਇਹ ਸਮਝ ਰੱਖਣਾ ਕਿ ਸਰਕਾਰ ਕਿਸੇ ਸਿੰਘ ਸਾਹਿਬ ਨੂੰ ਹੱਥ ਨਹੀਂ ਪਾਵੇਗੀ। ਜਿਸ ਸਰਕਾਰ ਨੇ ਅਕਾਲ ਤਖਤ ਸਾਹਿਬ ਢਾਹੁਣ ਤੋਂ ਸ਼ਰਮ ਨਾ ਖਾਧੀ ਉਹ ਸਿੰਘ ਸਾਹਿਬ ਨੂੰ ਕਿਸ ਤਰ੍ਹਾਂ ਕੈਦ ਨਹੀਂ ਕਰੇਗੀ? ਸਿੱਖਾਂ ਦੇ ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਗ੍ਰਿਫਤਾਰ ਹੋ ਜਾਣ ਤਾਂ ਖਾਲਸੇ ਦੀ ਕੋਈ ਹਤਕ ਨਹੀਂ ਹੈ ਪਰ ਜੇ ਸਿੰਘ ਸਾਹਿਬ ਨੂੰ ਹੱਥਕੜੀ ਲੱਗ ਜਾਵੇ ਤਾਂ ਸਮਝੋ ਹਰ ਸਿੰਘ ਦੀ ਪਗੜੀ ਲਹਿ ਗਈ। ਸਿੰਘ ਸਾਹਿਬ ਨੂੰ ਇਸ ਪੁਜ਼ੀਸ਼ਨ ਵੱਲ ਧਿਆਨ ਦੇਣ ਦੀ ਲੋੜ ਹੈ।

ਖੁਦਗਰਜ਼ੀਆਂ

ਮੈਂ ਕਾਬਲ ਵਿਚ ਕਾਂਗਰਸ ਦੇ ਸਭ ਤੋਂ ਪੁਰਾਣੇ ਲੀਡਰ ਖਾਂ ਅਬਦੁੱਲ ਗੁਫਾਰ ਖਾਂ ਸਰਹੱਦੀ ਗਾਂਧੀ ਨਾਲ ਵਿਚਾਰ ਕਰ ਰਿਹਾ ਸਾਂ। ਉਹ ਮੈਨੂੰ ਕਹਿਣ ਲੱਗੇ, "ਸਰਦਾਰ ਸਾਹਿਬ, ਜੇ ਤੁਸੀਂ ਸਿੱਖ ਲੀਡਰ ਇਕ ਨਾ ਕੀਤੇ ਤਾਂ ਤੁਹਾਡਾ ਹਾਲ ਉਹ ਹੋਵੇਗਾ ਜੋ ਅੱਜ ਸਾਡਾ ਪਠਾਣਾਂ ਦਾ ਹੈ। ਕਾਬਲ ਵਿਚ ਪਠਾਣ ਪਠਾਣ ਨੂੰ ਮਾਰ ਰਿਹਾ ਹੈ। ਮੈਂ ਆਪ ਸਭ ਕੁਝ ਦੇਖ ਰਿਹਾ ਹਾਂ ਪਰ ਕਰ ਕੁਝ ਨਹੀਂ ਸਕਦਾ। ਤੁਹਾਡੇ ਵੀ ਸਿੱਖ ਸਿੱਖ ਨੂੰ ਮਾਰੇਗਾ। ਤੁਸੀਂ ਦੇਖੋਗੇ ਪਰ ਤੁਸੀਂ ਕਰ ਕੁਝ ਨਹੀਂ ਸਕਣਾ। ਮੈਂ ਸਾਰੀ ਉਮਰ ਜੇਲ੍ਹ ਵਿਚ ਕੱਟ ਦਿੱਤੀ ਤਾਂ ਕਿ ਆਜ਼ਾਦੀ ਮਿਲੇ। ਜਦੋਂ ਵਕਤ ਆਇਆ ਪੰਡਿਤ ਜੀ ਨੇ ਚੁੱਪ ਕਰਕੇ ਪੰਜਾਬ ਵੰਡਣ ਦਾ ਫੈਸਲਾ ਕਰ ਲਿਆ। ਸਾਨੂੰ ਦੱਸਿਆ ਤਕ ਨਹੀਂ। ਸਾਡੇ ਨਾਲ ਧੋਖਾ ਹੋਇਆ। ਅਸੀਂ ਪਠਾਣ ਅੱਜ ਵੀ ਗੁਲਾਮ ਹਾਂ। ਜੇ ਤੁਸੀਂ ਸਿੱਖਾਂ ਨੇ ਬਚਣਾ ਹੈ ਤਾਂ ਤੁਹਾਨੂੰ ਆਪਣੀਆਂ ਖੁਦਗਰਜ਼ੀਆਂ ਛੱਡ ਕੇ ਇਕ ਹੋਣਾ ਪਵੇਗਾ ਅਤੇ ਆਪਣੇ ਦੇਸ਼ ਤੇ ਕੌਮ ਦੀ ਰਾਖੀ ਕਰਨੀ ਪਵੇਗੀ। ਤੁਸੀਂ ਵਾਪਸ ਜਾ ਕੇ ਆਪਣੇ ਭਰਾਵਾਂ ਨੂੰ ਇਕਮੁੱਠ ਕਰੋ।" ਅੱਜ ਖਾਂ ਸਾਹਿਬ ਦੀ ਗੱਲ ਦਾ ਇਕ ਇਕ ਲਫਜ਼ ਪੂਰਾ ਹੋ ਰਿਹਾ ਹੈ ਇਹ ਏਕਤਾ ਹੋ ਸਕਦੀ ਹੈ। ਪ੍ਰੋ: ਦਰਸ਼ਨ ਸਿੰਘ ਹੀ ਇਹ ਸੇਵਾ ਸਿਰੇ ਲਾ ਸਕਦੇ ਹਨ। ਮੇਰੀ ਇਹ ਪ੍ਰਾਰਥਨਾ ਜ਼ਰੂਰ ਹੈ ਕਿ ਸਿੰਘ ਸਾਹਿਬ ਦੀ ਪਦਵੀ ਤੋਂ ਗੁਰਦੁਆਰਿਆਂ ਦਾ ਸੁਧਾਰ ਕਰੋ, ਧਰਮ ਦਾ ਪਰਚਾਰ ਕਰੋ, ਸਿਆਸਤ ਵਿਚ ਜੇ ਲੋੜ ਹੋਵੇ ਤਾਂ ਮਸ਼ਵਰਾ ਦਿਓ, ਪਰ ਸਿੰਘ ਸਾਹਿਬ ਬਣਕੇ ਰਾਜਨੀਤੀ ਦੀ ਜ਼ਿੰਮੇਵਾਰੀ ਤੇ ਸੌਦੇਬਾਜ਼ੀ ਨਾ ਕਰੋ। ਭਾਵੇਂ ਸਾਡਾ ਧਰਮ ਤੇ ਸਿਆਸਤ ਇਕ ਹੈ ਪਰ ਕਮਜ਼ੋਰ ਸਿਆਸਤ ਨੇ ਧਰਮ ਦੀ ਰਾਖੀ ਨਹੀਂ ਕਰ ਸਕਣੀ, ਨਾ ਹੀ ਤਲਵਾਰ ਦੇ ਜ਼ੋਰ ਨਾਲ ਚਲਦੇ ਧਰਮ ਨੇ ਸਿਆਸਤ ਨੂੰ ਮੱਦਦ ਦੇ ਸਕਣੀ ਹੈ। ਜੇ ਸਿਆਸਤ ਮਜ਼ਬੂਤ ਹੋ ਗਈ ਤੇ ਅਗੇ ਵਾਂਗੂੰ ਅਕਾਲੀ ਦਲ ਦਾ ਪ੍ਰਧਾਨ ਕੋਈ ਹਿੰਮਤੀ ਸਿੰਘ ਅਗੇ ਲੱਗ ਤੁਰਿਆ ਤਾਂ ਧਰਮ ਦੀ ਰਾਖੀ ਆਪੇ ਹੋ ਜਾਣੀ ਹੈ।

ਅੱਜ ਪੂਰੀ ਸਿੱਖ ਕੌਮ ਗੁੰਝਲਦਾਰ ਹਾਲਤ ਵਿਚ ਫਸਕੇ ਉਸ ਥਾਂ ਚੱਕਰ ਲਾਈ ਜਾਂਦੀ ਹੈ। ਅਸੀਂ ਭਾਵੇਂ ਜਿੱਤੇ ਨਹੀਂ ਪਰ ਅਜੇ ਹਾਰੇ ਵੀ ਨਹੀਂ। ਸਾਨੂੰ ਸਭ ਨੂੰ ਪ੍ਰੋ: ਦਰਸ਼ਨ ਸਿੰਘ ਨੂੰ ਆਪਣੇ ਆਪਣੇ ਵਿਚਾਰਾਂ ਨਾਲ ਮੁੜ ਮੱਦਦ ਦੇਣੀ ਚਾਹੀਦੀ ਹੈ। ਭਾਵੇਂ ਉਹ ਵਿਚਾਰ ਸਿੰਘ ਸਾਹਿਬ ਦੇ ਖਿਆਲਾਂ ਦੇ ਉਲਟ ਹੀ ਕਿਉਂ ਨਾ ਹੋਣ। ਅਜ ਉਨ੍ਹਾਂ ਉਪਰ ਅਸਰ ਹੈ ਸਿੱਖ ਨੌਜਵਾਨਾਂ ਦਾ, ਜਿਨ੍ਹਾਂ ਪਾਸ ਹਿੰਮਤ, ਦਲੇਰੀ ਤੇ ਕੁਰਬਾਨੀ ਕਰਨ ਦੀ ਤਾਕਤ ਹੈ ਪਰ ਸਿੱਖ ਨੌਜਵਾਨਾਂ ਕੋਲ ਰਾਜਸੀ ਤਜਰਬਾ ਅਤੇ ਸ਼ਾਂਤਮਈ ਰਹਿਣ ਦੀ ਘਾਟ ਹੈ। ਮੈਨੂੰ ਡਰ ਰਹਿੰਦਾ ਹੈ ਕਿ ਜੇ ਪ੍ਰੋਫੈਸਰ ਸਾਹਿਬ ਦਬਾਅ ਵਿਚ ਆ ਕੇ ਇਕ ਵੀ ਰਾਜਸੀ ਗਲਤੀ ਕਰ ਗਏ ਤਾਂ ਸਿੱਖ ਕੈਦੀਆਂ ਦੇ ਬਾਹਰ ਆਉਣ ਵਿਚ ਹੋਰ ਬਹੁਤ ਦੇਰੀ ਹੋ ਸਕਦੀ ਹੈ। ਨਿਰੀ ਹਿੰਮਤ ਨਾਲ ਕੰਮ ਨਹੀਂ ਚਲਣਾ, ਹਿੰਮਤ ਤੇ ਸਿਆਸਤ ਦੋਹਾਂ ਦੀ ਲੋੜ ਹੈ।

ਜਦੋਂ ਦੇ ਸ. ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਦੇ ਪ੍ਰਧਾਨ ਬਣਾਏ ਗਏ ਇਸ ਅਕਾਲੀ ਦਲ ਨੇ ਕੋਈ ਮਾਅਰਕੇ ਵਾਲੀ ਗੱਲ ਨਹੀਂ ਕੀਤੀ। ਜਿੰਨਾ ਚਿਰ ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿਚ ਸੀ ਉਸ ਨੂੰ ਇਹ ਭਾਰੀ ਜ਼ਿੰਮੇਵਾਰੀ ਸੌਂਪਣੀ ਠੀਕ ਨਹੀਂ ਸੀ। ਪਾਣੀਪਤ ਦੀ ਹਰ ਲੜਾਈ ਵਿਚ ਜਦੋਂ ਵੀ ਫੌਜਾਂ ਦੇ ਜਰਨੈਲ ਨੂੰ ਉਸ ਦਾ ਹਾਥੀ ਲੈ ਕੇ ਮੈਦਾਨ ਵਿਚੋਂ ਭੱਜ ਗਿਆ, ਫੌਜਾਂ ਵੀ ਨਾਲ ਹੀ ਲੜਾਈ ਵਿਚੋਂ ਦੌੜ ਜਾਂਦੀਆਂ। ਗੱਲ ਸਾਰੀ ਇਕ ਜਰਨੈਲ ਦੀ ਹਾਜ਼ਰੀ ਦੀ ਹੁੰਦੀ ਹੈ। ਜੇ ਫੌਜ ਦਾ ਜਰਨੈਲ ਹਜ਼ਾਰਾਂ ਮੀਲ ਦੂਰ ਰਾਣੀ ਜਿੰਦਾ ਵਾਂਗੂੰ ਜੰਜ਼ੀਰਾਂ ਵਿਚ ਜਕੜਿਆ ਪਿਆ ਹੋਵੇ ਤਾਂ ਉਸ ਦੀ ਫੌਜ ਕਦੇ ਲੜਾਈ ਵਿਚ ਫਤਹਿ ਪਾ ਕੇ ਘਰ ਨਹੀਂ ਆ ਸਕਦੀ। ਬੰਦੇ ਬਹਾਦਰ ਨੇ ਸਾਰੇ ਪੰਜਾਬ ਦੀ ਇੱਟ ਨਾਲ ਇੱਟ ਭਿੜਾ ਦਿੱਤੀ। ਜਦੋਂ ਉਹ ਫੜ ਕੇ ਸਿਮਰਨਜੀਤ ਸਿੰਘ ਮਾਨ ਵਾਂਗੂੰ ਜੇਲ੍ਹ ਵਿਚ ਸੁੱਟ ਦਿਤਾ ਗਿਆ, ਫੇਰ ਉਹ ਆਪਣੀਆਂ ਫੌਜਾਂ ਨੂੰ ਕੀ ਲੜਾ ਸਕਿਆ? ਫੌਜ ਅੰਮ੍ਰਿਤਸਰ ਖੇਰੂੰ ਖੇਰੂੰ ਹੋਈ ਫਿਰਦੀ ਹੈ ਅਤੇ ਜਰਨੈਲ ਜੇਲ੍ਹ ਵਿਚ ਬੇਵਸ ਪਿਆ ਹੈ। ਜਾਂ ਸਿਮਰਨਜੀਤ ਸਿੰਘ ਨੂੰ ਅੰਮ੍ਰਿਤਸਰ ਲਿਆ ਕੇ ਫੌਜ ਦੀ ਜਰਨੈਲੀ ਦਿਓ ਅਤੇ ਜਾਂ ਉਸ ਦੀ ਥਾਂ ਹੋਰ ਪ੍ਰਧਾਨ ਲਾਓ ਜੋ ਆਪਣੇ ਜਥਿਆਂ ਪਾਸੋਂ ਕੋਈ ਸੇਵਾ ਲੈ ਸਕੇ। ਜਦੋਂ ਸਿਮਰਨਜੀਤ ਸਿੰਘ ਘਰ ਆਵੇਗਾ, ਪ੍ਰਧਾਨਗੀ ਉਸ ਦੇ ਸਪੁਰਦ ਕਰ ਦੇਣੀ।

ਬਾਕੀ ਪੰਨਾ 16 'ਤੇ

ਪੰਨਾ 13 ਦੀ ਬਾਕੀ

ਮੇਰਾ ਨੇੜ ਸੰਤ ਜਰਨੈਲ ਸਿੰਘ ਜੀ ਨਾਲ ਬਹੁਤ ਰਿਹਾ। ਮੇਰੇ ਗੋਆ ਜਾਣ ਮਗਰੋਂ ਵੀ ਸੰਤ ਜੀ ਆਪਣੇ ਖਾਸ ਸਿੰਘ ਸਲਾਹ ਮਸ਼ਵਰੇ ਲਈ ਗੋਆ ਭੇਜ ਦਿੰਦੇ। ਮੈਂ ਉਨ੍ਹਾਂ ਦੇ ਪਰਿਵਾਰ ਦਾ ਚੰਗਾ ਜਾਣੂ ਹਾਂ। ਮੇਰੀ ਇਹ ਸੋਚੀ ਸਮਝੀ ਰਾਏ ਹੈ ਕਿ ਬਾਬਾ ਜੋਗਿੰਦਰ ਸਿੰਘ ਹਰ ਕੁਰਬਾਨੀ ਦੇ ਸਕਦੇ ਹਨ, ਸੰਗਤਾਂ ਨੂੰ ਪਰਚਾਰ ਕਰਕੇ ਆਪਣੇ ਨਾਲ ਲਾ ਸਕਦੇ ਹਨ। ਧਰਮ ਪ੍ਰਚਾਰ ਕਰ ਸਕਦੇ ਹਾਂ। ਪਰ ਹੁਣ ਉਨ੍ਹਾਂ ਦੀ ਉਮਰ ਐਸੀ ਹੈ ਕਿ ਉਹ ਸਿੰਘਾਂ ਦੀ ਜਥੇਦਾਰੀ ਨਹੀਂ ਕਰ ਸਕਦੇ। ਇਸ ਵਕਤ ਫੌਜੀ ਕੈਦੀ, ਜੋਧਪੁਰ ਕੈਦੀ, ਮਤਾ ਆਨੰਦਪੁਰ ਸਾਹਿਬ ਦਾ, ਮਸਲਾ ਚੰਡੀਗੜ੍ਹ ਦਾ ਸਭ ਕੁਝ ਸਿਆਸਤ ਨਾਲ ਮੇਲ ਰੱਖਦਾ ਹੈ, ਧਰਮ ਨਾਲ ਨਹੀਂ। ਇਨ੍ਹਾਂ ਨੂੰ ਹੱਲ ਕਰਨ ਦੀ ਡਿਊਟੀ ਸ਼ਰੋਮਣੀ ਅਕਾਲੀ ਦਲ ਦੀ ਹੈ, ਸਿੰਘ ਸਾਹਿਬ ਦੀ ਨਹੀਂ ਹੈ। ਜੇ ਪ੍ਰੋ: ਦਰਸ਼ਨ ਸਿੰਘ ਨੇ ਪੰਥ ਦੀ ਇਸ ਸੰਕਟ ਵਿਚ ਸੇਵਾ ਕਰਨੀ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਿੰਘ ਸਾਹਿਬ ਦਾ ਅਸਤੀਫਾ ਦੇ ਕੇ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਦੀ ਜ਼ਿਮੇਵਾਰੀ ਚੁੱਕਣ ਅਤੇ ਸਿੰਘਾਂ ਨੂੰ ਅੱਜ ਦੇ ਗੇੜ ਵਿਚੋਂ ਕੱਢਣ ਦੀ ਕੋਈ ਤਰਤੀਬ ਸੋਚਣ। ਰਿਖੀ, ਮੁਨੀ, ਸੁਤੰਤਰਤਾ ਸੰਗਰਾਮੀਏ, ਐਕਟਰ ਸਭ ਸੱਚੇ ਭਾਵ ਨਾਲ ਅੰਮ੍ਰਿਤਸਰ ਆਏ ਪਰ ਇਨ੍ਹਾਂ ਕਿਸੇ ਨੇ ਸਾਡਾ ਦੁੱਖ ਪ੍ਰਧਾਨ ਮੰਤਰੀ ਦੇ ਦਿਲ ਤੱਕ ਨਹੀਂ ਪੁਚਾ ਸਕਣਾ। ਜਿੰਨੀਆਂ ਮਰਜ਼ੀ ਵਿਚਾਰਾਂ ਅਕਾਲ ਤਖਤ ਸਾਹਿਬ ਕਰੀ ਚਲੋ, ਜਿੰਨਾ ਚਿਰ ਰਾਜਸੀ ਤਾਕਤ ਨਹੀਂ ਹੈ, ਕਿਸੇ ਨੇ ਸਾਡੀ ਆਵਾਜ਼ ਨਹੀਂ ਸੁਣਨੀ।

ਕਦੇ ਕਾਬਲ ਤੋਂ 35 ਮੀਲ ਦੂਰੀ ਤੋਂ ਸੁਭਾਗਿਆ ਸੈਨ ਰਾਜਾ ਸਾਰੇ ਅਫਗਾਨਿਸਤਾਨ ਅਤੇ ਹਿੰਦੁਸਤਾਨ ਉਤੇ ਰਾਜ ਕਰਦਾ ਸੀ। ਰਿਗ ਵੇਦ ਕਾਬਲ ਵਿਚ ਹੀ ਲਿਖਿਆ ਗਿਆ। ਫੇਰ ਆਪਸੀ ਪਾਟਕ ਕਰ ਕੇ ਹਿੰਦੂ ਸਾਰਾ ਰਾਜ ਖੁਹਾ ਬੈਠੇ। ਮੁਗਲਾਂ ਨੇ ਹਿੰਦੂਆਂ ਨੂੰ ਬੁਰੀ ਤਰ੍ਹਾਂ ਖੁਆਰ ਕੀਤਾ। ਇਨ੍ਹਾਂ ਦੀ ਪੈਰ ਪੈਰ ਉਤੇ ਬੇਇਜ਼ਤੀ ਕੀਤੀ ਤੇ ਬਿਲਕੁਲ ਨਿਢਾਲ ਕਰ ਦਿੱਤਾ। ਸੈਂਕੜੇ ਸਾਲਾਂ ਤੱਕ ਫੇਰ ਹਿੰਦੂਆਂ ਨੂੰ ਕਿਸੇ ਨੇ ਰਾਜ ਸਿੰਘਾਸਨ ਦਾ ਮੂੰਹ ਨਹੀਂ ਵੇਖਣ ਦਿੱਤਾ। ਅੰਗਰੇਜ਼ ਨੇ ਵੀ ਢੰਗ ਨਾਲ ਇਨ੍ਹਾਂ ਨੂੰ ਵੰਡ ਕੇ ਹੋਰ ਕਮਜ਼ੋਰ ਕਰ ਦਿੱਤਾ। ਦੱਖਣ ਵਿਚ ਇਹ ਕਹਿ ਦਿੱਤਾ ਕਿ ਤਾਮਿਲ ਜ਼ਬਾਨ ਸੰਸਕ੍ਰਿਤ ਨਾਲੋਂ ਬਹੁਤ ਪੁਰਾਣੀ ਹੈ। ਇਸੇ ਗੱਲ ਤੋਂ ਹਿੰਦੂ ਆਪਸ ਵਿਚ ਘਸੁੰਨ ਮੁੱਕੀ ਹੋ ਗਏ। ਫੇਰ ਪਾਦਰੀਆਂ ਕਹਿ ਦਿੱਤਾ ਕਿ ਪਛੜੀ ਜਾਤੀ ਇਕ ਸਬ-ਨੇਸ਼ਨ ਹਨ। ਇਹੋ ਵੋਟ ਅੱਡ ਪਾਉਣ ਦਾ ਹੱਕ ਮੰਗ ਸਕਦੇ ਹਨ। ਇਸ ਨਾਲ ਹਿੰਦੂ ਹੋਰ ਵੰਡੇ ਗਏ। ਆਪਾਂ ਜਾਣਦੇ ਹਾਂ ਕਿ ਅੰਗਰੇਜ਼ ਸਭ ਤੋਂ ਜ਼ਿਆਦਾ ਹਿੰਦੂ ਨੂੰ ਬੁਰਾ ਸਮਝਦਾ ਸੀ। ਪਰ ਜਦੋਂ ਆਜ਼ਾਦੀ ਦੀ ਜੰਗ ਹੋਈ ਤਾਂ ਸਿਖਾਂ ਨੇ ਹਿੰਦੂ ਦਾ ਪੂਰਾ ਸਾਥ ਦਿੱਤਾ। ਜੇਲ੍ਹ ਤੇ ਲੀਡਰੀ ਹਿੱਸੇ ਆਈ ਹਿੰਦੂਆਂ ਦੇ ਅਤੇ ਫਾਂਸੀ ਤੇ ਗੋਲੀਆਂ ਸਿਖਾਂ ਦੇ। ਮਿਲ ਕੇ ਲੜੇ ਪਰ ਆਜ਼ਾਦੀ ਲੈ ਕੇ ਹਿੰਦੂ ਲੋਕਰਾਜ ਦੀ ਆੜ ਲੈ ਕੇ ਸਿਖਾਂ ਦੀ ਕੁਰਬਾਨੀ ਭੁੱਲ ਗਏ ਤੇ ਕਹਿ ਦਿੱਤਾ ਕਿ ਤੁਹਾਨੂੰ ਅਬਾਦੀ ਦੇ ਹਿਸਾਬ ਨਾਲ ਸਭ ਕੁਝ ਮਿਲੇਗਾ। ਇਸ ਵਿਚ ਸਾਡਾ ਹੱਕ ਡੇਢ ਫੀਸਦੀ ਬਣਦਾ ਹੈ ਹਿੰਦੂ ਭਰਾਵਾਂ ਨੂੰ 1947 ਵਿਚ ਰਾਜ ਸੈਂਕੜੇ ਸਾਲਾਂ ਮਗਰੋਂ ਮਿਲਿਆ। ਉਹ ਹੁਣ ਕਿਸੇ ਕੀਮਤ ਉਤੇ ਰਾਜ ਛੱਡਣਾ ਨਹੀਂ ਚਾਹੁੰਦੇ। ਜਦੋਂ ਸਿੱਖ ਕੁਝ ਮੰਗਦੇ ਹਨ ਤਾਂ ਹਿੰਦੂ ਸਮਝਦੇ ਹਨ ਕਿ ਇਹ ਸਾਡੇ ਰਾਜ ਨੂੰ ਖਤਰਾ ਹਨ। ਸਿੱਖਾਂ ਵੀ ਪਹਿਲਾਂ ਪੰਜਾਬ ਦਾ ਰਾਜ ਕਾਂਗਰਸ ਪਾਸੋਂ ਖੋਹਿਆ, ਫੇਰ ਪੰਜਾਬੀ ਸੂਬਾ ਮੰਗਿਆ ਅਤੇ ਹੁਣ ਖਾਲਿਸਤਾਨ ਦੀ ਆਵਾਜ਼ ਉਠਾਈ ਹੈ ਸਰਕਾਰ ਸਮਝਦੀ ਹੈ ਕਿ ਇਨ੍ਹਾਂ ਸਿਖਾਂ ਸਾਨੂੰ ਆਰਾਮ ਨਾਲ ਰਾਜ ਕਰਨ ਹੀ ਨਹੀਂ ਦੇਣਾ। ਜੇ ਹੁਣ ਹਾਲਾਤ ਅਕਾਲ ਤਖਤ ਸਾਹਿਬ ਢਾਹੁਣ ਤੱਕ ਚਲੇ ਹੀ ਗਏ ਹਨ ਤਾਂ ਕਿਉਂ ਨਾ ਹੁਣ ਸਿਖਾਂ ਨੂੰ ਇਕ ਵਾਰੀ ਏਨਾ ਕਮਜ਼ੋਰ ਕਰ ਲਈਏ ਕਿ ਫੇਰ ਕਦੇ ਗੁਰਦੁਆਰਿਆਂ ਵਿਚੋਂ ਮੋਰਚਾ ਲਾ ਕੇ ਸਿੰਘ ਜਥੇ ਤੋਰਨ ਜੋਗੇ ਨਾ ਰਹਿਣ। ਇਹ ਤਾਂ ਹੀ ਹੋ ਸਕਦਾ ਹੈ ਕਿ ਜੇ ਪੁਲੀਸ ਜਦੋਂ ਜੀਅ ਚਾਹੇ ਗੁਰਦੁਆਰਿਆਂ ਵਿਚ ਜਾ ਕੇ ਤਲਾਸ਼ੀ ਲੈ ਸਕੇ। ਇਸ ਕੰਮ ਵਿਚ ਦੇਸ਼ ਦੇ ਕਰੀਬਨ ਸਾਰੇ ਹਿੰਦੂ, ਰਾਜਸੀ ਪਾਰਟੀਆਂ ਅਤੇ 95 ਫੀਸਦੀ ਦਿੱਲੀ ਦੇ ਸਿੱਖ ਪ੍ਰਧਾਨ ਮੰਤਰੀ ਦੇ ਨਾਲ ਹਨ। ਸਿੱਖ ਨੌਜਵਾਨ ਜੋ ਗੋਲੀ ਸਿੱਕਾ ਚਲਾਉਂਦੇ ਹਨ, ਉਸ ਕਰਕੇ ਸਾਰੀ ਵਿਰੋਧੀ ਧਿਰ ਪ੍ਰਧਾਨ ਮੰਤਰੀ ਨਾਲ ਜਾ ਮਿਲੀ ਹੈ। ਜੇ ਰੋਜ਼ 10 ਪੰਜਾਬੀ ਮਾਰੇ ਵੀ ਜਾਣ ਤਾਂ ਦਿੱਲੀ ਨੂੰ ਇਸ ਦਾ ਕੀ ਦੁੱਖ? ਅਜ ਤਲਵਾਰ ਨਾਲੋਂ ਜਨਤਾ ਦੀ ਮੱਦਦ ਜ਼ਿਆਦਾ ਕਾਟ ਕਰਦੀ ਹੈ। ਸਾਨੂੰ ਦੂਸਰੇ ਲੋਕਾਂ ਦੀ ਮੱਦਦ ਦੀ ਵੀ ਲੋੜ ਹੈ ਅਤੇ ਆਪਣੀ ਹਿੰਮਤ ਤੇ ਕੁਰਬਾਨੀ ਦੀ ਵੀ। ਨਿਰਾ ਗੋਲੀ ਨਾਲ ਕੰਮ ਨਹੀਂ ਚਲ ਸਕਦਾ।

ਰੋਲ ਰਿਹਾਂ ਹਾਂ ਮੈਂ ਜੀਵਨ ਨੂੰ, ਕਿਤਨੇ ਝੂਠੇ ਲਾਰੇ
ਕਿਤਨੀ ਦੇਰ ਵਿਛੋੜੇ ਵਾਲੇ, ਤੀਰ ਕੋਈ ਹੁਣ ਖਾਵੇ।

ਇਸ਼ਕ ਦੀ ਪੂਜਾ ਮੈਂ ਹੈ ਕੀਤੀ, ਰੱਬ ਨੂੰ ਕਿਸ ਲਈ ਪੂਜਾਂ
ਭਾਵੇਂ ਮੈਨੂੰ ਡੋਬ ਦੇਵੇ, ਹੁਣ ਭਾਵੇਂ ਯਾਰ ਮਿਲਾਵੇ।

ਗੁਲਜ਼ਾਰ ਸਿੰਘ ਅੰਮ੍ਰਿਤ, ਰੈਡਿੰਗ

ਦੋ .ਗ਼ਜ਼ਲਾਂ

ਸੁਰਿੰਦਰ ਗਿੱਲ

ਖੁਸ਼ਬੋ ਦੇ ਵਣਜਾਰੇ ਮਿੱਤਰ, ਢੁਕ ਢੁਕ ਬੈਠਣ ਨੇੜੇ।
ਜਦ ਵੇਖਣ ਮੁਕ ਚੱਲੇ ਦਾਣੇ, ਝਟਪਟ ਕਰਨ ਨਿਖੇੜੇ।
ਟਿਕ ਟਿਕ ਟਿਕ ਚੂਹਾ, ਉਮਰਾ ਨੂੰ ਟੁੱਕੀ ਜਾਂਦਾ,
ਯਾਦਾਂ ਧੂੜ ਗਿੜੀ ਜਾਂਦੇ ਨੇ, ਦਿਵਸ ਰਾਤ ਦੇ ਗੇੜੇ।
ਅੱਖਾਂ ਵਿਚ ਘੁੰਮਣ ਤਸਵੀਰਾਂ, ਮਨ ਦਾ ਲੇਖਾ-ਜੋਖਾ,
ਕਿੱਥੋਂ ਤੁਰਿਆ, ਕਿੱਥੇ ਜਾਣਾ, ਕਿਹੜੇ ਪੰਧ ਨਿਬੇੜੇ।
ਮੂੰਹ ਆਸ਼ਾ ਦਾ ਊਸ਼ਾ ਵਰਗਾ, ਸੋਨ-ਸੁਨਹਿਰੀ ਧੁੱਪਾਂ,
ਅਸਲ ਜ਼ਿੰਦਗੀ ਔਝੜ ਪੈਂਡੇ, ਕੌੜੇ ਝਗੜੇ ਝੇੜੇ।
ਕੀ ਜਾਣੇ ਕਦ ਲੰਘਣੀ ਰੰਗ ਸੁਗੰਧਾਂ ਦੀ ਅਸਵਾਰੀ,
ਕਿਉਂ ਸਿਰ ਸੁੱਟੀ ਬੈਠਾਂ, ਕਿਉਂ ਤੂੰ ਆਸਾਂ ਦੇ ਦਰ ਭੇੜੇ।
ਬਦਲੇ ਬਦਲੇ ਯਾਰ ਦੇਖ, ਅਣਡਿੱਠ ਹੀ ਕਰਦੇ ਆਏ,
ਅੱਖਾਂ ਹੀ ਜੇ ਫੇਰ ਗਏ ਤਾਂ, ਕਰਨੇ ਠੀਕ ਨਿਖੇੜੇ।
ਗਿੱਲਾ ! ਔਖੇ ਵੇਲੇ ਕੀ ਸੀ, ਅੰਗ ਪਾਲਣਾ ਓਹਨਾਂ
ਮਸ਼ਹੂਰੀ ਦੀ ਲੋਰ 'ਚ ਤੇਰਾ, ਸੰਗ ਛੱਡ ਗਏ ਜਿਹੜੇ।

2.

ਕਾਹਦੀ ਰੁੱਤ ਜੇ ਨ ਖਹੀ ਅੰਗਿਆਰਿਆਂ ਦੇ ਨਾਲ।
ਲਿਆ ਲੋਹਾ ਨਾ ਕਠੋਰ ਹਤਿਆਰਿਆਂ ਦੇ ਨਾਲ।
ਕਾਹਦਾ ਰੰਗ ਜੇ ਨ ਚੜ੍ਹੇ ਉਹ ਮਜੀਠ ਵਾਂਗਰਾਂ,
ਕਾਹਦਾ ਰੂਪ ਜੇ ਨ ਮੱਚਿਆ ਸ਼ਰਾਰਿਆਂ ਨਾਲ।
ਸਿੱਲ ਪੱਥਰਾਂ ਨੂੰ ਪਾਣੀਆਂ ਦੇ ਗੀਤ ਨਾਲ ਕੀ,
ਜੁੜੇ ਰਹਿਣ ਸਦਾ ਸਦਾ ਜੋ ਕਿਨਾਰਿਆਂ ਦੇ ਨਾਲ।
ਉਹਦੇ ਜ਼ੁਲਮ ਦਾ ਜਹਾਜ਼ ਠੀਕ ਡੁੱਬਣਾ ਹੀ ਸੀ,
ਉਹਦਾ ਭਰ ਗਿਆ ਸੀ ਪੂਰ ਪਾਪਾਂ ਭਾਰਿਆਂ ਦੇ ਨਾਲ।
ਬੁੱਢੇ ਬੋੜ੍ਹ ਹੇਠ ਸੁੱਕੇ ਘਾਅ 'ਚ ਸੱਪ ਵਸਦਾ
ਜ਼ਹਿਰ ਫਿਜ਼ਾ 'ਚ ਫੈਲਾਵੇ ਫੁੰਕਾਰਿਆਂ ਦੇ ਨਾਲ।
ਚਿੱਪ ਦੇਈਏ ਸਿਰੀ ਸੱਪ ਦੀ ਓ ਜਿਉਣ ਜੋਗਿਓ,
ਆਓ ਲਈਏ ਇਹਨੂੰ ਹੱਥਾਂ ਕਰਾਰਿਆਂ ਦੇ ਨਾਲ।
ਕਿਵੇਂ ਮਜ਼੍ਹਬਾਂ ਦੀ ਕੈਦ ਵਿਚ ਕੈਦ ਰਹਿਣ ਉਹ
ਜਿੰਨ੍ਹਾਂ ਉਡਣਾ ਬੁਲੰਦ ਚੰਦਾਂ ਤਾਰਿਆਂ ਦੇ ਨਾਲ।

ਬੋਲੀ ਟੋਲ ਰਹੀ, ਬੋਲੀ ਦੇ ਹਮਜੋਲੀ

ਜਗਸੀਰ ਸਿੰਘ

ਬੋਲੀ ਦੇ ਵਿਚ ਬੜੀ ਐ ਬਰਕਤ
ਬੋਲੀ 'ਚ ਬਲ ਬਥੇਰਾ।
ਬੋਲੀ ਦਿਲ ਦੀ ਘੁੰਡੀ ਖੋਲ੍ਹੀ,
ਹੋ ਜਾਏ ਦੂਰ ਹਨੇਰਾ।
ਕੌਮਾਂ ਦੀ ਜਿੰਦ-ਜਾਨ ਮਾਂ ਬੋਲੀ,
ਮਿਥਦੀ ਕੌਮੀ ਘੇਰਾ।
ਬੋਲ ਪੰਜਾਬੀ ਦੇ, ਬੋਲ ਪੰਜਾਬੀ ਸ਼ੇਰਾ।

ਪੰਜਾਬੀ ਬੋਲੀ ਮਾਖਿਓਂ ਮਿੱਠੀ,
ਮਨ ਮਰਯਾਦਾ ਭਾਵੇ।
ਭਾਵੇਂ ਗਾਵੇ, ਗੀਤ ਖੁਸ਼ੀ ਦੇ,
ਮਨ ਦੀ ਤਾਰ ਹਲੌਂਵੇ।
ਮਨ ਦੇ ਵਲਵਲੇ ਪ੍ਰਗਟ ਕਰਦੀ,
ਜਦ ਕੋਈ ਬੋਲ ਸੁਣਾਵੇ।
ਬੋਲੀ ਸੱਜਣਾਂ ਦੀ ਬਹਿ ਸੀਨੇ ਵਿਚ ਜਾਵੇ।

ਸੱਜਣਾ ਸੱਚੀ ਸਾਂਝ ਦਿਲਾਂ ਦੀ
ਬੋਲੀ ਹੀ ਪ੍ਰਗਟਾਵੇ।
ਨਫਰਤ ਘਿਰਨਾ ਜੇ ਕੋਈ ਬੋਲੇ,
ਖੋਰ ਚਟਾਨਾਂ ਜਾਵੇ।
ਸ਼ਰੀਕ ਦੀ ਬੋਲੀ ਸੱਪ ਬਣ ਲੜਜੇ,
ਮਨ ਤੇ ਸਿਰ ਚਕਰਾਵੇ।
ਮਾਰੀ ਬੋਲੀ ਦਾ ਕੋਈ ਨਾ ਇਲਾਜ ਥਿਆਵੇ।

ਇਕ ਬੋਲੀ ਕਹਿੰਦੇ ਮੰਡੀ 'ਚ ਹੁੰਦ
ਜਿਥੇ ਬਾਪੂ ਫਸਲ ਲੈ ਬਹਿੰਦਾ।
"ਕਦੋਂ ਆਊ ਕੰਜਰ ਦੀ ਬੋਲੀ",
ਬਾਪੂ ਅੱਕਿਆ ਕਹਿੰਦਾ।
ਆਏ ਵਪਾਰੀ ਬੋਲ ਗਏ ਬੋਲੀ,
ਕੱਖ ਪੱਲੇ ਨਹੀਂ ਪੈਂਦਾ।
ਹੁੰਦੀ ਬੋਲੀ ਤੋਂ ਬਾਪੂ 'ਗਿੱਚੀ
ਖੁਰਕਦਾ' ਰਹਿੰਦਾ।

ਪੰਜ ਦਰਿਆਵਾਂ ਦੀ ਪੰਜਾਬੀ,
ਚਾਰਖਾਨੇ ਵਾਂਗ ਵੰਡੀ।
ਪਾਕਿਸਤਾਨ, ਹਰਿਆਣਾ, ਹਿਮਾਚਲ,
ਵੱਢ ਬੋਲੀ ਦੀ ਘੰਢੀ।
ਮੁੰਡੇ ਜਿੱਡਾ ਪੰਜਾਬ ਰਹਿ ਗਿਆ!
ਜਾਏ ਹਕੂਮਤ ਛੰਡੀ।
ਬਣਾ 'ਤੀ ਬੁੱਚੜਾਂ ਨੇ ਬੋਲੀ ਲੋਥਾਂ ਦੀ ਮੰਡੀ।

ਪੰਜਾਬੀ ਸੂਬਾ ਜਦੋਂ ਸੀ ਬਣਿਆ,
ਬੋਲੀ ਪੁੱਛਣ ਆਉਂਦੇ।
ਦੱਸਣ ਵਾਲੇ ਬੋਲਣ ਪੰਜਾਬੀ,
ਹਿੰਦੀ ਫਿਰਨ ਲਿਖਾਉਂਦੇ।
ਬੋਲਣ ਪੰਜਾਬੀ "ਲਿਖ ਦਿਓ ਹਿੰਦੀ",
ਅੱਖੀਂ ਘੱਟਾ ਪਾਉਂਦੇ।
ਜੇ ਮਰ ਜੇ ਮਾਂ ਸੱਜਰੀ, ਵੈਣ ਪੰਜਾਬੀ 'ਚ
ਪਾਉਂਦੇ।

ਬੋਲੀ 'ਤੇ ਬੰਨ੍ਹ ਮਾਰਿਆ ਕੀਹਨੇ,
ਕਿਉਂ ਨਹੀਂ ਅੱਗੇ ਤੁਰਦੀ।
ਮਾਂ-ਬੋਲੀ ਤੋਂ ਜਿਹੜੇ ਮੁੱਕਰੇ,
ਮੱਤ ਉਨ੍ਹਾਂ ਦੀ ਖੁਰਦੀ।
'ਸਰਫ' ਕਹੇ ਜੀਹਦੀ ਸਾਰ ਨੀ ਪੁੱਛੀ,
ਉਹ ਬੋਲੀ ਅੱਜ "ਝੁਰਦੀ"।
ਬੋਲਿਆ ਮੁਆਫ ਕਰੀਂ, ਟਿਕਟ ਕੱਟਾਂਗੇ ਧੁਰ
ਦੀ।

ਪੰਜਾਬੀ ਬੋਲੀ ਜੱਟ-ਕੀ-ਬੋਲੀ
ਜਾਂ ਇਹਨੂੰ ਕਹਿਣ ਗੁਆਰਾਂ।
ਮਾਂ-ਬੋਲੀ ਤੋਂ ਬੇਮੁੱਖ ਹੋਏ,
ਇਤਿਹਾਸ ਪਾਊ ਫਿਟਕਾਰਾਂ।
ਅਸੀਂ ਪੰਜਾਬੀ ਜ਼ਬਾਨ ਤੋਂ ਸਾਂਝੇ
ਕਰੀਏ ਸੋਚ ਵਿਚਾਰਾਂ।
ਹਿੰਦੀ ਥੋਪ ਰਹੀਆਂ, ਥੋਪ ਰਹੀਆਂ ਸਰਕਾਰਾਂ।

ਬੁਲਬੁਲ ਬੋਲੇ ਕੋਇਲ ਕੂਕਦੀ,
ਆਪੋ ਆਪਣੀ ਬੋਲੀ।
ਪਪੀਹਾ ਪਿਆਸਾ ਤਰਸਦਾ ਬੋਲੇ,
ਘੋਲ-ਘਾਲਣਾ ਘੋਲੀ।
ਬੱਕਰੇ ਦੀ ਕਸਾਈ ਨਾ ਸਮਝੇ,
ਕੀ ਹੁੰਦੀ ਐ ਬੋਲੀ?
ਬੋਲੀ ਟੋਲ ਰਹੀ, ਬੋਲੀ ਦੇ ਹਮਜੋਲੀ।

ਅਮੀਰ ਬੋਲੀ ਬਣਾਉਣੀ ਪੰਜਾਬੀ
ਨਹੀਂ ਨਿਮਾਣੀ ਰਹਿਣੀ।
ਸੰਸਕ੍ਰਿਤ 'ਦੀ ਢੂਹੀ ਲਾਉਣੀ,
"ਡਿਸਕੋ" ਦੇ ਸੰਗ ਖਹਿਣੀ।
ਸੰਗਰਾਮਾਂ ਦੀ ਰਹੀ ਲੜਾਕੂ
ਇਹਨੇ ਤੜੀ ਕੀ ਸਹਿਣੀ।
ਗਿੱਧੇ ਭੰਗੜੇ 'ਚ ਇਹ ਬੋਲੀ ਐ ਪੈਣੀ।





ਸਾਹਿਤ ਤੇ ਕਲਾ



ਕਹਾਣੀ

ਜਿਸ ਤਨ ਲੱਗੇ

ਹਰਭਜਨ ਹਾਂਸ

ਐਹ ਰੁੱਤੇ ਕੈਨੇਡਾ ਅੱਤ ਦੀ ਠੰਢ ਪੈ ਰਹੀ ਹੈ। ਤਾਪਮਾਨ ਕਿਧਰੇ-ਕਿਧਰੇ ਜੀਰੋ ਤੋਂ ਵੀ ਚਾਲ੍ਹੀ ਦਰਜੇ ਥੱਲੇ ਨਿਘਰ ਜਾਂਦਾ ਹੈ। ਰਾਤ—ਦਿਨ 'ਚ ਵਾਅਲਾ ਫਰਕ ਜਿਹਾ ਨਹੀਂ — ਸੂਰਜ ਦੇਖਿਆਂ ਜਿਵੇਂ ਮੁਦਤਾਂ ਹੋ ਗਈਆਂ। ਦਿਨੇ—ਰਾਤੀਂ ਬਿਜਲੀ ਦੇ ਲੱਖਾਂ ਲਾਟੂ ਧੁੰਦਲੇ ਜਿਹੇ ਵਾਤਾਵਰਨ ਨੂੰ ਰਸ਼ਨਾਉਣ ਦੀ ਅਸਫਲ ਕੋਸ਼ਿਸ਼ 'ਚ ਲੱਗੇ ਰਹਿੰਦੇ ਨੇ। ਬਰਫ ਨਾਲ ਲੱਦੀ ਧਰਤੀ ਚੰਡੀਗੜ੍ਹ ਦੇ ਸੈਕਟਰ ਸਤਾਰਾਂ ਦੀ ਮਾਰਕੀਟ 'ਚ ਠੂਰ ਠੂਰ ਕਰਦੇ ਮੰਗਤੇ ਵਰਗੀ ਸਤ-ਹੀਣ ਜਿਹੀ ਪ੍ਰਤੀਤ ਹੁੰਦੀ ਹੈ।

ਘੜੀਆਂ ਦੇ ਕਹਿਣ ਮੁਤਾਬਕ ਸਵੇਰ ਹੁੰਦਿਆਂ ਹੀ ਹਜ਼ਾਰਾਂ ਕਾਰਾਂ ਵਾਯੂ ਮੰਡਲ 'ਚ ਚਾਨਣ ਖਲੇਰਦੀਆਂ ਆਪਣੇ ਆਪਣੇ ਮਾਲਕਾਂ ਨੂੰ ਕੰਮਾਂ, ਸਕੂਲਾਂ ਜਾਂ ਹੋਰ ਮੁਕਾਮਾਂ ਵਲ ਲੈ ਭੱਜਦੀਆਂ ਨੇ। ਪਰ ਮੈਂ ਕਾਰ ਦਾ ਮਾਲਕ ਹੁੰਦੇ ਹੋਏ ਵੀ, ਸਕੂਲ ਕਾਰ ਤੇ ਨਹੀਂ ਜਾਂਦਾ। ਕਾਰ-ਡਰਾਈਵਿੰਗ ਮੈਨੂੰ ਭੈੜੀ ਲਗਦੀ ਹੈ। ਟਰੈਫਿਕ ਲਾਈਟਾਂ ਦੇ ਰੰਗ ਬਦਲਣ ਦੇ ਇੰਤਜਾਰ 'ਚ ਖੜ੍ਹਿਆਂ ਮੇਰਾ ਸਾਹ ਕਾਹਲਾ ਪੈ ਜਾਂਦਾ ਹੈ। ਲਿਫਟ ਟਰਨ ਦਾ ਸਿਗਨਲ ਦੇਕੇ ਜਦ ਕੋਈ ਸਾਰਾ ਪਿਛਲਾ ਟਰੈਫਿਕ ਰੋਕ ਦਿੰਦਾ ਹੈ ਤਾਂ ਮੇਰੇ ਸਿਰ 'ਚ ਹਥੌੜੇ ਵੱਜਦੇ ਪ੍ਰਤੀਤ ਹੁੰਦੇ ਨੇ — ਏਸੇ ਲਈ ਮੈਂ ਬੱਸ ਤੇ ਜਾਂਦਾ ਹਾਂ ਨਾਲੇ ਬੱਸ ਨਾਲ ਮੇਰਾ ਵਰ੍ਹਿਆਂ ਦਾ ਰਿਸ਼ਤਾ! ਭਰੀ ਹੋਈ ਬੱਸ 'ਚ ਸਫਰ ਕਰਨ ਦਾ ਚਸਕਾ ਤੇ ਉਦੋਂ ਪੈ ਗਿਆ ਸੀ ਜਦੋਂ ਆਪਣੇ ਪਿੰਡ ਦਾ ਸਕੂਲ ਪਾਸ ਕਰਕੇ ਸ਼ਹਿਰ 'ਚ ਕਾਲਜ ਗਿਆ ਸੀ। ਕੀ ਦਿਨ ਸੀ! ਕੰਡਕਟਰ ਨੇ ਆਕੇ ਟਿਕਟ ਪੁਛਣਾ ਤਾਂ ਹੱਥ ਨਾਲ ਹੀ ਸਮਝਾ ਦੇਣਾ, "ਅਗਾਂਹ ਲਊਂਗਾ ਤੇ ਦਿਲ ਨੇ ਕਹਿਣਾ, "ਗਾਂਹ ਕੇਹੜਾ ਬਿਰਲਾ ਖੜ੍ਹਾ ?" ਤੇ ਬਿਰਲੇ ਨੇ ਪਿਛੇ ਹੱਥ ਕਰ ਦੇਣਾ, ਜਿਵੇਂ ਕਹਿ ਰਿਹਾ ਹੋਵੇ, 'ਮੇਰਾ ਟਿਕਟ ਤਾਂ ਪਿਛੇ ਟਾਟੇ ਨੇ ਕਟਾ ਲਿਆ!' ਕੁਛ ਕੰਡਕਟਰ ਵੀ ਸਾਡੇ ਵਰਗੇ ਭੁਖ-ਨੰਗਾਂ ਨੂੰ ਅਣਗੌਲਦੇ ਰਹੇ, ਉਨ੍ਹਾਂ ਨੂੰ ਕਿਹੜਾ ਰੋਡਵੇਜ਼ ਦਾ ਹੇਜ ਮਾਰਦਾ ਸੀ — ਅੱਧੀਓਂ ਵੱਧ ਸਵਾਰੀਆਂ ਦੇ ਪੈਸੇ ਉਹ ਆਪਣੇ ਬੱਬਰ 'ਚ ਤੇ ਅੱਧਿਓਂ ਘੱਟ ਦੇ ਸਰਕਾਰੀ ਝੋਲੇ 'ਚ ਪਾਉਂਦੇ ਸੀ।

ਪਰ ਇਥੋਂ ਦੀਆਂ ਬੱਸਾਂ ਕੀ ਨੇ? ਏਥੋਂ ਦੇ ਸਾਰੇ ਡਰਾਈਵਰਾਂ ਚੋਂ ਇਕ ਵੀ ਸਿਧਵਾਂ ਵਾਲਾ ਮੁਹਿੰਦਰ ਨੀ ਲੱਭਿਆ। ਭਰੀ ਬੱਸ 'ਚ ਗਰਮੀ ਦਾ ਸਤਾਇਆ ਜੇ ਕਿਸੇ ਜਨਾਨੀ ਦਾ ਬੱਚਾ ਰੋ ਪਿਆ ਤਾਂ ਭਲੇਮਾਣਸ ਨੇ ਟੁਟਕੇ ਪੈ ਜਾਣਾ, "ਨੀ -- ਏਹਤੋਂ ਨਾਲ ਲਿਆਕੇ ਗੁਦਾਵਰੀ ਕਰਾਉਣੀ ਸੀ --- ਘਰੇ ਸੱਸ ਨੂੰ ਫੜਾ ਆਉਂਦੀ ... ਸੱਸ ਨਾਲ ਕੇਹੜਾ ਬਣਦੀ ਹੋਊ ... ਅੱਜ ਕੱਲ੍ਹ ਦੀਆਂ ਫੈਸ਼ਨੋਆਂ ਤਾਂ ਸੱਸ-ਸੁਹਰੇ ਨੂੰ ਊਈਂ ਫਾਂਡਰੂ ਸਮਝਦੀਆਂ!"

ਜੁਆਕ ਦੀ ਮਾਂ ਨੇ ਨੀਵੀਂ ਪਾ ਲੈਣੀ, ਬਾਕੀ ਸਵਾਰੀਆਂ ਨੇ ਢੀਠਾਂ ਵਾਂਗ ਖੀਂ ਖੀਂ ਕਰਕੇ ਇੰਜ ਹੱਸਣਾ ਜਿਵੇਂ ਬੀਰਬਲ ਅਕਬਰ ਨੂੰ ਲਤੀਫਾ ਸੁਣਾਕੇ ਹਟਿਆ ਹੋਵੇ।

ਤੇ ਕੈਨੇਡਾ 'ਚ! "ਗੁੱਡ ਮੌਰਨਿੰਗ ... ਹਯੂ ਆਰ ਯੂ ?" ਡਰਾਈਵਰ ਦੇ ਬੋਲ ਕੰਨਾਂ 'ਚ ਬੱਸ ਚੜ੍ਹਦੇ ਸਾਰ ਪੈਂਦੇ ਨੇ। ਟਿਕਟ ਲਈ ਦਿੱਤਿਆਂ ਪੈਸਿਆਂ ਦੇ ਇਵਜ 'ਚ ਥੈਂਕਯੂ ਵੀ ਮਿਲਦਾ ਹੈ, ਸਣੇ ਟਿਕਟ!

ਪੰਜਾਬ ਰੋਡਵੇਜ ਤੇ ਮੈਨੂੰ ਤਰਸ ਆਉਂਦਾ ਹੈ। "ਰੋਡਵੇਜ ਦੀ ਲਾਰੀ ਕੀ ਖਸਮਾਂ ਨੂੰ ਖਾਣੇ, ਜੀਹਨੂੰ ਚਲਾਉਣ ਵਾਲੇ ਮੁਹਿੰਦਰ ਸਿੰਘ ਹੋਰੀਂ ਸ਼ਿਵਜੀ ਤੋਂ ਕੁਹਾੜੇ ਨਾਲ ਮੂੰਹ ਪੜਵਾਕੇ ਲਿਆਏ ਨੇ!"

ਲਾਰੀ ਤੋਂ ਬਾਅਦ ਮੈਂ ਲਾਰੀ ਵਿਚਲੇ ਬੈਠੇ ਲੋਕਾਂ ਬਾਰੇ ਸੋਚਦਾਂ ਹਾਂ। ਇਕ ਦੂਜੇ ਦੇ ਪੈਰਾਂ ਤੇ ਰੋਲਰ ਫੇਰਦੇ ਬਸ ਵਿਚਕਾਰੇ ਡੰਡੇ ਨਾਲ ਲਮਕਦੇ ਲੋਕ ਇਉਂ ਪ੍ਰਤੀਤ ਹੁੰਦੇ ਨੇ ਜਿਵੇਂ ਕੰਡਿਆਂ ਦੀ ਵਾੜ ਨੀਂਲ ਘੀਆ ਕੱਦੂ ਦੀ ਵੇਲ ਚਿੰਬੜੀ ਹੋਵੇ। ਹੁਣ ਤੇ ਖੌਰੇ ਹਾਲਤ ਓਦੂੰ ਵੀ ਤਰਸਯੋਗ ਬਣ ਗਈ ਹੋਣੀ ਐ, ਕੀ ਪਤਾ ਕਿਹੜੇ ਵੇਲੇ ਚਾਰ ਚੋਬਰ ਬਸ ਰੋਕ ਕੇ ਇਕ ਤਬਕੇ ਦੇ ਲੋਕਾਂ ਨੂੰ ਮਸ਼ੀਨ ਗੰਨਾਂ ਨਾਲ ਛੱਲਣੀ ਕਰ ਦੇਣ!

ਮੇਰੀ ਸੋਚ ਕੈਨੇਡਾ ਪਰਤ ਆਉਂਦੀ ਹੈ।

ਕਤਾਰਾਂ 'ਚ ਬਸ ਅੱਡੇ ਖੜ੍ਹੇ ਲੋਕ ਬੱਸ ਦਾ ਇੰਤਜ਼ਾਰ ਕਰਦੇ ਨੇ। ਬਹੁਤ ਵਾਰ ਭੀੜ ਵੀ ਹੁੰਦੀ ਹੈ — ਪਰ ਭੀੜ ਧੱਕਮ-ਧੱਕਾ ਨਹੀਂ ਹੁੰਦੀ। ਲੋਕ ਬਸ ਚੜ੍ਹਦੇ ਨੇ, ਸੀਟ ਲੈ ਕੇ ਕਿਤਾਬ ਖੋਲ੍ਹ ਪੜ੍ਹਨ 'ਚ ਲੀਨ ਹੋ ਜਾਂਦੇ ਨੇ। ਕੋਈ ਮੁੰਡਾ-ਕੁੜੀ ਬੱਸ ਦੇ ਖੂੰਜੇ 'ਚ ਪ੍ਰੇਮ-ਵਾਰਤਾਲਾਪ ਕਰ ਰਹੇ ਹੁੰਦੇ ਨੇ ਪਰ ਕੋਈ ਨਿਗਾਹ ਉਨ੍ਹਾਂ ਵੱਲ ਨਹੀਂ ਉਠਦੀ, ਕੋਈ ਉਨ੍ਹਾਂ ਦੇ ਬੋਲਾਂ ਦੀ ਕਨਸੋਅ ਨਹੀਂ ਲੈਂਦਾ। ਸੌ ਸੌ ਗਜ਼ ਦੇ ਫਾਸਲੇ ਤੇ ਬਸ ਰੁਕਦੀ ਹੈ ਕੋਈ ਉਤਰਦਾ ਹੈ, ਕੋਈ ਚੜ੍ਹਦਾ ਹੈ। ਬਾਹਰ ਬਹੁਤ ਠੰਢ ਹੈ, ਪਰ ਬੱਸ ਅੰਦਰ ਤਾਪਮਾਨ ਕਾਫੀ ਉਚਾ ਹੈ। ਓਵਰਕੋਟ ਉਤਾਰ ਲੋਕ ਬਾਹਾਂ ਤੇ ਰੱਖ ਲੈਂਦੇ ਨੇ।

ਤੇ ਇਸ ਗੋਰੀ ਚਮੜੀ 'ਚ ਕੋਈ ਕੋਈ 'ਅਸੀਂ' ਵੀ ਬੈਠੇ ਹਾਂ — ਅਸੀਂ ਹਿੰਦੂ, ਈਸਟ ਇੰਡੀਅਨ, ਕਾਲੀ ਚਮੜੀ। ਕਈ ਕੁੜੀਆਂ ਨੇ — ਜੋ ਡਾਊਨ ਟਾਊਨ ਕਿਸੇ ਰੈਸਟੋਰੈਂਟ 'ਚ ਭਾਂਡੇ ਧੋਣ ਦਾ ਕੰਮ ਕਰਦੀਆਂ ਨੇ ਸੁਤੀਆਂ - ਸੁਤੀਆਂ, ਬੇ-ਰੂਪ ਜਿਹੀਆਂ, ਪੂਰਨ ਸਿੰਘ ਦੀਆਂ ਕਵਿਤਾਵਾਂ ਵਾਲੀ 'ਪੰਜਾਬ ਦੀ ਜੱਟੀ' ਤਾਂ ਕਿਸੇ ਪਾਸਿਓਂ ਵੀ ਨਹੀਂ ਹੈ, ਇਨ੍ਹਾਂ 'ਚੋਂ ਕੋਈ।

ਤੇ ਸਾਡੇ ਬਰਖੁਰਦਾਰ ਕੈਨੇਡੀਅਨ ਕਾਕੇ! ਵੱਡੇ ਵੱਡੇ ਗੰਮ੍ਹ-ਸ਼ੂਜ ਤੇ ਬੇ-ਸੁਆਦੇ ਤੇ ਮੁਸ਼ਕੇ ਜਿਹੇ ਲੰਬੇ-ਲੰਬੇ ਝੱਗੇ ਤੇ ਗੰਦੀਆਂ ਜੀਨਾਂ 'ਚ ਇਹੀਓ ਨੇ। ਸਾਡੇ ਇਨ੍ਹਾਂ ਰੁਸਤਮਾਂ 'ਚੋਂ ਵਾਹਲੇ ਬਿਲਡਿੰਗਾਂ ਸਾਫ ਕਰਦੇ ਨੇ, ਬਾਕੀ ਕੰਪਨੀਆਂ ਦੇ ਮਸ਼ਹੂਰੀ ਦੇ ਇਸ਼ਤਿਹਾਰ ਵੰਡਣ ਦੀ ਜੌਬ ਕਰਦੇ ਨੇ, ਬੇਹੇ - ਬੇਹੇ ਉਦਾਸ ਉਦਾਸ!

ਤੇ ਇਸ ਗੋਰਿਆਂ - ਕਾਲਿਆਂ ਦੇ ਹਜੂਮ 'ਚ ਉਹ ਵੀ ਹੈ — ਉਹ ਜੋ ਕਿਸੇ ਰੈਸਟੋਰੈਂਟ 'ਚ ਡਿਸ਼ਵਾਸ਼ਰ ਮਸ਼ੀਨ ਤੇ ਕੰਮ ਕਰਦੀ ਹੈ। ਸੁਹਣੀ ਜਿਹੀ, ਕਮਲਾਈ ਜਿਹੀ — ਟਾਹਣੀਓ ਟੁੱਟੀ ਅਧਖਿੜ੍ਹੀ ਕਲੀ ਵਰਗੀ। ਉਸ ਦਾ ਵਾਰ-ਵਾਰ ਮੇਰੇ ਵੱਲ ਗਰਦਣ ਘੁਮਾਕੇ ਵੇਖਣਾ ਮੈਨੂੰ ਕਿਸੇ ਦਿਲ-ਗੁੱਠੇ ਘੁਤਕੁਤੀਆਂ ਦਾ ਅਹਿਸਾਸ ਹੋਣ ਲਗਦਾ ਹੈ।

"ਇਹ ਕੋਈ ਗੱਲ ਹੈ!" ਮੇਰੇ ਦਿਮਾਗ ਦਾ ਕੰਪਿਊਟਰ ਫੈਸਲਾ ਕਰਦਾ ਹੈ।

"ਹਾਏ! ਹਯੂ ਆਰ ਯੂ !!" ਮੈਂ ਤਿੰਨ ਚਾਰ ਦਿਨ ਦੀ ਕੁਤੇ-ਝਾਕਣੀ ਬਾਅਦ ਦਿਲ-ਗੁਰਦਾ ਤਕੜਾ ਕਰਕੇ ਉਹਦੇ ਨਾਲ ਬੈਠਦਾ ਬੋਲਿਆ।

"ਫਾਈਨ! ... ਵਧੀਆ ਹਾਂ! ... ਹਾਲ ਪੁਛਣ ਦਾ ਸ਼ੁਕਰੀਆ!" ਉਹ ਲਫਜ਼ ਇਕੱਠੇ ਕਰ-ਕਰ ਬੋਲਦੀ ਹੈ।

"ਤੂੰ ਇਸੇ ਸ਼ਹਿਰ 'ਚ ਰਹਿੰਨੀ ਏ, ਕਿ ਅਗਾਂਹ ਤੋਂ ਕਿਧਰੋਂ ਆਉਨੀ ਏਂ ?" ਝਿਜਕ ਤਿਆਗ ਦਿੱਤੀ ਸੀ ਮੈਂ।

"ਹਾਂ .. ਇਸੇ ਸ਼ਹਿਰੋਂ ... ਤੁਹਾਡੇ ਸ਼ਹਿਰੋਂ!"

"ਸ਼ਹਿਰ ਤਾਂ ਚਿੱਟੇ ਚੰਮ ਦਾ ... ਆਪਾਂ ਤਾਂ ਕੁੱਤੇ-ਬਿੱਲੀਆਂ — ਜੋ ਰੋਟੀ ਦੇ ਟੁਕੜਿਆਂ ਦੀ ਖਾਤਰ ਦਰ-ਬ-ਦਰ ਤੁਰੇ ਫਿਰਦੇ ਆਂ!"

"ਜਾਪਦਾ ਕੈਨੇਡਾ ਤੋਂ ਸਤੇ ਹੋਏ ਓਂ ?"

"ਨਹੀਂ .. ਸਤਣ ਨੂੰ ਵੀ ਕੀ ਆ .. ਮੌਜ ਕਰਦਾਂ, ਗੌਰਮਿੰਟ ਬਿਨਾਂ ਵਿਆਜੋਂ ਲੋਨ ਦੇਕੇ ਪੜ੍ਹਾਈ ਕਰਾ ਰਹੀ ਹੈ ... ਹਿੰਗ ਲਗੇ ਨਾ ਫਟਕੜੀ, ਤਿੰਨਾਂ ਸਾਲਾਂ ਬਾਅਦ ਬਾਬੂ ਜੀ ਬਣ ਜਾਣਾ!"

"ਤੁਹਾਨੂੰ ਤੇ ਚਿਰ ਹੋ ਗਿਆ ਹੋਣਾ, ਏਥੇ ਆਇਆਂ ਨੂੰ ?"

"ਨਹੀਂ ਤਾਂ ... ਆਹੀ ਤਿੰਨ-ਚਾਰ ਸਾਲ ਹੋਏ ਨੇ ਆਏ ਨੂੰ! ... ਤੂੰ ਕਦੋਂ ਆਈ ਏਂ ?"

"ਮਹੀਨੇ ਤੇ ਅੱਠ ਹੀ ਹੋਏ ਨੇ ... ਪਰ ਲਗਦਾ ਜਿਵੇਂ ਅੱਠ ਯੁਗ ਬੀਤ ਗਏ ਹੋਣ!"

"ਪਿਛੇ ਕੋਈ ਯਾਦ ਕਰਨ ਆਲਾ ਹੋਣਾ", ਗੈਰ-ਸ਼ਰੀਫਾਂ ਵਾਲੀ ਹਾਸੀ ਹੱਸਿਆ ਮੈਂ।

"ਜੀਹਦਾ ਕੋਈ ਅੱਗਾ ਨਹੀਂ, ਪਿੱਛਾ ਕੀ ਰਿਹਾ ਹੋਣਾ", ਕਿਸੇ ਨੇ ਅਗਲੇ ਸਟੌਪ ਲਈ ਘੰਟੀ ਖੜਕਾ ਦਿੱਤੀ, "ਚੰਗਾ ਫੇਰ ...", ਮੈਂ ਸੀਟ ਤੋਂ ਉਠਦਿਆਂ ਕਿਹਾ, "ਕੱਲ੍ਹ ਫੇਰ ਸਹੀ ...!"

"ਓ. ਕੇ. ... ਸੀ ਯੂ ਦੈਨ!" ਅਲਵਿਦਾ ਲਈ ਲੰਬੀ ਮੁਸਕਰਾਹਟ ਉਹਦੇ ਚਿਹਰੇ ਤੇ ਸੀ। ਮੇਰੇ ਧਰਤੀ ਤੇ ਪੈਰ ਨਹੀਂ ਸੀ ਲੱਗ ਰਹੇ।

ਗਰਲ-ਫਰੈਂਡ ਵਰਗੀ ਸ਼ੈਅ ਇੰਡੀਆ 'ਚ ਆਦਮ-ਹੱਵਾ ਦੇ ਸਿਓ ਖਾਣ ਵਾਂਗ ਭਾਵੇਂ ਵਿਵਰਜਤ ਜਿਹੀ ਚੀਜ਼ ਹੋਵੇ, ਪਰ ਏਸ ਮੁਲਕ 'ਚ ਏਹ ਓਨੀ ਕੁ ਜ਼ਰੂਰੀ ਤਾਂ ਹੈ ਹੀ ਜਿੰਨੀ ਕੁ ਕਿਸੇ ਨੂੰ ਸਵੇਰੇ-ਸਵੇਰੇ ਗਰਮ-ਗਰਮ ਕਾਫੀ ਦੇ ਕੱਪ ਦੀ। ਕੋਈ ਪਤੀ (ਗੋਰਿਆਂ ਦੀ ਗੱਲ ਕਰਦਾ) ਆਪਣੀ ਪਤਨੀ ਨਾਲ ਪੱਬ ਜਾਂ ਕਲੱਬ ਨਹੀਂ ਜਾਂਦਾ, ਸਗੋਂ ਗਰਲ-ਫਰੈਂਡ ਦਾ ਸਾਥ ਮੰਗਦਾ ਹੈ — ਹਾਂ ਇਹ ਵੀ ਠੀਕ ਹੈ ਕਿ ਕੋਈ ਪਤਨੀ (ਗੋਰੀਆਂ ਦੀ ਗੱਲ ਕਰਦੀ!) ਕਲੱਬ ਜਾਂ ਪੱਬ ਵੀ ਬੁਆਏ ਫਰੈਂਡ ਨਾਲ ਹੀ ਜਾਂਦੀ ਹੈ, ਪਤੀ ਨਾਲ ਨਹੀਂ। ਊਠ ਦੀ ਪੂਛ ਵਰਗਾ ਏਥੇ ਕੋਈ ਨਹੀਂ ਹੁੰਦਾ — ਜੋੜੀਆਂ-ਦਰ-ਜੋੜੀਆਂ, ਨਿਗਾਹ ਤਾਂ ਮਾਰਕੇ ਦੇਖੋ!

ਤੇ ਉਸ ਮਹਿਬੂਬ ਬੱਸ ਨੇ ਮੈਨੂੰ ਕਾਫੀ ਦਾ ਕੱਪ ਮੁਹੱਈਆ ਕਰ ਦਿੱਤਾ ਸੀ।

ਨਵਾਂ ਦਿਨ ਚੜ੍ਹਿਆ। ਉਹ ਮਿਲੀ — ਤਾਜੇ ਫੁਲ ਦੀ ਖੁਸ਼ਬੂ ਤੇ ਮੁਸਕਰਾਹਟ ਲਈ!

"ਹਾਏ!" ਉਹ ਚਹਿਕੀ

"ਹਾਅਏ!" ਮੇਰੇ ਕੰਨ੍ਹਾਂ 'ਚ ਸੁਰਤਾਲ ਦੀ ਘੰਟੀਆਂ ਖੜਕ ਪਈਆਂ

"ਰਾਤ ਕਿਵੇਂ ਲੰਘੀ ?"

"ਪਾਸੇ ਮਾਰ ਮਾਰਕੇ .. ਤੈਨੂੰ ਯਾਦ ਕਰ-ਕਰਕੇ!"

"ਹਾਏ ਮੈਂ ਮਰਜਾਂ!"

ਮਰ ਤੇ ਮੈਂ ਗਿਆ ਸੀ। 'ਐਨਾ ਪਿਆਰ!" ਸੋਚਕੇ ਮੈਂ ਸਵਾਦ-ਸਵਾਦ ਹੋ ਗਿਆ, ਜਿਵੇਂ ਕਿਸੇ ਨੇ ਮੂੰਹ 'ਚ ਸ਼ਹਿਦ ਦੀ ਬੋਤਲ ਉਲੱਦ ਦਿੱਤੀ ਹੋਵੇ।

"ਤੁਸੀਂ ਵਿਆਹ ਕਰਵਾਇਆ ਲੱਗਦਾ ?" ਹੱਸਕੇ ਬੋਲੀ ਉਹ।

"ਹੂੰਅ ... ਤੂੰ ਕਿਥੋਂ ਅੰਦਾਜ਼ਾ ਲਾਇਆ ?"

"ਤੁਹਾਡੀ ਉਂਗਲ 'ਚ ਪਾਈ ਸੋਨੇ ਦੀ ਮੁੰਦੀ ਤੋਂ!"

"ਆਹਾ ... ਏਹ ਤੇ ਮੂੰਗਾ ... ਜਗਰਾਵੀਂ ਇਕ ਬਾਹਮਣ ਨੇ ਕੈਨੇਡਾ ਆਉਣ ਵੇਲੇ ਦਿਤਾ ਸੀ, ਅਖੇ, 'ਆਹ ਸੋਨੇ 'ਚ ਜੜਾ ਕੇ ਪਾਲਾ, ਜਿਧਰ ਜਾਏਂਗਾ ਨੌ ਨਿਧਾਂ ਤੇ ਗਿਆਰਾਂ ਖੌਰੇ ਬਾਰਾਂ ਸਿੱਧਾਂ ਹੋਣਗੀਆਂ' ... ਹੁਣ ਤੱਕ ਤੇ ਨਾ ਇਕ ਨਿਧ ਤੇ ਡੇਢ ਸਿਧ ਹੋਈ ਸੀ, ਪਰ ਅੱਜ ਤਾਂ ਮੂੰਗੇ ਨੇ ਜਿਵੇਂ ਮੁਲ ਮੋੜਤਾ!"

"ਕੀ ਕੀਮਤੀ ਚੀਜ਼ ਮਿਲ ਗਈ ਕਿ ਮੂੰਗੇ ਦਾ ਮੁਲ ਮਿਲ ਗਿਆ"

"ਤੂੰ!"

"ਹਾਏ ਮੈਂ ਮਰਜਾਂ!"

ਬੋਤਲ ਦਾ ਨਸ਼ਾ ਕੀ ਹੁੰਦਾ ਹੈ, ਇਸ ਮਰ ਜਾਣ ਦਾ ਜੀਅ ਕਰਨ ਵਾਲੇ ਅੰਦਾਜ਼ ਅੱਗੇ।

ਅਗਲਾ ਦਿਨ ਸ਼ਨਿਚਰਵਾਰ ਸੀ — ਵੀਕਇੰਡ! ਗੋਰਿਆਂ ਦੇ ਏਸ ਮਸ਼ਰੂਫ ਮੁਲਕ 'ਚ ਵੀਕਇੰਡ ਦੀ ਬੜੀ ਭੱਲ ਆ। ਪੰਜ ਦਿਨ ਜੀਅ ਤੋੜਕੇ ਹਰੇਕ ਕੰਮ ਕਰਦਾ — ਮਜ਼ਦੂਰ ਹੋਵੇ ਤੇ ਚਾਹੇ ਮਨਿਸਟਰ ਤੇ

ਬਾਕੀ ਪੰਨਾ 18 'ਤੇ



ਠੀਕ ਹੈ, ਮੇਰਾ ਸਵਿਸ ਖਾਤਾ ਬੰਦ ਕਰਕੇ ਜਪਾਨ ਵਿਚ ਖੋਲ੍ਹ ਦਿਓ ਪਰ ਦੁਬਾਰਾ ਮੈਨੂੰ ਇਸ ਦਫਤਰ 'ਚ ਟੈਲੀਫੋਨ ਨਹੀਂ ਕਰਨਾ।

ਪੰਨਾ 17 ਦੀ ਬਾਕੀ

ਵੀਕਇੰਡ ਤੇ ? ਸਭ ਲੋਕ (ਗੱਲ ਗੋਰਿਆਂ ਦੀ ਕਰਦਾਂ!) ਸ਼ਿਕਵੇ ਤੇ ਫਿਕਰ ਤਿਆਗ ਕੇ ਪੱਬਾਂ ਆ ਮੱਲਦੇ ਨੇ, ਸਾਰੀ ਰਾਤ ਬੀਅਰ ਉਡਦੀ ਹੈ। ਕੀ ਮੁੰਡੇ, ਕੀ ਕੁੜੀਆਂ, ਸ਼ਰਾਬੀ ਹੋ ਕੇ ਸੜਕਾਂ ਤੇ ਚੀਖਾਂ ਮਾਰਦੇ ਨੇ। ਹੁਣੇ-ਹੁਣੇ ਆਹ ਅੱਖੀਂ ਦੇਖਦੇ ਨੱਚਦੀ-ਨਚਦੀ ਸੱਤਰ ਸਾਲਾ ਸ਼ਰਾਬਣ ਨੇ ਚੂਲਾ ਤੁੜਾ ਲਿਆ। ਐਬੂਲੈਂਸ ਆਈ ਤੇ ਬੁੜੀ ਨੂੰ ਚੁਕ ਦੌੜ ਗਈ। ਸ਼ੋਰ, ਸਿਗਰਟਾਂ, ਨਾਚ-ਗਾਣਾ ਤੇ ਬੀਅਰ ਦੀ ਤੇਜੀ 'ਚ ਰਤਾ ਫਰਕ ਨਾ ਪਿਆ, ਵੀਕਇੰਡ ਜਿਉਂ ਹੋਇਆ।

ਤੇ ਇਹ ਵੀਕਇੰਡ ? ਜਿਵੇਂ ਚਲਦਾ-ਚਲਦਾ ਵਕਤ ਰੁਕ ਗਿਆ ਹੋਵੇ ! ਕੋਈ ਕੁਰਖਤ ਹੱਥ ਸੂਰਜ ਦੀ ਘੰਡੀ ਨੱਪੀ ਪ੍ਰਤੀਤ ਹੋ ਰਿਹਾ ਸੀ। ਸਭ ਕੁਝ ਖੜੋਤ 'ਚ ਆ ਗਿਆ ਸੀ ! ਅਹਿਲ ! ਦੋ ਦਿਨ ਉਹਦੀ ਯਾਦ 'ਚ ਤੜਫਦਾ ਰਿਹਾ, ਜੀਹਦਾ ਮੈਨੂੰ ਨਾਂ ਤੱਕ ਨਹੀਂ ਸੀ ਪਤਾ। ਆਪਣੇ ਆਪ ਨੂੰ ਗਾਲ੍ਹਾਂ ਦੇ ਰਿਹਾ ਸੀ ਮੈਂ, "ਤੂੰ ਨਿਰਾ ਗਧਾ ... ਦੋ ਦਿਨ ਵਕਤ ਦੀ ਅਹੀ-ਤਹੀ ਫੇਰਦਾ ਰਿਹਾ ... ਨਾ ਨਾਂ, ਨਾ ਫੋਨ ਨੰਬਰ, ਨਾ ਅਤਾ ... ਪਤਾ ... ਸਾਲਾ ਆਸ਼ਕੀ ਦਾ !"

ਉਹ ਮਿਲੀ, ਘਾਹ ਤੇ ਪਈ ਤਰੇਲ ਵਰਗੀ — ਤਾਜੀ - ਤਾਜੀ !

"ਵੀਕ ਇੰਡ ਕਿੱਦਾਂ ਲੰਘਿਆ ?" ਉਹ ਚਹਿਕੀ, ਅੱਪਣਤ ਦਾ ਅਹਿਸਾਸ ਹੋਇਆ। ਮੈਨੂੰ .. ਆਪਣਿਆਂ ਨੂੰ ਹੈਲ-ਸ਼ੈਲੋ ਕਰਨ ਦੀ ਕੀ ਲੋੜ ਐ ਭਲਾ।

"ਕਾਹਦਾ ਵੀਕਇੰਡ ! .. ਦੋ ਦਿਨ ਸੀ ਕਿ ਦੋ ਦਹਾਕੇ ... ਸਾਰਾ ਸਮਾਂ ਉਹਦੀ ਯਾਦ 'ਚ ਭੁੱਜਦਾ ਰਿਹਾ, ਜੀਹਦਾ ਨਾਂ ਤੱਕ ਨਹੀਂ ਪਤਾ ... ਐਨੀ ਤੇਜੀ ਕਰ", ਚੁਟਕੀ ਮਾਰਦਿਆਂ ਕਿਹਾ, "ਨਾਮ ਤੇ ਫੋਨ ਨੰਬਰ ਕਾਗਜ ਤੇ ਲਿਖਣ ਵਾਸਤੇ !"

ਕਾਗਜ ਦੀ ਹਿੱਕ ਤੇ ਉਹਨੇ ਨਾਂ ਤੇ ਨੰਬਰ ਉਲੀਕ ਦਿਤਾ।

"ਤੇਰਾ ਨਾਂ ਬੜ੍ਹਾ ਸੁਹਣਾ", ਕੁਝ ਫਾਰਮਿਲਿਟੀ ਸੀ, ਕੁਝ ਸੀ ਵੀ ਸੁਹਣੀ ਕੁੜੀ ਦਾ ਸੁਹਣਾ ਨਾਂ !

"ਤੇ ਮੈਂ ?"

"ਤੂੰ ਮੇਰੀ ਨੂਰ ਜਹਾਂ, ਮੇਰੀ ਰਾਧਾ, ਮੇਰੀ ਮੁਮਤਾਜ, ਮੇਰੀ ਦਲਜੀਤ ਕੌਰ !" ਅਸੀਂ ਬਗਲਗੀਰ ਹੋ ਗਏ।

ਖੁਸ਼ੀ ਤੇ ਉਦਾਸੀ ਸਕੀਆਂ ਭੈਣਾਂ ਵਾਂਗ ਮੇਰੇ ਮੱਥੇ ਦਸਤਕ ਦਿੱਤੀ। ਹੈ ਨਾ ਮੌਜ ਕੈਨੇਡੇ ਦੀ ... ਕੋਈ ਸਾਡੀ ਵਾਅ ਵੱਲ ਝਾਕੇ !' ਤੇ ਚਿਤ ਭੈੜਾ ਵੀ ਪਿਆ, "ਉਂ ਕੋਈ ਕੈਦੋਆਂ ਬਿਨਾਂ ਕੀ ਕੋਈ ਬਣਜੂ ਰਾਂਝਾ, ਏਸ ਚੰਦਰੇ ਮੁਲਕ 'ਚ !"

"ਤੇ ਅੱਜ ਫੋਨ ਕਿਹੜੇ ਵੇਲੇ ਖੜ੍ਹਕੇ ?"

"ਛੇ ਵਜੇ ਤੋਂ ਬਾਅਦ ਜਦੋਂ ਮੇਰੇ ਸ਼ਾਹਜਹਾਨ, ਮੇਰੇ ਕ੍ਰਿਸ਼ਨ, ਮੇਰੇ ਧਰਮੇਂਦਰ, ਮੇਰੇ ਸਤੀਸ਼ ਕੌਲ ਦਾ ਜੀਅ ਕਰੇ !"

"ਛੇ ਵਜੇ ਤੋਂ ਪਹਿਲਾਂ ਕੀ ਦਫਾ ਇਕ ਸੌ ਤੇ ਚਤਾਲੀ ਲੱਗੀ ਹੁੰਦੀ ਆ ?"

"ਉਹ ਛੇ ਵਜੇ ਕੰਮ ਤੇ ਜਾਂਦੇ ਨੇ ... ਤੇ ਫੇਰ ਮੈਂ ਤੇ ਫੋਨ ਦੋ ਜਾਣੇ !" ਇਸ਼ਕ ਦਾ ਜਲਵਾ ਉਭਰ-ਉਭਰ ਬੋਲ ਰਿਹਾ ਸੀ।

"ਉਹ ਕੌਣ ?" ਮੇਰਾ ਮੱਥਾ ਠਣਕਿਆ।

"ਮੇਰੇ ਹਸਬੈਂਡ!" ਸੁਭਾਵਕ ਜਿਹਾ ਬੋਲੀ ਉਹ।

"ਤ ... ਤ ... ਤੂੰ ਵਿਆਹੀ ਹੋਈ ਏਂ ?" ਮੇਰੀ ਜ਼ਬਾਨ ਥਥਲਾ ਗਈ।

"ਹੂੰ... ਮੈਂ ਤੁਹਾਨੂੰ ਦਸਿਆ ਤੇ ਹੋਣਾ ?" ਧੀਰਜ ਕਾਇਮ ਸੀ ਉਹਦਾ।

ਆਪਣੇ ਆਪ ਤੇ ਝਾੜ ਪਾਉਣ ਤੋਂ ਮੇਰੇ ਕੋਲ ਚਾਰਾ ਵੀ ਕੀ ਸੀ, "ਤੂੰ ਸਾਲਿਆ, ਆਸ਼ਕੀ ਦੇ ਬਿਲਕੁਲ ਫਿੱਟ ਨਹੀਂ ... ਤੂੰ ਨਿਰਾ ਡੰਗਰ ਏਂ ... ਉਹਦੇ ਮੂੰਹ ਵੱਲ ਆਂਡੇ ਅੱਡੀ ਝਾਕਦਾ ਰਿਹਾਂ, ਉਂਗਲੀ 'ਚ ਪਾਈ ਮੁੰਦੀ ਵੱਲ ਵੀ ਪਾ-ਪਾ ਦੀਆਂ ਅੱਖਾਂ ਫੇਰ ਲੈਂਦਾ ... ਯੂ ਬਲੱਡੀ ਇਡੀਅਟ

ਸ਼ਰਮ ਜਿਹੀ ਆ ਰਹੀ ਸੀ ਆਪਣੇ ਆਪ ਤੋਂ, ਇਕ ਵਿਆਹੀ-ਵਰ੍ਹੀ ਔਰਤ ਵੱਲ ਝਾਕਣਾ ਮੇਰੀ ਸੋਚ ਮੁਤਾਬਕ ਪਾਪ ਹੈ।

"ਕੀ ਸੋਚਣ ਲੱਗ ਪਏ ?" ਮੇਰੀ ਸੋਚ ਦੇ ਪੁਰਜੇ-ਪੁਰਜੇ ਕਰਦੀ ਉਹ ਬੋਲੀ।

"ਕੁਛ ਵੀ ਨਹੀਂ ... ਸਚ ਪੁਛੇ ਸੋਚਣ ਨੂੰ ਹੈ ਹੀ ਕੀ ਹੈ ... ਪਰ ਮੈਂ ਤੈਨੂੰ ਸੱਚ ਦੱਸਦਾਂ, ਮੈਨੂੰ ਨਹੀਂ ਸੀ ਪਤਾ ਕਿ ਤੂੰ ਵਿਆਹੀ ਹੋਈ ਏਂ। ਮੈਂ ਆਪਣੇ ਕੀਤੇ ਤੇ ਬਹੁਤ ਸ਼ਰਮਿੰਦਾ ... ਮੁਆਫ ਹੀ ਕਰ ਦੇਣਾ !"

"ਤੁਸੀਂ ਕੀ ਕੀਤਾ ਜੋ ਮੁਆਫੀ ਦੀ ਨੌਬਤ ਆ ਗਈ ... ਆਪਾ ਜੋ ਕੀਤਾ, ਠੀਕ ਕੀਤਾ ਹੈ ... ਤੈਨੂੰ ਤੁਹਾਡੀ ਲੋੜ ਹੈ" ਤਾਜੇ ਘਾਹ ਨੂੰ ਜਿਵੇਂ ਕਿਸੇ ਬਿਮਾਰੀ ਨੇ ਖਾ ਲਿਆ ਸੀ, ਉਹ ਮੈਨੂੰ ਵਿਆਹੀ-ਵਰੀ ਲੱਗਣ ਲੱਗ ਪਈ।

ਮੇਰਾ ਸਟਾਪ ਆਉਣ ਵਾਲਾ ਸੀ। ਆਪਣਾ ਬੈਗ ਤੇ ਕਿਤਾਬਾਂ ਸਮੇਟ ਕੇ ਮੈਂ ਵਿਦਾ ਮੰਗਣ ਲੱਗਾ ਤਾਂ ਉਹ ਬੋਲੀ, "ਇਕ ਗੱਲ ਮੰਨੋਗੇ ?"

"ਬੋਲ !"

"ਕਿਤੇ ਇਕਾਂਤ 'ਚ ਬਹਿਕੇ ਤੁਹਾਡੇ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ ... ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ?"

"ਓ. ਕੇ. !" ਸ਼ਾਪਿੰਗ-ਸੈਂਟਰ ਕੋਲ ਬੱਸੋਂ ਉਤਰਕੇ ਅਸੀਂ ਕੈਫੇ 'ਚ ਚਲੇ ਗਏ। ਧੁਆਂਖਿਆ ਜਿਹਾ ਕੈਫਾ, ਮਹਾਤਮਾ ਦੀ ਸਮਾਧੀ ਵਾਂਗ ਚੁਪ-ਚਾਪ ਤੇ ਲੋਕਾਂ ਨਾਲ ਭਰੇ ਹੋਣ ਬਾਵਜੂਦ ਵੀ ਇਕਾਂਤ ਵਰਗਾ ਮਹੌਲ ਸੀ। ਮੋਮਬੱਤੀਆਂ ਦੇ ਚਾਨਣ ਨਾਲ ਬੱਸ ਮੇਜ ਲਈ ਰਾਹ ਹੀ ਲੱਭਦਾ ਸੀ।

ਵੇਟਰਿਸ ਆਰਡਰ ਲੈ ਕੇ ਚਲੀ ਗਈ। ਕਾਲਖ ਨਾਲ ਲਿਖੇ ਚਿਹਰਿਆਂ ਵੱਲ ਤੱਕ ਰਹੇ ਸੀ ਚੋਰ ਨਜ਼ਰਾਂ ਨਾਲ। ਚੁਪ-ਚਾਪ, ਜਿਵੇਂ ਇਕ ਦੂਜੇ ਤੋਂ ਡਰਦੇ ਹੋਈਏ !

"ਦੇਖ !" ਮੈਂ ਚੁਪ ਦੀ ਸਿਥਲਤਾ ਨੂੰ ਤੋੜਨ ਦੇ ਯਤਨ 'ਚ ਉਹਦਾ ਨਾਂ ਲੈ ਕੇ ਮੁਖਾਤਿਬ ਹੋਇਆ, "ਤੂੰ ਮੈਰਿਡ ਏਂ ... ਤੇਰੇ ਜਿੰਨ੍ਹਾਂ ਤੇਰੇ ਖਾਵੰਦ ਸੁਹਣਾ ... ਸੁਨੱਖਾ ਹੋਏਗਾ ... ਤੇ ਇਸ ਵਸਦੇ-ਰਸਦੇ ਘਰ 'ਚ ਮੇਰੀ ਭੋਰਾ ਜਿੰਨੀ ਵੀ ਮੌਜੂਦਗੀ ਬਰਬਾਦੀ ਸਿਧ ਹੋਊਗੀ ... ਦੂਜਾ ਏਹ ਵੀ ਐ ਕਿ ਕੁੜੀਆਂ ਨਾਲੋਂ ਮੈਨੂੰ ਆਪਣੇ ਫਿਊਚਰ 'ਚ ਜ਼ਿਆਦਾ ਦਿਲਚਸਪੀ ਹੈ", ਭਾਵੇਂ ਮੈਨੂੰ ਪਤਾ ਸੀ ਕਿ ਪਿਛਲੀ ਗੱਲ ਮੈਂ ਝੂਠ ਹੀ ਕਹੀ ਹੈ।

"ਮੇਰਾ ਖਾਵੰਦ !" ਵਿਹੁ ਵਰਗੀ ਹਾਸੀ ਹੱਸੀ ਉਹ ! "ਉਹ ਪਚਵੰਜਾ ਸਾਲ ਦਾ .... ਕਾਹਲੀ 'ਚ ਖਾਧੇ ਅੰਬ ਵਰਗਾ ਉਹ ... ਚਿੱਬ ... ਖੜਿੱਬਾ ਜਿਹਾ, ਚਿਪ-ਚਿਪਾ ਜਿਹਾ !"

"ਪ..ਚ..ਵੰ..ਜਾ.. ਸਾਲ ਦਾ", ਮੇਰਾ ਮੂੰਹ ਖੁਲ੍ਹੇ ਦਾ ਖੁੱਲ੍ਹਾ ਰਹਿ ਗਿਆ।" ਵੀਹ ਸਾਲ ਤੋਂ ਘੱਟ ਲਗਦੀ ਏਸ ਕੁੜੀ ਦਾ ਘਰ ਵਾਲਾ ਪਚਵੰਜਾਂ ਸਾਲ ਦਾ ! ਪਰ ਵਿਆਹ ਤੋਂ ਪਹਿਲੋਂ ਤੈਨੂੰ ਓਹਦੀ ਏਜ਼ ਦਾ ਪਤਾ ਹੋਣਾ ਹੀ ਐ ?"

"ਮੈਨੂੰ ਤਾਂ ਐਨਾ ਪਤਾ ਸੀ ਕਿ 'ਉਹ' ਕੈਨੇਡਾ ਰਹਿੰਦਾ ... ਕੈਨੇਡਾ ਵਾਲੇ ਵਰ ਦੀ ਤਲਾਸ਼ ਵਾਲੇ ਮਾਪਿਆਂ ਨੇ ਉਮਰ, ਜਾਤ, ਗੋਤ, ਰੂਪ ਨੂੰ ਕਦ ਦੇਖਿਆ — ਪੁਛਿਆ, ਕੈਨੇਡਾ ਦਾ ਭੂਤ ਅੱਖਾਂ ਤੇ ਪੱਟੀ ਬੰਨ੍ਹੀ ਰੱਖਦਾ ... ਪਰ ਕੀਹਨੂੰ ਕਹਾਂ ? ਮਾਪਿਆਂ ਨੇ ਵਿਚੋਲੇ ਤੋਂ ਕਾਕੇ ਬਾਰੇ ਤਾਂ ਇਕ ਹਰਫ ਵੀ ਨਹੀਂ ਪੁਛਿਆ, ਕੈਨੇਡਾ ਵਾਲਾ ਜਿਉਂ ਹੋਇਆ !"

"ਸੰਯੋਗਾਂ ਅੱਗੇ ਕਾਹਦਾ ਜੋਰ !" ਸੁਣੀ ਸੁਣਾਈ ਗੱਲ ਮੈਂ ਉਹਦੀ ਝੋਲੀ ਪਾ ਦਿੱਤੀ।

"ਹੂੰਹ .. ਸੰਯੋਗ !" ਹੂੰਗਰ ਮਾਰਦੀ ਉਹ ਬੋਲੀ, "ਮੈਂ ਤੇ ਇਕ ਸੌਦਾ ਸੀ, ਜੋ ਕੈਨੇਡਾ ਦਾ ਮੁਲ ਪਾਕੇ ਖਰੀਦ ਲਈ ਗਈ।"

ਉਹਦੇ ਕੋਆਂ 'ਚੋਂ ਵਗਦੇ ਹੰਝੂ ਮੇਰੇ ਦਿਲ ਤੇ ਵੀ ਖਾਰ ਪਾ ਰਹੇ ਸੀ।

"ਲੰਘਿਆ ਵਕਤ ਜੇ ਹੱਥ ਆ ਸਕਦਾ ਹੁੰਦਾ ਤਾਂ ਮੈਂ ਹਰ ਹੀਲੇ ਤੇਰੀ ਮੱਦਦ ਕਰਦਾ ... ਪਰ ਹੁਣ ਕੀ ਹੋ ਸਕਦਾ ? ਵਾਹਗੁਰੂ ਦੀ ਰਜਾ ਮੰਨਕੇ ਸਿਰ ਸੁਟਕੇ ਸਭ ਮਨਜ਼ੂਰ ਕਰ ਲੈ ... ਨਸੀਬਾਂ 'ਚ ਇਹੀ ਕੁਛ ਲਿਖਿਆ ਹੋਣਾ !"

"ਇਹ ਵੀ ਕਹਿਦੋ ਕਿ ਪਹਾੜ ਵਰਗੀ ਜਿੰਦਗੀ ਨੂੰ ਦੋਜ਼ਖ ਬਣਾ ਲੈ !"

ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਮੈਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਇਹ ਕੁੜੀ ਨਾਲ ਮੈਂ ਹਮਦਰਦੀ ਜਤਾਵਾਂ ਕਿ ਨਫਰਤ ਕਰਾਂ ? ਪਰ ਪਤਾ ਨਹੀਂ ਕਿਉਂ ਹੁਣੇ ਹੁਣੇ ਆਪਣੀ-ਆਪਣੀ ਲਗਦੀ ਉਹ ਮੈਨੂੰ ਚੁਭਣ ਲੱਗ ਪਈ ਸੀ।

"ਦੇਖ !" ਮੈਂ ਚਿਹਰੇ ਤੇ ਬਨਾਵਟੀ ਮੁਸਕਰਾਹਟ ਲਿਆਉਂਦੇ ਕਿਹਾ, "ਮਰਦ ਤੇ ਘੋੜਾ ਕਦੇ ਬੁਢੇ ਨਹੀਂ ਹੁੰਦੇ, ਬਾਸਰਤੇ ਖੁਰਾਕ ਮਿਲਦੀ ਰਹੇ ... ਤੂੰ ਚਾਰ ਦਿਨ ਦੱਬਕੇ ਉਹਨੂੰ ਰੋਸਟਡ ਚਿਕਨ ਖਵਾ ਵੇਖੀ ਉਹਦੇ ਪੱਟਾਂ ਤੇ ਕਿਵੇਂ ਘੁੱਘੀਆਂ ਘੁਕਦੀਆਂ !"

"ਤੁਹਾਨੂੰ ਆਉਂਦੀਆਂ ਟਿੱਚਰਾਂ, ਪਰ ਮੇਰਾ ਹੋਇਆ ਪਿਆ ਵਾਹਣ ... ਅੱਜ ਮੇਰੇ ਤੇ ਆਸ਼ਕ ਸੀ, ਕੱਲ ਕਿਸੇ ਹੋਰ ਦੀਆਂ ਲਾਲ੍ਹਾਂ ਚੱਟਣ ਲੱਗਜੇਂਗਾ ... ਚਾਲੀ - ਚਾਲੀ ਸਾਲ ਦੇ ਅੱਧਖੜ ਵੀ ਮੈਨੂੰ 'ਬੁਢੇ ਵਾਲੀ ਅੰਟੀ' ਕਹਿਕੇ ਸੱਦਦੇ ਨੇ ਤਾਂ ਮੈਨੂੰ ਪੁਛਿਆ ਹੀ ਜਾਣੀਦਾ, ਕੀ ਮੇਰੇ 'ਤੇ ਗੁਜਰਦੀ ਹੈ ... ਸਾਰੀ ਰਾਤ ਆਪਣੇ ਕੰਮ ਤੋਂ ਫੋਨ ਕਰਕੇ ਬੌਂਦਰ ਕਰਦਾ ਰਹਿੰਦਾ, ਇਹ ਜਾਨਣ ਲਈ ਕਿ ਬੈਡ 'ਚ ਮੈਂ ਇਕੱਲੀ ਹੀ ਹਾਂ ... ਮੇਰੀ ਤੇ ਉਹਦੀ ਉਮਰ 'ਚ ਪੈਂਤੀ ਵਰ੍ਹੇ ਦਾ ਫਰਕ ਐ ... ਉਹਦੀ ਪਹਿਲੇ ਵਿਆਹੋਂ ਵੱਡੀ ਧੀ ਵੀ ਮੈਥੋਂ ਚਾਰ-ਪੰਜ ਸਾਲ ਵੱਡੀ ਹੈ ... ਧੀਆਂ-ਪੁਤਾਂ ਵਾਲੀ ... ਪਹਿਲੀ ਮਰਗੀ ਤਾਂ ਰਿਸ਼ਤੇਦਾਰਾਂ ਸਲਾਹ ਦਿਤੀ ... 'ਕਿਉਂ ਪੋਟੇ ਸਾੜਦਾ, ਦੇਸੋਂ ਜਾਕੇ ਕੋਈ ਵਿਆਹ ਲਿਆ।' ਉਹਦੇ ਪੋਟੇ ਤੇ ਸੜਨੋਂ ਬਚ ਗਏ, ਪਰ ਮੇਰਾ ਤੇ ਆਪਾ ਸੜ ਗਿਆ।"

"ਆਪਣੇ ਥਾਂ ਤੂੰ ਵੀ ਸੱਚੀ ਏਂ, ਉਹਦੇ ਵਗਦੇ ਹੰਝੂ ਵੇਖਕੇ ਚਿਤ ਮੇਰਾ ਵੀ ਘਾਊਂ-ਮਾਊਂ ਹੋ ਰਿਹਾ ਸੀ, "ਬੇੜੀ ਬਹਿਜੇ ਅਹਿਜੇ ਕੈਨੇਡਾ ਦੀ, ਜੀਹਨੇ ਪੰਜਾਬ ਦੀ ਜਵਾਨੀ ਨੂੰ ਸਿਉਂਕ ਵਾਂਗ ਚੱਟ ਲਿਆ ... ਤੂੰ ਹੀ ਏਹਦੀ ਬਲੀ ਦਾ ਬੱਕਰਾ ਨਹੀਂ ਬਣੀ, ਪਤਾ ਨਹੀਂ ਕਿੰਨੇ ਘਰਾਂ ਦੀ ਚਾਰ-ਦਿਵਾਰੀ 'ਚ ਤੇਰੇ ਵਰਗੀਆਂ ਕੰਜਕਾਂ ਦੀਆਂ ਸਿਸਕੀਆਂ ਕੈਦ ਨੇ ... ਪਰ ਕੀਹਨੂੰ ਦੋਸ਼ ਦੇਈਏ ? ਚਮਕਦੀਆਂ ਜੀਨਾਂ ਜੈਕਟਾਂ ਨੂੰ, ਜੀਹਦੀ ਫੋਕੀ ਚਮਕ ਨੇ ਅਸੀਂ ਭਾਰਤੀ ਮੂਲੋਂ ਅੰਨੇ ਕਰਤੇ ... ਪਰ ਹੁਣ ਤਾਂ ਵਾਸਤਾ ਹੀ ਹੈ, ਜਿਵੇਂ ਹੈ ਓਵੇਂ ਕੱਟ !"

"ਮੈਥੋਂ ਨਹੀਂ ਕੱਟ ਹੁੰਦੀ !" ਬੱਚੇ ਵਰਗੀ ਜਿੱਦ ਪ੍ਰਤੱਖ ਸੀ।

"ਪਰ ਮੈਂ ਕੀ ਕਸੂਰ ਕਰਤਾ ... ਮੈਨੂੰ ਕਿਉਂ ਕੰਡਿਆਂ ਤੇ ਘਸੀਟਣ ਲੱਗੀ ਏਂ।"

ਮੇਰੀ ਗੱਲ ਦਾ ਉਹਨੂੰ ਕਰੰਟ ਵਾਂਗ ਝਟਕਾ ਲੱਗਾ। ਕਲੀਨਐਕਸ ਨਾਲ ਅੱਖਾਂ ਪੂੰਝਦੀ ਉਹ ਬੋਲੀ, "ਤੂੰ ਸੱਚਾਂ... ਤੂੰ ਮੇਰਾ ਹੈ ਹੀ ਕੌਣ ਕਿ ਮੇਰੇ ਦੁਖ ਨੂੰ ਸਮਝਣ ਦੀ ਜਹਿਮਤ ਝੱਲੇਂ ... ਮੈਨੂੰ ਹਮਦਰਦੀ ਦੀ ਲੋੜ ਸੀ, ਤੈਥੋਂ ਨਾ ਸਰੀ ...ਫੇਰ ਵੀ ਸ਼ੁਕਰੀਆ ... ਕਹਿੰਦੇ ਆ ਇਕ ਦਰਵਾਜਾ ਬੰਦ ਹੁੰਦਾ ਤਾਂ ਸੌ ਹੋਰ ਖੁਲ੍ਹਦੇ ਆ !"

ਉਹਨੇ ਆਪਣਾ ਪਰਸ ਸਮੇਟਿਆ ਤੇ ਪਲ੍ਹਾਂ 'ਚ ਹੀ ਕੈਫੇ ਦੇ ਅੰਧੇਰੇ 'ਚ ਗਵਾਚ ਗਈ।

ਕੁਛ ਪੜ੍ਹਾਈ ਦੀ ਮਸ਼ਰੂਫੀਅਤ, ਕੁਝ ਨਵੇਂ ਕਾਫੀ ਦੇ ਪਿਆਲੇ ਦੀ ਤਲਾਸ਼ ਨੇ ਚੇਤਾ ਜਿਹਾ ਭੁਲ ਗਿਆ ਉਹਦਾ ਮੈਨੂੰ। ਕਈਆਂ ਦਿਨਾਂ ਬਾਅਦ ਉਹ ਬੱਸ 'ਚ ਮਿਲੀ — ਇਕੱਲੀ ਨਹੀਂ, ਇਕ ਹਿੰਦੂ ਮੁੰਡਾ ਉਸ ਨਾਲ ਸੀਟ ਤੇ ਬੈਠਾ ਸੀ। ਉਹਨਾਂ ਦੇ ਕਹਿਕਹੇ ਕਈ ਵਾਰ ਮੇਰੇ ਕੰਨਾਂ ਨਾਲ ਟਕਰਾਏ।

ਮੇਰੀ ਸੋਚ ਦਾ ਬਿੰਦੂ ਓਹਦੇ ਉਪਰ ਜਾ ਟਿਕਿਆ, "ਕੀ ਹੋਊਗਾ ਏਸ ਕੁੜੀ ਦਾ ... ਕਿਤੇ ਹਿੰਦੂ ਭਰਾ ਭੋਲੀ-ਭਾਲੀ ਨੂੰ ਚਲਦਾ ਪੁਰਜਾ ਸਮਝਕੇ ਯਾਰਾਂ-ਬੇਲੀਆਂ 'ਚ ਖਿਝ ਖੋਹਣ ਲਈ ਤੇ ਨਹੀਂ ਸੁਟ ਦਏਗਾ ... ਬੁਢੇ ਖੌਂਦ ਨੂੰ ਪਤਾ ਚੱਲ ਗਿਆ .... ਕਿਚਨ ਦੇ ਹੱਥ ਲੰਬੇ ਚਾਕੂ ਨਾਲ ਇਹਨੂੰ ਪੁਰਜਾ-ਪੁਰਜਾ ਨਾ ਕਰ ਸੁਟੇ !" ਮੇਰੀ ਸੋਚ ਜਿਸ ਰਾਹੇ ਪੈਂਦੀ — ਉਹਦੀ ਬਰਬਾਦੀ ਦਾ ਝਾਉਲਾ ਹੀ ਪੈਂਦਾ।

ਘੰਟੀ ਵੱਜੀ, ਬਸ ਰੁਕ ਗਈ। ਉਹਦੇ ਵੱਲ ਝਾਕਦਾ ਮੈਂ ਉਤਰਨ ਲੱਗਾ। ਉਹ ਮੇਰੇ ਵੱਲ ਝਾਕਕੇ ਆਪਣੇ 'ਸਾਥੀ' ਦਾ ਹੱਥ ਪਕੜਕੇ ਕੁਝ ਬੋਲੀ ਤੇ ਫੇਰ ਦੋਵੇਂ ਜ਼ੋਰ ਨਾਲ ਹੱਸੇ। ਮੈਨੂੰ ਲੱਗਾ ਜਿਵੇਂ ਉਹ ਮੇਰੇ ਤੇ ਦੰਦੀਆਂ ਚਿੜਾਕੇ ਮੇਰਾ ਮਜਾਕ ਉਡਾ ਰਹੇ ਹੋਣ।

ਕਾਹਲੀ-ਕਾਹਲੀ ਮੈਂ ਬੱਸੋਂ ਉਤਰ ਗਿਆ।

20 ਬੋਰੇ ਡੋਡੇ ਫੜੇ

ਜਗਰਾਓਂ — ਜਗਰਾਓਂ ਦੀ ਪੁਲਸ ਵਲੋਂ, ਜਗਤਾਰ ਸਿੰਘ ਪੁਤਰ ਦਲੀਪ ਸਿੰਘ ਵਾਸੀ ਹਾਂਸ ਕਲਾਂ, ਸੁਖਾ ਸਿੰਘ ਪੁਤਰ ਸੁਦਾਗਰ ਸਿੰਘ ਵਾਸੀ ਹੇਰਾਂ (ਥਾਣਾ ਸੁਧਾਰ) ਨੂੰ ਉਸ ਸਮੇਂ ਕਾਬੂ ਕਰ ਲਿਆ ਗਿਆ ਜਦੋਂ ਉਹ ਬਲਦ ਰੇਹੜੀ ਉਤੇ ਲੱਦੀ ਵੀਹ ਬੋਰੇ ਡੋਡਿਆਂ ਦੇ ਲਈ ਜਾ ਰਹੇ ਸਨ ਪੁਲਸ ਵਲੋਂ ਇਹਨਾਂ ਦਾ ਤੀਜਾ ਸਹਿਯੋਗੀ ਬਲਦੇਵ ਸਿੰਘ ਪੁਤਰ ਰਾਮ ਸਿੰਘ ਵਾਸੀ ਹਾਂਸ ਕਲਾਂ ਨੂੰ ਨਪਿਆ ਜਾਣਾ ਬਾਕੀ ਹੈ।

ਭਾਰਤੀ ਪਾਰਲੀਮੈਂਟ ਦੇ ਡੈਲੀਗੇਸ਼ਨ ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਮੈਮੋਂਰੈਂਡਮ

ਭਾਰਤੀ ਪਾਰਲੀਮੈਂਟ ਦਾ ਡੈਲੀਗੇਸ਼ਨ ਜੋ ਕਿ ਸ੍ਰੀ ਸੰਕਰਾਨੰਦ (ਮਨਿਸਟਰ ਵਾਟਰ ਰਿਜੋਰਸਜ਼) ਸ੍ਰੀ ਥਾਂਬੀ ਦੂਰਾਏ ਡਿਪਟੀ ਸਪੀਕਰ, ਸ੍ਰੀ ਅਟਲ ਬਿਹਾਰੀ ਬਾਜਪਾਈ (ਭਾਰਤੀਆ ਜੰਤਾ ਪਾਰਟੀ) ਸਾਥੀ ਅਨਿਲ ਬਾਸੂ (ਕਮਿਊਨਿਸਟ ਪਾਰਟੀ ਆਫਿ ਇੰਡੀਆ — ਮਾਰਕਸਵਾਦੀ) ਸ੍ਰੀ ਦਿਓ (ਕਾਂਗਰਸ ਆਈ) ਅਤੇ ਸ੍ਰੀ ਭਗਤ ਮਨਹਰ (ਕਾਂਗਰਸ ਆਈ) ਤੇ ਅਧਾਰਤ ਸੀ ਕੈਨੇਡੀਅਨ ਪਾਰਲੀਮੈਂਟ ਦੇ ਸਪੀਕਰ ਦੇ ਸੱਦੇ ਤੇ ਦੌਰੇ ਤੇ ਆਇਆ ਸੀ ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਬਿਦੇਸ਼ਾਂ ਖਾਸ ਤੌਰ ਤੇ ਕੈਨੇਡਾ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਦੀਆਂ ਮੰਗਾਂ ਅਤੇ ਵਾਪਿਸ ਭਾਰਤ ਜਾਣ ਤੇ ਆਉਣ ਵਾਲੀਆਂ ਸਮਸਿਆਵਾਂ ਸੰਬੰਧੀ ਸੁਰਿੰਦਰ ਸਿੰਘ ਸੰਘਾ, ਗੁਰਨਾਮ ਸਿੰਘ ਸੰਘੇੜਾ, ਅਮਰਜੀਤ ਸੂਫੀ, ਜਸਪਾਲ ਸਿੰਘ ਸੰਧੂ ਅਤੇ ਹਰਕੇਵਲ ਸਿੰਘ ਧਾਲੀਵਾਲ ਤੇ ਅਧਾਰਤ ਡੈਲੀਗੇਸ਼ਨ ਨੇ ਮੈਮੋਂਰੈਂਡਮ 14 ਜੂਨ ਨੂੰ ਦਿੱਤਾ।

ਡੈਲੀਗੇਸ਼ਨਾਂ ਦੇ ਸਾਰੇ ਮੈਂਬਰਾਂ ਨੂੰ ਇਧਰ ਰਹਿੰਦੇ ਭਾਰਤੀ ਪਿਛੋਕੜ ਦੇ ਲੋਕਾਂ ਦੀਆਂ ਮੰਗਾਂ ਜਿਵੇਂ ਦੂਹਰੀ ਨਾਗਰਿਕਤਾ ਅਤੇ ਪਿਤਰੀ ਧਾਰਾ ਲਾਗੂ ਕਰਨ ਲਈ ਕਾਨੂੰਨ, ਵੀਜ਼ਾ ਸਿਸਟਮ ਦਾ ਖਾਤਮਾ, ਭਾਰਤੀ ਏਅਰ ਪੋਰਟਾਂ ਤੇ ਕਸਟਮ ਤੇ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਇਧਰੋਂ ਗਏ ਭਾਰਤੀਆਂ ਨਾਲ ਕੀਤੇ ਜਾਂਦੇ ਵਤੀਰੇ ਨੂੰ ਸੁਧਾਰਨਾ ਆਦਿਕ ਮੰਗਾਂ ਅਤੇ ਸਮੱਸਿਆਵਾਂ ਤੇ ਵਿਚਾਰ ਕੀਤੀ ਗਈ। ਪਿਤਰੀ ਧਾਰਾ ਜਿਸਦੇ ਅਧੀਨ ਜੋ ਭਾਰਤੀ ਬਿਦੇਸ਼ਾਂ ਵਿਚ ਰਹਿ ਰਹੇ ਹਨ ਤੇ ਪੋਤਰਿਆਂ ਤਕ ਉਹਨਾਂ ਨੂੰ ਭਾਰਤ ਵਿਚ ਦਾਖਿਲ ਹੋਣ ਦੀ ਪੂਰਨ ਖੁਲ੍ਹ ਹੋਣੀ ਚਾਹੀਦੀ ਹੈ। ਇਸ ਮੰਗ ਬਾਰੇ ਇੰਗਲੈਂਡ ਦੀ ਮਿਸਾਲ ਦਿੱਤੀ ਗਈ ਕਿ ਇੰਗਲੈਂਡ ਦਾ ਪੈਦਾ ਹੋਇਆ ਨਾਗਰਿਕ ਜੇਕਰ ਬਿਦੇਸ਼ਾਂ ਵਿਚ ਰਹਿੰਦਾ ਹੋਵੇ ਉਸ ਦੇ ਪੋਤਰਿਆਂ ਤੱਕ ਉਹਨਾਂ ਨੂੰ ਇੰਗਲੈਂਡ ਦਾਖਲ ਹੋਣ ਦੀ ਖੁਲ੍ਹ ਹੈ। ਕਿਉਂਕਿ ਸਾਡੇ ਭਾਰਤੀਆਂ ਦੇ ਭਾਰਤ ਨਾਲ ਬਹੁਤ ਹੀ ਗੂੜੇ ਸੰਬੰਧ ਹਨ ਭਾਵੇਂ ਕੁਝ ਨੇ ਆਪਣੀਆਂ ਮਜ਼ਬੂਰੀਆਂ ਕਾਰਨ ਬਿਦੇਸ਼ੀ ਨਾਗਰਿਕਤਾ ਲੈ ਲਈ ਹੈ ਫਿਰ ਭੀ ਅਸੀਂ ਦਿਮਾਗੀ ਅਤੇ ਭਾਵਨਾਤਮਿਕ ਤੌਰ ਤੇ ਭਾਰਤ ਨਾਲ ਜੁੜੇ ਹੋਏ ਹਾਂ। ਇਸ ਨਾਲ ਸਾਨੂੰ ਫਿਰ ਵੀਜ਼ਾ ਲੈਣ ਦੀ ਲੋੜ ਨਹੀਂ ਰਹਿੰਦੀ। ਅਸੀਂ ਭਾਰਤ ਵਿਰੋਧੀ ਅਨਸਰਾਂ, ਇਜਾਰੇਦਾਰਾਂ ਦੇ ਭਾਰਤ ਵਿਚ ਦਾਖਲ ਹੋਣ ਤੇ ਲਗਾਈਆਂ ਰੋਕਾਂ ਦੇ ਵਿਰੁਧ ਨਹੀਂ ਹਾਂ। ਇਸਤੇ ਸ੍ਰੀ ਬਾਜਪਾਈ ਨੇ ਤਾਂ ਇਥੋਂ ਤੱਕ ਕਿਹਾ ਕਿ ਉਹ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਵਿਚ ਹਨ। ਸਾਥੀ ਬਾਸੂ ਨੇ ਸਭਾ ਦੀਆਂ ਮੰਗਾਂ ਤੇ ਪੂਰਾ ਧਿਆਨ ਦੇਣ ਦਾ ਵਾਅਦਾ ਕੀਤਾ।

ਇਸੇ ਹੀ ਤਰ੍ਹਾਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸ੍ਰੀ ਛਤਵਾਲ ਨਾਲ ਭਾਰਤੀਆਂ ਨੂੰ ਵੀਜ਼ਾ ਲੈਣ ਖਾਸ ਤੌਰ ਤੇ ਤਿੰਨ ਮਹੀਨਿਆਂ ਤੋਂ ਵੱਧ ਵੀਜ਼ਾ ਜੋ ਕਿ ਕਈ ਕੰਮਾਂ ਲਈ ਜ਼ਰੂਰੀ ਹੋ ਜਾਂਦਾ ਹੈ ਬਾਰੇ ਸਭਾ ਨੇ ਆਪਣੇ ਪੱਖ ਵਿਚ ਦੱਸਿਆ ਕਿ ਇਹ ਜ਼ਿਆਦਾ ਸਮੇਂ ਦਾ ਭੀ ਦਿਤਾ ਜਾਵੇ।

ਸਭਾ ਦੇ ਡੈਲੀਗੇਸ਼ਨ ਨੇ ਇਹ ਸਪਸ਼ਟ ਕੀਤਾ ਕਿ ਜਿਸ ਤਰ੍ਹਾਂ ਰਾਜੀਵ-ਲੌਂਗੋਵਾਲ ਸਮਝੌਤਾ ਪੰਜਾਬ ਵਿਚ ਨਾ ਲਾਗੂ ਕਰਨ ਨਾਲ ਸਾਮਰਾਜੀ ਏਜੰਟਾਂ ਅਤਿਵਾਦੀਆਂ ਨੂੰ ਆਪਣਾ ਅਧਾਰ ਹੋਰ ਵਧਾਉਣ ਦਾ ਹੋਰ ਮੌਕਾ ਨਾ ਮਿਲਦਾ ਇਸੇ ਤਰ੍ਹਾਂ ਇਧਰ ਭੀ ਮੁਠੀਭਰ ਵੱਖਵਾਦੀ ਅਨਸਰ ਲੋਕਾਂ ਵਿਚ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪੈਦਾ ਕਰਦੇ ਹਨ। ਇਸ ਕਰਕੇ ਰਾਜੀਵ-ਲੌਂਗੋਵਾਲ ਸਮਝੌਤਾ ਤੁਰੰਤ ਲਾਗੂ ਕੀਤਾ ਜਾਵੇ ਅਤੇ ਪੰਜਾਬ ਦਾ ਵਾਤਾਵਰਨ ਠੀਕ ਕਰਨ ਲਈ ਸਿਆਸੀ ਕਦਮ ਚੁਕੇ ਜਾਣ।

ਭਾਰਤੀ ਕਮਿਊਨਿਟੀ ਵਿਚੋਂ ਅਤਿਵਾਦੀ ਅਨਸਰਾਂ ਨੂੰ ਨਿਖੇੜਨ ਲਈ ਇੰਡੀਅਨ ਵਰਕਰਜ਼ ਐਸੋ: ਅਤੇ 'ਲੋਕਤਾ' ਪੇਪਰ ਵਲੋਂ ਪਾਏ ਗਏ ਮੋਹਰੀ ਰੋਲ ਬਾਰੇ ਚਾਨਣਾ ਪਾਇਆ ਗਿਆ।

ਮੈਮੋਂਰੈਂਡਮ ਦਾ ਪੰਜਾਬੀ ਰੂਪ

ਸ੍ਰੀ ਸ਼ੰਕਰਾਨੰਦ (ਮਨਿਸਟਰ ਆਫ ਵਾਟਰ ਰਿਜੋਰਸਜ਼) ਅਤੇ ਹੋਰ ਪਾਰਲੀਮਾਨੀ ਡੈਲੀਗੇਸ਼ਨ ਮੈਂਬਰ

ਅਸੀਂ ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ ਤੁਹਾਡੇ ਧਿਆਨ ਵਿਚ ਕੈਨੇਡਾ ਰਹਿੰਦੇ ਭਾਰਤੀ ਪਿਛੋਕੜ ਦੇ ਲੋਕਾਂ ਅਤੇ ਖਾਸ ਤੌਰ ਤੇ ਜੋ ਪੰਜਾਬ ਤੋਂ ਹਨ ਨੂੰ ਜੋ ਮੁਸ਼ਕਲਾਂ ਅਤੇ ਮੰਗਾਂ ਹਨ ਉਹ ਲਿਆ ਰਹੇ ਹਾਂ ਜਿਵੇਂ ਕਿ ਦੂਹਰੀ ਨਾਗਰਿਕਤਾ, ਵੀਜ਼ੇ ਸਿਸਟਮ ਦਾ ਖਾਤਮਾ, ਭਾਰਤੀ ਏਅਰਪੋਰਟਾਂ ਤੇ ਤੰਗ ਨਾ ਕੀਤਾ ਜਾਵੇ ਅਤੇ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।

ਜੋ ਭਾਰਤੀ ਬਿਦੇਸ਼ਾਂ ਵਿਚ ਰਹਿ ਰਹੇ ਹਨ (ਭਾਰਤੀ ਨਾਗਰਿਕ ਜਾਂ ਜਿਹਨਾਂ ਆਪਣੀ ਨਾਗਰਿਕਤਾ ਬਦਲ ਲਈ ਹੈ) ਉਹਨਾਂ ਦੇ ਭਾਰਤ ਨਾਲ ਹਮੇਸ਼ਾਂ ਦਿਮਾਗੀ ਤੇ ਭਾਵਨਾਤਮਿਕ ਤੌਰ ਤੇ ਜੁੜੇ ਰਹੇ ਹਨ। ਉਹਨਾਂ ਦੇ ਤਰੀਕੇ ਕਦਰਾਂ ਅਤੇ ਸਮਾਜਿਕ ਸੁਭਾਅ ਭਾਰਤੀ ਹਨ। ਉਹਨਾਂ ਵਿਚੋਂ ਕੁਝ ਨੇ ਸਮੇਂ ਦੀ ਜ਼ਰੂਰਤ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਨ ਵਾਲੀਆਂ ਮਜ਼ਬੂਰੀਆਂ ਕਾਰਨ ਬਿਦੇਸ਼ੀ ਨਾਗਰਿਕਤਾ ਲੈ ਲਈ ਹੈ ਉਹ ਭਾਰਤ ਬਾਰੇ ਲਿਖਦੇ ਪੜ੍ਹਦੇ ਅਤੇ ਗੱਲਾਂ ਕਰਦੇ ਹਨ।

ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਭਾਰਤ ਨਾਲ ਡੂੰਘੇ ਸਮਾਜਕ ਆਰਥਿਕ ਸੰਬੰਧ ਅਤੇ ਡੂੰਘੀਆਂ ਜੜ੍ਹਾਂ ਹਨ। ਜਦੋਂ ਭੀ ਭਾਰਤ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਾਂ ਭਾਰਤ ਸਰਕਾਰ ਨੇ ਮੱਦਦ ਦੀ ਅਪੀਲ ਕੀਤੀ, ਬਾਹਰ ਰਹਿੰਦੇ ਭਾਰਤੀਆਂ ਨੇ ਉਹਨਾਂ ਹਾਲਤਾਂ ਨੂੰ ਦਰੁਸਤ ਕਰਨ ਵਿਚ ਆਪਣਾ ਹਿਸਾ ਪਾਉਂਦੇ ਰਹੇ ਹਨ। ਉਹ ਕਰੋੜਾਂ ਰੁਪਏ ਭਾਰਤ ਨੂੰ ਭੇਜਦੇ ਹਨ ਅਤੇ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਦੀ ਮੱਦਦ ਕਰਦੇ ਹਨ। ਉਹ ਕਰੋੜਾਂ ਰੁਪਏ ਕਾਲਜਾਂ, ਸਕੂਲਾਂ, ਹਸਪਤਾਲਾਂ ਅਤੇ ਆਪਣੀਆਂ ਪਹਿਲੀਆਂ ਰਹਿਣ ਵਾਲੀਆਂ ਥਾਵਾਂ ਦੀਆਂ ਗਲੀਆਂ ਦੀ ਉਸਾਰੀ ਲਈ ਭੇਜਦੇ ਹਨ।

ਬਾਹਰ ਰਹਿੰਦੇ ਭਾਰਤੀ ਪੰਜਾਬ ਦੀ ਸਥਿਤੀ ਨੂੰ ਕਾਫੀ ਗਹੁ ਨਾਲ ਦੇਖਦੇ ਹਨ। ਭਾਰਤ ਵਿਚ ਵਾਪਰੀਆਂ ਵੱਖ ਵੱਖ ਪੱਧਰਾਂ ਤੇ ਤਬਦੀਲੀਆਂ ਦਾ ਉਹਨਾਂ ਤੇ ਸਿਧਾ ਜਾਂ ਅਸਿੱਧਾ ਅਸਰ ਪੈਂਦਾ ਹੈ। ਬਦਲਦੀ ਸਥਿਤੀ ਨੂੰ ਕਾਫੀ ਨਾਜ਼ੁਕਤਾ ਨਾਲ ਲੈਂਦੇ ਹਨ। ਪੰਜਾਬ ਵਿਚ ਅਤੇ ਹੋਰ ਹਿੱਸਿਆਂ ਵਿਚ ਵਾਪਰੀਆਂ ਦੁਖ ਭਰੀਆਂ ਘਟਨਾਵਾਂ ਸਮੇਂ ਭੀ ਬਾਹਰ ਰਹਿੰਦੇ ਭਾਰਤੀਆਂ ਦੀ ਭਾਰੀ ਬਹੁ ਗਿਣਤੀ ਭਾਰਤ ਦੀ ਏਕਤਾ ਅਤੇ ਫਿਰਕੂ ਇਕਸੁਰਤਾ ਲਈ ਡਟੀ ਰਹੀ। ਰਾਜੀਵ ਲੌਂਗੋਵਾਲ ਸਮਝੌਤੇ ਦਾ ਕੁਝ ਮੁਠੀਭਰ ਦੇਸ਼ ਵਿਰੋਧੀ ਅਤੇ ਗੁਮਰਾਹ ਹੋਏ ਲੋਕਾਂ ਤੋਂ ਬਗੈਰ ਸਭਨਾਂ ਨੇ ਸੁਆਗਤ ਕੀਤਾ।

ਜਿਸ ਤਰ੍ਹਾਂ ਕਿ ਅਸੀਂ ਭਾਰਤ ਨਾਲ ਡੂੰਘੀ ਤਰ੍ਹਾਂ ਬੱਝੇ ਹੋਏ ਹਾਂ ਅਤੇ ਇਸੇ ਅਧਾਰ ਤੇ ਅਸੀਂ ਦੂਹਰੀ ਨਾਗਰਿਕਤਾ, ਅਤੇ ਪਿਤਰੀ ਧਾਰਾ ਲਈ ਕਾਨੂੰਨ (ਜਿਸ ਤਰ੍ਹਾਂ ਇੰਗਲੈਂਡ ਵਿਚ ਹੈ) ਜਿਸਦੇ ਅਧੀਨ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ (ਜਿਹਨਾਂ ਨੇ ਆਪਣੀ ਨਾਗਰਿਕਤਾ ਬਦਲ ਲਈ ਹੈ) ਜਿਹਨਾਂ ਦੇ ਮਾਤਾ ਪਿਤਾ ਤੇ ਦਾਦੇ ਭਾਰਤ ਵਿਚ ਪੈਦਾ ਹੋਏ ਹੋਣ ਨੂੰ ਭਾਰਤ ਵਿਚ ਦਾਖਲ ਹੋਣ ਦੀ ਖੁਲ ਹੋਣੀ ਚਾਹੀਦੀ ਹੈ ਬਾਰੇ ਕਾਨੂੰਨ ਦੀ ਮੰਗ ਕਰਦੇ ਹਾਂ।

ਜਿਸ ਤਰ੍ਹਾਂ ਕਿ ਅਸੀਂ ਭਾਰਤੀ ਪਿਛੋਕੜ ਦੇ ਲੋਕ ਹਰ ਤਰ੍ਹਾਂ ਦੀ ਸਥਿਤੀ ਸਮੇਂ ਭਾਰਤ ਦੇ ਨਾਲ ਰਹੇ ਹਾਂ, ਫਿਰ ਭੀ ਭਾਰਤ ਜਾਣ ਲਈ ਉਹਨਾਂ ਨੂੰ ਵੀਜ਼ਾ ਲੈਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਅਤੇ ਪੰਜਾਬ ਲਈ ਸਪੈਸ਼ਲ ਵੀਜ਼ਾ ਲੈਣਾ ਪੈਂਦਾ ਹੈ। ਉਹ ਬਹੁਤ ਸਾਰੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ ਅਤੇ ਆਪਣੇ ਆਪਨੂੰ ਨਿਖੜੇ ਸਮਝਦੇ ਹਨ। ਦੂਹਰੀ ਨਾਗਰਿਕਤਾ ਲਾਗੂ ਕਰਕੇ, ਪਿਤਰੀ ਧਾਰਾ ਬਾਰੇ ਕਾਨੂੰਨ ਬਣਾ ਕੇ, ਵੀਜ਼ਾ ਸਿਸਟਮ ਖਤਮ ਕਰਕੇ ਭਾਰਤੀ ਪਿਛੋਕੜ ਦੇ ਲੋਕਾਂ ਨੂੰ ਭਾਰਤ ਜਾਣ ਦੀ ਖੁਲ ਦਿਓ। ਅਸੀਂ ਇਜ਼ਾਰੇਦਾਰਾਂ, ਲੋਟੂਆਂ ਅਤੇ ਭਾਰਤ ਵਿਰੋਧੀ ਏਜੰਟਾਂ ਦੇ ਦਾਖਲ ਹੋਣ ਦੀਆਂ ਰੋਕਾਂ ਦੀ ਵਿਰੋਧਤਾ ਨਹੀਂ ਕਰਦੇ

ਬਿਦੇਸ਼ਾਂ ਵਿਚ ਰਹਿੰਦੇ ਭਾਰਤੀ ਅਖੰਡ ਅਤੇ ਮਜ਼ਬੂਤ ਭਾਰਤ ਦੇ ਹੱਕ ਵਿਚ ਹਨ। ਉਹ ਸਮਝਦੇ ਹਨ ਕਿ ਪੰਜਾਬ ਸਮਸਿਆ ਨੂੰ ਸਿਆਸੀ ਕਦਮਾਂ ਦੇ ਨਾਲ ਪ੍ਰਸ਼ਾਸਨਿਕ ਤਰੀਕਿਆਂ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਅਸੀਂ ਆਪਨੂੰ ਆਖਦੇ ਹਾਂ ਕਿ ਰਾਜੀਵ ਲੌਂਗੋਵਾਲ ਸਮਝੌਤਾ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਪੰਜਾਬ ਵਿਚੋਂ ਪ੍ਰਧਾਨਗੀ ਰਾਜ ਖਤਮ ਕਰਕੇ ਲੋਕਰਾਜ ਬਹਾਲ ਕੀਤਾ ਜਾਵੇ। ਭਾਰਤੀ ਏਅਰਪੋਰਟਾਂ ਤੇ ਕਸਟਮ ਤੇ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਲੋਕਾਂ ਨਾਲ ਜੋ ਵਤੀਰਾ ਕੀਤਾ ਜਾਂਦਾ ਹੈ ਕਾਫੀ ਅਫਸੋਸਨਾਕ ਹੈ। ਇਸਦਾ ਹੱਲ ਕੀਤਾ ਜਾਣਾ ਚਾਹੀਦਾ ਹੈ।

ਸਾਡੇ ਸੁਝਾਅ ਕਾਫੀ ਕੀਮਤੀ ਅਤੇ ਲਾਭਦਾਇਕ ਹਨ ਅਤੇ ਇਹ ਪਾਰਲੀਮੈਂਟ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ।

ਆਪ ਦੇ ਸ਼ੁਭਚਿੰਤਕ,
ਪ੍ਰਧਾਨ ਸੁਰਿੰਦਰ ਸਿੰਘ ਸੰਘਾ
ਜਨਰਲ ਸਕੱਤਰ — ਮੁਹਿੰਦਰ ਸੂਮਲ
ਜੂਨ 14, 1987

ਸਿੰਧ ਕੈਸੇ ਆਜ਼ਾਦ ਹੋਗਾ

ਬੰਗਲਾ ਦੇਸ਼ ਦੇ ਵੱਖਰੇ ਹੋਣ ਦੀ ਗੱਲ ਅਜੇ ਪਾਕਿਸਤਾਨੀਆਂ ਲਈ ਬੇਹੀ ਨਹੀਂ ਹੋਈ ਕਿ ਸਿੰਧ ਵਿਚ ਸਿੰਧੂ ਦੇਸ਼ ਦਾ ਅੰਦੋਲਨ ਜਿਸ ਹੱਦ ਤੱਕ ਜ਼ੋਰ ਫੜ ਰਿਹਾ ਹੈ ਉਸ ਤੋਂ ਇਹ ਸੰਦੇਹ ਨਹੀਂ ਰਹਿ ਜਾਂਦਾ ਕਿ ਪਾਕਿਸਤਾਨ ਇਕ ਵਾਰ ਫੇਰ ਟੁੱਟਣ ਵਾਲਾ ਹੈ।

'ਨਵਾਏ ਵਕਤ' ਨੇ ਇਸ ਵੇਲੇ ਸਿੰਧ ਵਿਚ ਵਿਕ ਰਹੀਆਂ ਪੁਸਤਕਾਂ 'ਸਿੰਧ ਕੀ ਬੇਦਾਰੀ' ਅਤੇ 'ਸਿੰਧ ਕੈਸੇ ਆਜ਼ਾਦ ਹੋਗਾ' ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਵਿਚ ਪਾਕਿਸਤਾਨ ਸਰਕਾਰ ਵਿਰੁੱਧ ਬੇਹੱਦ ਜ਼ਹਿਰ ਉਗਲਿਆ ਹੋਇਆ ਹੈ। ਇਨ੍ਹਾਂ ਤੋਂ ਇਲਾਵਾ ਕੰਧਾਂ 'ਤੇ ਲੱਗੇ ਪੋਸਟਰ ਤੇ ਲਿਖੇ ਨਾਅਰਿਆਂ ਤੋਂ ਵੀ ਇਹ ਸਪਸ਼ਟ ਹੁੰਦਾ ਹੈ ਕਿ ਜਿੰਨੇ ਵਿਤਕਰੇ ਉਨ੍ਹਾਂ ਨੇ ਪਾਕਿਸਤਾਨ ਸਰਕਾਰ ਨੂੰ ਇਕ ਇਕ ਕਰਕੇ ਗਿਣਵਾ ਦਿਤੇ ਹਨ ਉਸ ਹਾਲਤ ਵਿਚ ਸਿੰਧ ਵਾਸੀਆਂ ਵਲੋਂ ਪਾਕਿਸਤਾਨ ਨਾਲ ਰਹਿ ਨਹੀਂ ਹੋਣਾ ਤੇ ਪਾਕਿਸਤਾਨ ਹਾਕਮਾਂ ਵਲੋਂ ਉਨ੍ਹਾਂ ਦਾ ਅਮੋੜਪੁਣਾ ਰੋਕਿਆ ਨਹੀਂ ਜਾਣਾ।

ਯੂਨੀਅਨ ਮਾਰੂ ਬਿਲ-19

ਗੁਰਨਾਮ ਸਿੰਘ ਸੰਘੇੜਾ

"ਜਿੰਨੀ ਦੇਰ ਸਰਮਾਏਦਾਰ ਲੋਕ ਮਜ਼ਦੂਰ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਕਰਦੇ ਰਹਿਣਗੇ, ਓਨੀ ਦੇਰ ਮਜ਼ਦੂਰ ਜਥੇਬੰਦੀ ਦੀ ਲੋੜ ਰਹੇਗੀ। ਟਰੇਡ ਯੂਨੀਅਨਾਂ ਸਮੇਂ ਦੀ ਪੈਦਾਵਾਰ ਹਨ। ਮਜ਼ਦੂਰਾਂ ਨੂੰ ਸਰਮਾਏ ਵਿਰੁੱਧ ਆਪਣੀ ਰਾਖੀ ਲਈ ਇਕੱਠੇ ਹੋਣਾ ਜ਼ਰੂਰੀ ਹੈ —" (ਓਨਟੇਰੀਓ ਵਰਕਮੈਨ — 25 ਅਪਰੈਲ 1872)

ਜਨਰਲ ਹੜਤਾਲ; ਇਨਜੰਕਸ਼ਨ — ਬ੍ਰਿਟਿਸ ਕੋਲੰਬੀਆ ਦੀ ਸੋਕਰਡ ਸਰਕਾਰ ਨੇ ਯੂਨੀਅਨ ਘਾਤਕ ਦਸਤਕਾਰੀ ਸੰਬੰਧਾਂ ਨੂੰ ਸੁਧਾਰਨ ਦੇ ਨਾਮ ਉਤੇ ਇੰਡਸਟਰੀਅਲ ਰੀਲੇਸ਼ਨਜ਼ ਰੀਫੌਰਮ ਐਕਟ—ਬਿਲ 19 (ਅਤੇ 20 — ਅਧਿਆਪਕਾਂ ਵਿਰੁੱਧ, ਇਸ ਤੇ ਜੁਦਾ ਲੇਖ) ਲਿਆਂਦਾ ਹੈ ਅਤੇ ਉਸ ਦੇ ਵਿਰੋਧ ਵਿਚ ਪਹਿਲੀ ਜੂਨ 1987 ਨੂੰ ਟਰੇਡ ਯੂਨੀਅਨ ਲਹਿਰ ਨੇ ਸਾਰੇ ਬੀ. ਸੀ. ਵਿਚ ਸੌ ਫੀਸਦੀ ਸਫਲ ਜਨਰਲ ਹੜਤਾਲ ਕੀਤੀ ਜਿਸ ਤੋਂ ਇਥੇ ਦਾ ਪ੍ਰੀਮੀਅਰ ਬਿਲ ਵੈਂਡਰਜ਼ਾਮ ਅਤੇ ਅਟਾਰਨੀ ਜਨਰਲ ਸਮਿਥ ਬੁਖਲਾ ਉਠੇ ਤੇ ਗੁਲਾਮਦਾਰੀ ਵਾਲੇ ਯੁਗ ਵਰਗੀ ਰਿੱਟ ਦਾਇਰ ਕੀਤੀ ਜਿਸ ਨਾਲ ਯੂਨੀਅਨ ਅਤੇ ਹਰ ਬੰਦੇ ਦੇ ਬੋਲਣ ਤੇ ਵਿਚਾਰ ਵਟਾਂਦਰੇ ਤੇ ਭੀ ਪਾਬੰਦੀ ਲਈ ਇਨਜੰਕਸ਼ਨ ਮੰਗਿਆ ਜਿਸ ਦਾ ਹਰ ਸੂਝਵਾਨ ਬੰਦੇ ਤੇ ਅਖਬਾਰ ਨੇ ਵਿਰੋਧ ਕੀਤਾ ਅਤੇ ਦਸ ਜੂਨ 1987 ਨੂੰ ਸੁਪਰੀਮ ਦੇ ਜੱਜ ਮੈਰੀਡਿੱਥ ਨੇ ਸਰਕਾਰ ਦੀ ਰਿੱਟ ਖਾਰਜ ਕਰ ਦਿੱਤੀ ਤੇ ਯੂਨੀਅਨ ਦਾ ਖਰਚਾ ਭੀ ਸਰਕਾਰ ਸਿਰ ਪਾ ਦਿੱਤਾ। ਇਸ ਫੈਸਲੇ ਤੇ ਅਟਾਰਨੀ ਜਨਰਲ ਨੇ ਅਸਤੀਫਾ ਤਾਂ ਕੀ ਦੇਣਾ ਸੀ ਬਲਕਿ ਢੁੱਚਰਾਂ ਕਰਦਾ ਹੈ। ਇਨਜੰਕਸ਼ਨ ਲਈ ਰਿੱਟ ਅਤੇ ਖਾਰਜ ਕਰਨ ਦਾ ਫੈਸਲਾ ਜ਼ਾਹਰ ਕਰਦੇ ਹਨ ਕਿ ਸਰਕਾਰ ਗਲਤ ਹੈ।

ਚਾਰ ਜੂਨ 1987 ਦੇ "ਗਲੋਬ ਐਂਡ ਮੇਲ" ਨੇ ਲਿਖਿਆ, "ਸੂਬੇ ਵਿਚ ਇਹ ਬਿਲ ਕੁਲੈਕਟਿਵ ਸੌਦੇਬਾਜ਼ੀ ਦੇ ਅਸੂਲ ਉਪਰ ਧਾਂਦਲਬਾਜ਼ੀ ਵਾਲਾ ਹਮਲਾ ਹੈ।" ਇਸ ਪ੍ਰੀਮੀਅਰ ਦੀ ਸੋਚਣੀ ਦਾ ਉਸ ਦੇ ਇਹਨਾਂ ਸ਼ਬਦਾਂ ਤੋਂ ਲਾ ਸਕਦੇ ਹੋ ਜਦੋਂ ਉਸ ਨੇ ਕੈਮਲੂਪ ਵਿਚ 3 ਮਾਰਚ 1986 ਨੂੰ ਇਉਂ ਆਖਿਆ, "ਆਰਥਕ ਮੰਦਵਾੜਾ ਤਾਂ ਬੀ. ਸੀ. ਲਈ ਇਕ ਰੱਬੀ ਦਾਤ ਹੈ। ਮੇਰੇ ਖਿਆਲ ਵਿਚ ਰੱਬ ਨੇ ਭੇਜੀ ਹੈ।"

ਕਾਨੂੰਨ ਵਿਆਖਿਆ :— ਹਾਕਮ ਟੋਲਾ ਹਰ ਗੱਲ ਨੂੰ ਆਪਣੇ ਢੰਗ ਨਾਲ ਪੇਸ਼ ਕਰਦਾ ਤੇ ਬਣਾਉਂਦਾ ਹੈ। ਉਸ ਦੀ ਤਰਜਮਾਨੀ ਭੀ ਇਕ ਖਾਸ ਢੰਗ ਨਾਲ। ਕਾਨੂੰਨ ਨੂੰ ਸਦਾ ਹੀ ਸਮਾਜੀ ਕੰਟਰੋਲ ਦੇ ਮੰਤਵ ਨਾਲ ਵਰਤਿਆ ਜਾਂਦਾ ਹੈ (ਤੇ ਇਸ ਕੰਮ ਲਈ ਬਣਾਇਆ ਜਾਂਦਾ ਹੈ)। ਹਾਲ ਤੇ ਸਕਰੈਟਨ ਨੇ ਲਿਖਿਆ ਹੈ, "ਕਾਨੂੰਨ ਹਰ ਥਾਂ ਇਕੋ ਜਿਹਾ ਨਹੀਂ। ਇਸ ਦੀ ਸ਼ਕਲ, ਕਿਸਮ ਅਤੇ ਕੰਮ ਨੂੰ ਉਹਨਾਂ ਸਮਾਜੀ ਰਿਸ਼ਤਿਆਂ ਦੇ ਅਨੁਸਾਰ ਢਾਲਿਆ ਜਾਂਦਾ ਹੈ ਜਿਹੜੇ ਇਸ ਨੂੰ ਚਲਾਉਂਦੇ ਤੇ ਨਿਯਮਬੱਧ ਕਰਦੇ ਹਨ। ਉਹ ਸਮਾਜ, ਜੋ ਧਨ, ਜਾਇਦਾਦ ਅਤੇ ਸੱਤਾ ਦੀ ਨਾ ਬਰਾਬਰ ਵੰਡ ਤੇ ਆਧਾਰਤ ਹੈ, ਉਸ ਵਿਚ "ਕਾਨੂੰਨੀ ਬਰਾਬਰੀ" ਦੀ ਤਲਾਸ਼ ਦੀ ਗੱਲ ਦਾ ਭਾਵ ਹੈ ਕਿ ਕਾਨੂੰਨ ਉਸ ਨਾ-ਬਰਾਬਰੀ ਨੂੰ ਜਾਇਜ਼ ਠਹਿਰਾਉਂਦਾ ਤੇ ਕਾਨੂੰਨ ਕਰਦਾ ਹੈ।" ਕਾਨੂੰਨ ਨੂੰ ਇਕ ਖਾਸ ਸੈਕਸ਼ਨ ਦੇ ਹਿਤਾਂ ਲਈ ਚਾਲਾਕੀ ਨਾਲ ਤੋੜਿਆ ਜੋੜਿਆ ਅਤੇ ਢਾਲਿਆ ਜਾਂਦਾ ਹੈ।

ਸੋ ਅਤਿ ਪਿਛਾਕੜੀ ਸੋਕਰਡ ਸਰਕਾਰ ਨੇ ਇਹ ਬਿਲ-19 ਧਨੀਆਂ, ਮੁਨਾਫੇਖੋਰਾਂ ਦੇ ਹਿਤਾਂ ਲਈ ਲਿਆਂਦਾ ਹੈ ਤਾਂ ਕਿ ਯੂਨੀਅਨ ਨੂੰ ਇੰਨਾ ਕਮਜ਼ੋਰ ਕਰ ਦਿਤਾ ਜਾਏ ਕਿ ਉਹ ਮਜ਼ਦੂਰ ਲਈ ਕੁਝ ਭੀ ਕਰ ਨਾ ਸਕੇ। ਇਹ ਹਰ ਚੀਜ਼ ਪ੍ਰਾਈਵੇਟ ਧਨੀਆਂ ਦੇ ਹੱਥਾਂ ਵਿਚ ਦੇ ਦੇਣਾ ਚਾਹੁੰਦੀ ਹੈ ਅਤੇ ਉਸ ਤਰ੍ਹਾਂ ਦਾ ਮਾਹੌਲ ਪੈਦਾ ਕਰਨ ਲਈ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰੀਮੀਅਰ ਵੈਂਡਰਜ਼ਾਮ ਨੇ ਆਖਿਆ ਸੀ, "ਇਹ ਪ੍ਰਾਈਵੇਟ ਸੈਕਟਰ ਦੀ ਮਰਜ਼ੀ ਤੇ ਹੈ ਕਿ ਉਹ ਆਰਥਕਤਾ ਨੂੰ ਉਸਾਰਨ ਵਿਚ ਮੱਦਦ ਕਰਨਾ ਚਾਹੁੰਦੇ ਹਨ।" ਉਹ ਪਿਛਲੇ ਸਮੇਂ ਤੋਂ ਹੀ ਆਖ ਰਿਹਾ ਹੈ ਕਿ ਸਮਾਜ ਦੀਆਂ ਬੁਰਾਈਆਂ (ਮੰਦਹਾਲੀ) ਦਾ ਕਾਰਨ ਬੜੀਆਂ ਯੂਨੀਅਨਾਂ ਹਨ ਅਤੇ ਸੈਕੰਡਰੀ ਪਿਕਟਿੰਗ ਉਪਰ ਪਾਬੰਦੀ ਤੇ ਪੰਜਾਹ ਬੰਦਿਆਂ ਤੋਂ ਘੱਟ ਵਾਲੇ ਕੰਮ ਕਾਰ ਵਿਚ ਯੂਨੀਅਨ ਬਣਨ ਉਪਰ ਪਾਬੰਦ ਵਾਰੇ ਆਖ ਰਿਹਾ ਸੀ ਜੋ ਹੁਣ ਬਿਲ 19 ਦੀ ਸ਼ਕਲ ਵਿਚ ਵੇਖਦੇ ਹਾਂ। ਇਹ ਬਹੁਤ ਹੀ ਭਿਅੰਕਰ ਬਿਲ ਹੈ। ਬਿਲ ਵਿਚ ਐਵੇਂ ਨਾਮ ਮਾਤਰ ਸੋਧਾਂ ਕੀਤੀਆਂ ਹਨ ਪਰ ਬਿਲ ਬੁਨਿਆਦੀ ਤੌਰ ਤੇ ਉਸੇ ਤਰ੍ਹਾਂ ਯੂਨੀਅਨਾਂ ਦੇ ਵਿਰੁਧ ਹੈ।

ਲੋਕ ਰਾਏ :— ਹੁਣ ਨਾਅਰਾ ਹੈ ਬਿਲ 19 ਅਤੇ 20 ਨੂੰ ਭਾਂਜ ਦੇ ਕੇ ਜਮਹੂਰੀਅਤ ਨੂੰ ਬਚਾਓ। ਇਹ ਸਰਕਾਰ ਅਮਨ, ਚੰਗੇ ਦਸਤਕਾਰੀ ਸੰਬੰਧ ਅਤੇ ਹੋਰ ਕੰਮ ਪੈਦਾ ਕਰਨ ਦੇ ਨਾਮ ਦੇ ਉਪਰ, ਐਨ ਉਸ ਦੇ ਉਲਟ ਕਰ ਰਹੀ ਹੈ। ਇਹ ਕਾਨੂੰਨ ਲੇਬਰ ਕੋਡ ਨੂੰ ਸੋਧਣ ਦੇ ਨਾਮ ਉਪਰ ਲੇਬਰ ਰੀਲੇਸ਼ਨਜ਼ ਬੋਰਡ ਤੇ ਯੂਨੀਅਨ ਦਾ ਸਫਾਇਆ ਕਰਨ ਤੇ ਲੱਗ ਪਈ ਹੈ। ਇਹ ਪਹਿਲੇ ਪ੍ਰੀਮੀਅਰ ਬਿਲ ਬੈਨਿਟ ਦੇ "ਰਿਸਟਰੇਂਟ" ਪ੍ਰੋਗਰਾਮ ਤੋਂ ਹੋਰ ਅਗਾਂਹ ਤੇ ਉਤਾਂਹ ਦਾ ਕਦਮ ਹੈ। ਇਉਂ ਜਾਪਦਾ ਹੈ ਜਿਵੇਂ ਅਮਰੀਕਾ ਅਤੇ ਦੱਖਣੀ ਅਫਰੀਕਾ ਤੋਂ ਯੂਨੀਅਨ ਵਿਰੋਧ ਗਲਾਂ ਉਧਾਰ ਲਈਆਂ ਹੋਣ। ਇਸ ਨਾਲ ਕੰਮ ਦੀਆਂ ਹਾਲਤਾਂ ਅਤੇ ਤਨਖਾਹ ਨਿਘਾਰ ਵਲ ਜਾਣਗੀਆਂ। ਇਸ ਬਿਲ ਦੀ ਰਹਿ ਚੁਕੇ ਸੋਕਰਡ ਸਰਕਾਰ ਦੇ ਮੰਤਰੀਆਂ ਨੇ ਵਿਰੋਧਤਾ ਕੀਤੀ ਹੈ ਅਤੇ ਬਦਲੀ ਲਈ ਆਖਿਆ ਹੈ। ਬੀ. ਸੀ. ਦੇ ਪੋਲ ਦੇ ਅਨੁਸਾਰ ਕੋਈ 74 ਫੀਸਦੀ ਲੋਕ ਇਹ ਚਾਹੁੰਦੇ ਹਨ ਕਿ ਬਿਲ ਨੂੰ ਬਿਲ 19 ਤੇ ਦੋਬਾਰਾ ਨਜ਼ਰਸਾਨੀ ਤੇ ਵਿਚਾਰ ਕੀਤੀ ਜਾਏ। ਅਤੇ ਬੀ. ਸੀ. ਵਿਚ ਮਜ਼ਦੂਰਾਂ ਨੂੰ ਟੱਕਰ ਜਾਂ ਵਿਰੋਧ ਵਿਚ ਲਿਆਉਣ ਲਈ ਪ੍ਰੀਮੀਅਰ ਆਪ ਜ਼ੁੰਮੇਂਵਾਰ ਹੈ। ਕੋਈ ਸਾਢੇ ਬਵੰਜਾ ਫੀਸਦੀ ਲੋਕ ਇਹ ਸਮਝਦੇ ਹਨ ਕਿ ਬਿਲ 19 ਬੇ-ਇਨਸਾਫੀ ਵਾਲਾ ਤੇ ਧੱਕਾ ਕਰਦਾ ਹੈ ਅਤੇ ਕੋਈ ਚੌਵੀ ਫੀਸਦੀ ਨੇ ਆਖਿਆ ਕਿ ਇਹ ਠੀਕ ਹੈ। ਸੋ ਬੀ. ਸੀ. ਦੇ ਲੋਕਾਂ ਦੀ ਭਾਰੀ ਬਹੁ-ਗਿਣਤੀ ਇਸ ਬਿਲ ਦੇ ਵਿਰੁੱਧ ਹੈ ਪਰ ਪ੍ਰੀਮੀਅਰ ਅਜੇ ਭੀ ਬਿਲ ਪਾਸ ਕਰਨ ਦੀ ਧੱਕੇਸ਼ਾਹੀ ਤੇ ਅੜਿਆ ਹੋਇਆ ਹੈ। ਉਸ ਨੇ ਬੀ. ਸੀ. ਸੁਪਰੀਮ ਕੋਰਟ ਦੇ ਸਰਕਾਰ ਦੀ ਰਿੱਟ ਨੂੰ ਖਰਚਾ ਪਾ ਕੇ ਖਾਰਜ ਕਰਨ ਤੋਂ ਭੀ ਕੁਝ ਨਹੀਂ ਸਿਖਿਆ।

ਹੜਤਾਲ :— ਯੂਨੀਅਨ ਦਾ ਰੋਸ ਵਜੋਂ ਕੰਮ ਨਾ ਕਰਨ ਤੇ ਹੜਤਾਲ ਕਰਨ ਦੇ ਬੁਨਿਆਦੀ ਹੱਕ ਉਪਰ ਛਾਪਾ ਮਾਰਿਆ ਜਾ ਰਿਹਾ ਹੈ। ਕਈ ਸ਼ਰਤਾਂ ਤੇ ਦਖਲ ਅੰਦਾਜ਼ੀਆਂ ਦੇ ਹੱਕ ਲੱਦੇ ਜਾ ਰਹੇ ਹਨ। ਬਿਲ ਦੇ ਸੈਕਸ਼ਨ 137 (137.4 (3)) ਦੇ ਅਨੁਸਾਰ ਜੇ ਕਮਿਸ਼ਨਰ (ਜਿਸ ਨੂੰ ਅਥਾਹ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ) ਸੋਚਦਾ ਹੈ ਕਿ ਝਗੜਾ "ਲੋਕ ਹਿਤਾਂ ਦੇ ਵਿਰੁੱਧ" ਹੈ ਤਾਂ ਉਹ ਇਕ ਦਮ ਰੀਪੋਰਟ ਕਰੇਗਾ। ਅਤੇ ਜੇ ਕੈਬਨਿਟ ਸਮਝਦੀ ਹੈ ਕਿ ਜੇ "ਝਗੜੇ ਨਾਲ ਸੂਬੇ ਦੀ ਆਰਥਕਤਾ ਨੂੰ ਧੱਕਾ ਲੱਗਦਾ ਜਾਂ ਲੋਕਾਂ ਦੇ ਸਿਹਤ, ਸੁਰੱਖਿਆ ਤੇ ਭਲਾਈ ਨੂੰ ਖਤਰਾ ਜਾਂ ਸੂਬੇ ਦੀਆਂ ਵਿਦਿਅਕ ਸੇਵਾਵਾਂ ਨੂੰ ਖਤਰਾ ਹੈ ਤਾਂ ਕਮਿਸ਼ਨਰ ਨੂੰ ਝਗੜਾ ਨਿਪਟਾਉਣ ਲਈ ਆਖਿਆ ਜਾਵੇਗਾ ਅਤੇ ਕਮਿਸ਼ਨਰ ਪਾਸ (137.97 (3) a) ਦੇ ਅਧੀਨ ਮਜ਼ਦੂਰਾਂ ਨੂੰ ਹੜਤਾਲ ਬੰਦ ਕਰਨ ਦਾ ਤੇ ਵਾਪਸ ਕੰਮ ਤੇ ਭੇਜਣ ਦਾ ਅਧਿਕਾਰ ਹੋਵੇਗਾ। ਉਹ ਪਬਲਿਕ ਸੈਕਟਰ ਵਿਚ ਸੇਵਾਵਾਂ ਨੂੰ ਜ਼ਰੂਰੀ ਕਰਾਰ ਦੇ ਕੇ ਹੜਤਾਲ ਖਤਮ ਤੇ ਵਾਪਸ ਭੇਜ ਸਕਦਾ ਹੈ (ਸੈਕਸ਼ਨ 137.8) "ਜ਼ਰੂਰੀ ਸੇਵਾਵਾਂ" ਦੀਆਂ ਦੋ ਬੜੀਆਂ ਖੁੱਲੀਆਂ ਵਿਆਖਿਆਵਾਂ ਹਨ (ਸੈਕਸ਼ਨ 137.8 ਸਫਾ 21)। ਕਮਿਸ਼ਨਰ ਦੀ ਤਾਕਤ ਘਟਾਉਣ ਦਾ ਸਰਕਾਰ ਨੇ ਐਵੇਂ ਢੌਂਗ ਰਚਾਇਆ ਹੈ। ਹੜਤਾਲ ਦੇ ਦੌਰਾਨ ਕੰਪਨੀ ਜਾਂ ਮਾਲਕ ਹੋਰ ਬੰਦੇ ਕੰਮ ਤੇ ਰੱਖ ਸਕਦਾ ਹੈ ਇਹ ਤਾਂ ਸਿੱਧੀ ਯੂਨੀਅਨ ਤੋੜੋ ਐਕਸ਼ਨ ਹੈ। ਹੜਤਾਲ ਦੇ ਦੌਰਾਨ ਜੇ ਕੋਈ ਕਾਮਾ ਜਾਂ ਯੂਨੀਅਨ ਮੈਂਬਰ ਪਿਕਟ ਲਾਈਨ ਤੋੜ ਕੇ ਕੰਮ ਤੇ ਚਲਾ ਜਾਵੇ ਤਾਂ ਮਾਲਕ ਨੂੰ ਕਾਮੇ ਨੂੰ ਕੰਮ ਤੋਂ ਹਟਾਉਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਸੋ ਕਾਲੀਆਂ ਭੇਡਾਂ ਤੇ ਗਦਾਰਾਂ ਨੂੰ ਖੁੱਲ੍ਹ।

ਯੂਨੀਅਨ ਦੂਜੇ ਹੜਤਾਲੀ ਕਾਮਿਆਂ ਦੀ ਮੱਦਦ ਨਹੀਂ ਕਰ ਸਕਦੀ। ਅਤੇ ਯੂਨੀਅਨ ਜਾਂ ਹੋਰ ਕੰਪਨੀ ਵਲੋਂ ਹੜਤਾਲ ਵਾਲੀ ਕੰਪਨੀ ਦੀਆਂ ਚੀਜ਼ਾਂ ਹੈਂਡਲ ਕਰਨ ਤੋਂ ਇਨਕਾਰ ਗੈਰ-ਕਾਨੂੰਨੀ ਹੋਵੇਗਾ ਸੋ ਭਾਵ ਹੋਰ ਯੂਨੀਅਨ ਆਪਣੇ ਹੜਤਾਲੀ ਭਾਈਚਾਰੇ ਦੀ ਮੱਦਦ ਭੀ ਨਹੀਂ ਕਰ ਸਕੇਗੀ। ਉਹ ਕਨਟਰੈਕਟ ਜਿਹਨਾਂ ਵਿਚ ਲਿਖਿਆ ਹੈ ਕਿ ਮਾਲਕ ਜਾਂ ਕੰਪਨੀ ਸਿਰਫ ਯੂਨੀਅਨ ਵਾਲੀ ਕੰਪਨੀ ਦੀਆਂ ਚੀਜ਼ਾਂ ਹੀ ਵਰਤੇਗੀ, ਇਸ ਕਾਨੂੰਨ ਅਧੀਨ ਇਹ ਕਨਟਰੈਕਟ ਗੈਰ-ਕਾਨੂੰਨੀ ਹੋ ਜਾਏਗਾ।

ਪਿਕਟਿੰਗ :— ਪਿਕਟਿੰਗ ਜੋ ਇਕ ਹੋਰ ਜ਼ਰੂਰ ਹੱਕ ਹੈ, ਉਹ ਭੀ ਖੋਹਿਆ ਗਿਆ ਹੈ। ਪਿਕਟਿੰਗ ਸਿਰਫ ਹੜਤਾਲ ਜਾਂ ਲੋਕ ਆਊਟ ਵਾਲੀ ਥਾਂ ਤੇ ਹੀ ਹੋ ਸਕੇਗੀ ਅਤੇ ਕੌਂਸਲ ਇਸ ਤੇ ਰੋਕ ਲਾ ਸਕਦੀ ਤੇ ਸੀਮਤ ਕਰ ਸਕਦੀ ਹੈ। ਸੈਕੰਡਰੀ ਪਿਕਟਿੰਗ ਨਹੀਂ ਹੋ ਸਕਦੀ। ਭਾਵ ਜੇ ਹੜਤਾਲ ਜਾਂ ਲੌਕ ਆਊਟ ਵਾਲੀ ਕੰਪਨੀ ਨੇ ਹੋਰ ਫਾਰਮ, ਕੰਪਨੀ ਜਾਂ ਕੰਮ ਕਾਰ ਆਰੰਭ ਲਿਆ ਹੈ ਅਤੇ ਉਸ ਦੀ ਮੈਨੇਜਮੈਂਟ ਵੱਖਰੀ ਹੈ ਤਾਂ ਉਥੇ ਪਿਕਟਿੰਗ ਨਹੀਂ ਹੋ ਸਕੇਗੀ। ਸਗੋਂ ਮਸਲੇ ਨੂੰ ਹੋਰ ਗੰਦਲਾ ਕਰਨ ਲਈ ਮਾਲਕਾਂ ਨੂੰ ਹੋਏ

ਬਾਕੀ ਪੰਨਾ 21 'ਤੇ

ਪੰਨਾ 20 ਦੀ ਬਾਕੀ

ਹਰਜਾਨੇ ਲਈ ਮਜ਼ਦੂਰਾਂ ਉਪਰ ਹੜਤਾਲ, ਲੌਕ ਆਊਟ ਜਾਂ ਪਿਕਟਿੰਗ ਨਾਲ ਹੋਏ ਨੁਕਸਾਨ ਵਾਰੇ ਕੇਸ ਕਰਨ ਦਾ ਹੱਕ ਦਿਤਾ ਜਾ ਰਿਹਾ ਹੈ। ਯੂਨੀਅਨ ਕੰਪਨੀਆਂ ਮਨਮਰਜ਼ੀ ਨਾਲ ਯੂਨੀਅਨ ਰਹਿਤ ਕੰਪਨੀ ਸਥਾਪਤ ਕਰ ਸਕਦੀਆਂ ਹਨ। ਸੈਕਸ਼ਨ 78 ਵਿਚ "ਟੈਕਨੌਲੋਜੀ ਵਾਲੀ ਬਦਲੀ" ਦੀ ਨਵੀਂ ਵਿਆਖਿਆ ਕਰ ਦਿਤੀ ਹੈ ਜੋ ਮਾਲਕ ਹਿਤਾਂ ਲਈ ਹੈ।

ਤਨਖਾਹ ਘਟਾਉਣਾ :— ਝਗੜੇ ਸਮੇਂ ਸਰਕਾਰ ਮਨਮਰਜ਼ੀ ਨਾਲ ਮਜ਼ਦੂਰਾਂ ਨੂੰ ਸਮਝੌਤੇ ਲਈ ਆਖ ਸਕਦੀ ਹੈ। ਪਬਲਿਕ ਸੈਕਟਰ ਵਿਚ ਮਾਲਕ ਦੀ ਤਨਖਾਹ ਜਾਂ ਪੈਸਾ ਦੇਣ ਦੀ ਯੋਗਤਾ ਪ੍ਰਮੁਖ ਗੱਲ ਹੋਵੇਗੀ। ਸੋ ਜੇ ਤਨਖਾਹ ਦੇਣ ਦੀ ਯੋਗਤਾ ਕਮਜ਼ੋਰ, ਮਾੜੀ, ਥੋੜੀ ਆਦਿ ਹੈ ਤਾਂ ਫਿਰ ਸਾਲਸੀ ਹੁਕਮ ਤਨਖਾਹ ਘਟਾਉਣ ਦੀ ਗੱਲ ਲਾਗੂ ਕਰ ਸਕਦਾ ਹੈ। (ਸੈਕਸ਼ਨ 137.96 (2 ਤੋਂ 5))। ਇਸ ਤਨਖਾਹ ਘਟਾਉਣ ਤੇ ਸਾਲਸੀ ਫੈਸਲੇ ਵਿਰੁੱਧ ਕੋਈ ਅਪੀਲ ਨਹੀਂ ਹੋ ਸਕੇਗੀ।

ਇੰਡਸਟਰੀਅਲ ਰੀਲੇਸ਼ਨਜ਼ ਕੌਂਸਲ :— ਲੇਬਰ ਰੀਲੇਸ਼ਨਜ਼ ਬੋਰਡ ਖਤਮ ਕਰਕੇ ਦਸਤਕਾਰੀ ਰਿਸ਼ਤਿਆਂ ਲਈ ਕੌਂਸਲ ਸਥਾਪਤ ਹੋਵੇਗੀ ਅਤੇ ਕਮਿਸ਼ਨਰ ਸਭ ਤੋਂ ਉਪਰ ਹੋਵੇਗਾ। ਇਸ ਕੌਂਸਲ ਦੇ ਦੋ ਭਾਗ ਹੋਣਗੇ ਇਹ ਨਵਾਂ ਢਾਂਚਾ ਕੁਲੈਕਟਿਵ ਸਮਝੌਤਿਆਂ ਦੇ ਹੱਕ ਵਾਲਾ ਨਹੀਂ। ਹਰ ਸਮਝੌਤਾ ਇਸ ਕੌਂਸਲ ਕੋਲ ਜ਼ਰੂਰ ਜਾਵੇਗਾ। ਸੋ ਕਾਨੂੰਨ ਲਾਗੂ ਕਰਨ ਲਈ ਇਹ ਅਫਸਰਸ਼ਾਹੀ ਦਫਤਰਸ਼ਾਹੀ ਹੋਵੇਗੀ। ਅਸਲ ਵਿਚ ਕਮਿਸ਼ਨਰ ਪਾਸ ਅਥਾਹ ਤਾਕਤਾਂ ਹਨ। ਬੀ. ਸੀ. ਦੀ ਸਾਲਸਾਂ ਦੀ ਜਥੇਬੰਦੀ ਦੇ ਸਕੱਤਰ ਜਿਮ ਡੌਰਸੀ ਨੇ ਕਿਹਾ, "ਉਹ ਲੋਕ ਜਿਹਨਾਂ ਨੇ ਰਿੱਟ ਦਾਇਰ ਕੀਤੀ ਤੇ ਇਨਜੰਕਸ਼ਨ ਆਰੰਭਿਆ ਉਹ ਦਸਤਕਾਰੀ ਰਿਸ਼ਤਿਆਂ ਦੇ ਪ੍ਰਬੰਧ ਤੋਂ ਅਨਜਾਣ ਹਨ ਅਤੇ ਉਹਨਾਂ ਦੇ ਮੂੜਪਣ ਨੇ ਇਸ ਤਜਵੀਜ਼ ਕੀਤੇ ਬਿਲ ਰਾਹੀਂ ਕਿੰਨੀ ਫੁੱਟ ਪਾ ਦਿੱਤੀ ਹੈ।" ਉਸ ਨੇ ਆਖਿਆ ਇਸ ਬਿਲ ਦੇ ਇਸ ਮਸਲੇ ਤੇ ਤਿੰਨ ਮਸਲੇ ਹਨ ਇਕ ਕਿ ਇਹ ਬਿਲ ਕੁਲੈਕਟਿਵ ਸੌਦਾਬਾਜ਼ੀ ਕਰਨ ਵਾਲਿਆਂ ਨੂੰ ਅਨਾੜੀ ਤੇ ਬੱਚੇ ਸਮਝਦਾ ਹੈ। ਦੂਜੇ ਟਰੇਡ ਯੂਨੀਅਨਾਂ ਦੇ ਹੱਕਾਂ ਨੂੰ ਘਟਾ ਕੇ ਯੂਨੀਅਨ ਦੇ ਰੋਲ ਦਾ ਨਿਰਾਦਰ ਕਰਦਾ ਹੈ। ਤੀਜੇ ਇਹ ਬਿਲ ਸਾਰੇ ਪਹਿਲੇ ਦਸਤਕਾਰੀ ਪ੍ਰਬੰਧ ਦਾ ਸਫਾਇਆ ਕਰਦਾ ਅਤੇ ਸਾਰੇ ਅਦਾਰਿਆਂ ਵਿਚ ਬਦਲੀ ਕਰਦਾ ਹੈ।

ਇਹ ਬਿਲ ਯੂਨੀਅਨ ਸ਼ੌਪ ਜਾਂ ਕਲੋਜ਼ ਸ਼ੌਪ ਦਾ ਸਫਾਇਆ ਕਰਦਾ ਹੈ। ਅਤੇ ਹੋਏ ਟਰੇਨਿੰਗ ਜਾਂ ਸ਼ਾਗਿਰਦੀ ਪਰੋਗਰਾਮਾਂ ਦਾ ਖਾਤਮਾ।

ਦਖਲ ਅੰਦਾਜ਼ੀ :— ਯੂਨੀਅਨ ਮੈਂਬਰਸ਼ਿਪ ਤੇ ਡਸਿਪਲਿਨ ਇਹ ਸਿੱਧਾ ਦਖਲ ਦਿੰਦਾ ਹੈ। ਪਹਿਲਾਂ ਲੇਬਰ ਕੋਡ ਧਾਰਮਿਕ ਵਿਸ਼ਵਾਸ ਦੇ ਆਧਾਰ ਤੇ ਯੂਨੀਅਨ ਮੈਂਬਰ ਨਾ ਬਣਨ ਦੀ ਛੋਟ ਦਿੰਦਾ ਸੀ ਪਰ ਹੁਣ ਬਿਲ 19 ਆਖਦਾ ਹੈ ਕਿ ਜੇ ਕੋਈ ਯੂਨੀਅਨ ਨੂੰ ਪੈਸੇ, ਮੈਂਬਰਸ਼ਿਪ ਦੇਣ ਜਾਂ ਹੋਰ ਕੋਈ ਮਿਥੀ ਹੋਈ ਫੀਸ ਦੇਣ ਤੇ ਇਤਰਾਜ਼ ਕਰ ਸਕਦਾ ਤੇ ਛੋਟ ਹਾਸਲ ਕਰ ਸਕਦਾ ਹੈ।

ਇਸ ਬਿਲ ਰਾਹੀਂ ਉਪਰਲੀ ਯੂਨੀਅਨ ਵਲੋਂ ਲੋਕਲ ਯੂਨੀਅਨ ਉਪਰ ਟਰੱਸਟੀਸ਼ਿਪ ਦੇ ਮਸਲੇ ਤੇ ਦਖਲ ਅੰਦਾਜ਼ੀ ਕਰਦਾ ਹੈ ਕਿ ਟਰੱਸਟੀਸ਼ਿਪ ਵਾਰੇ ਕੌਂਸਲ ਨੂੰ ਦੱਸਿਆ ਜਾਵੇ ਅਤੇ ਕੌਂਸਲ ਦੀ ਇਜ਼ਾਜਤ ਤੋਂ ਬਿਨਾਂ ਇਕ ਸਾਲ ਵੱਧ (ਟਰੱਸਟੀਸ਼ਿਪ) ਨਹੀਂ ਰਹਿ ਸਕਦੀ

ਕੁਲੈਕਟਿਵ ਸਮਝੌਤੇ :— ਕੁਲੈਕਟਿਵ ਸੌਦਿਆਂ ਰਾਹੀਂ ਹੱਕ ਮੁੜ ਮਾਲਕ ਨੂੰ ਦਿਤੇ ਜਾ ਰਹੇ ਹਨ। ਜਿਸ ਕਨਟਰੈਕਟ ਵਿਚ ਇਹ ਹੋਵੇਗਾ ਕਿ ਉਹਨਾਂ ਦੀ ਥਾਂ ਬਾਹਰ ਦਿਤਾ ਜਾਂਦਾ ਜਾਂ ਕਰਾਇਆ ਜਾਂਦਾ ਕੰਮ ਯੂਨੀਅਨ ਵਾਲੇ ਮਾਲਕ ਤੋਂ ਕਰਾਇਆ ਜਾਵੇ, ਉਹ ਗੈਰ-ਕਾਨੂੰਨੀ ਹੋਵੇਗਾ। ਕੁਲੈਕਟਿਵ ਸੰਧੀ ਵਿਚ ਯੂਨੀਅਨ ਦੇ ਮੈਂਬਰ ਬਣਨ ਦੀ ਸ਼ਰਤ ਗੈਰ-ਕਾਨੂੰਨੀ ਹੋਵੇਗੀ। ਜਦੋਂ ਸਾਂਝੇ ਸਮਝੌਤੇ ਬਾਰੇ ਝਗੜਾ ਹੋ ਜਾਏ ਤਾਂ ਨਵਾਂ ਕਾਨੂੰਨ ਲਾਗੂ। ਭਾਵ ਜੇ ਕਾਨੂੰਨ ਤੇ ਕੁਲੈਕਟਿਵ ਸਮਝੌਤੇ ਵਿਚਕਾਰ ਵਿਰੋਧੀ ਗੱਲਾਂ ਹਨ ਤਾਂ ਕਾਨੂੰਨ ਲਾਗੂ ਹੋਵੇਗਾ।

ਮਾਲਕ ਪਾਸ ਯੂਨੀਅਨ ਵਿਰੋਧੀ ਹੱਕ :— **ਇਸ ਬਿਲ ਰਾਹੀਂ ਮਾਲਕ ਭੀ ਯੂਨੀਅਨ ਆਦਿ ਦੇ ਮਸਲੇ ਤੇ ਕਾਮਿਆਂ ਵਿਚ ਗੱਲਬਾਤ ਕਰ ਸਕਦਾ ਹੈ। ਇਸ ਨਾਲ ਉਹ ਯੂਨੀਅਨ ਵਿਰੋਧੀ ਮੁਹਿੰਮ ਚਲਾ ਸਕਦਾ ਹੈ। ਇਸ ਨਾਲ ਮਾਲਕ ਯੂਨੀਅਨ ਡੀਸਰਟੀਫਾਈ ਭੀ ਕਰਾ ਸਕੇਗਾ। ਉਹ ਆਖੇਗਾ ਜੇ ਯੂਨੀਅਨ ਬਣਾਈ ਤਾਂ ਕੰਮ ਬੰਦ ਕਰ ਦਿਆਂ। ਜੋ ਉਸ ਨੂੰ ਇਜ਼ਾਜਤ ਹੈ। ਕੌਂਸਲ ਦੇ ਆਰਡਰ ਆਪਣੇ ਆਪ ਸੁਪਰੀਮ ਕੋਰਟ ਵਿਚ ਦਰਜ ਹੋ ਜਾਇਆ ਕਰਨਗੇ। ਯੂਨੀਅਨ ਦੇ ਮੁਕਾਬਲੇ ਤੇ ਨਿੱਜੀ ਵਿਅਕਤੀਗਤ ਹੱਕਾਂ ਤੇ ਜ਼ਿਆਦਾ ਜ਼ੋਰ ਹੈ ਜਿਸ ਦਾ ਭਾਵ ਸਾਂਝੇ ਤੌਰ ਤੇ ਯੂਨੀਅਨ ਤੋਂ ਹਟਾਉਣ ਤੇ ਕਮਜ਼ੋਰ ਕਰਨ ਦਾ ਉਪਰਾਲਾ ਹੈ। ਇਸ ਬਿਲ ਰਾਹੀਂ ਪੰਜ ਲੱਖ ਦਾ "ਪੈਦਾਵਾਰੀ ਪ੍ਰੋਡਕਟਿਵੇਟੀ ਫੰਡ ਮੰਤਰੀ ਦੀ ਮਰਜ਼ੀ ਅਨੁਸਾਰ ਖਰਚ ਹੋਇਆ ਕਰੇਗਾ। ਮਾਲਕ ਸਾਂਝੀਆਂ ਸੌਦਾ ਕਰੂ ਕੌਂਸਲਾਂ ਨੂੰ ਕੁਲੈਕਟਿਵ ਸਮਝੌਤੇ ਦੇ ਖਤਮ ਹੋਣ ਤੋਂ ਨੌਂ ਮਹੀਨੇ ਪਹਿਲਾਂ ਛੱਡ ਸਕਦਾ ਹੈ ਪਰ ਯੂਨੀਅਨ ਇੰਡਸਟਰੀਅਲ ਰੀਲੇਸ਼ਨਜ਼ ਕੌਂਸਲ ਦੀ ਇਜ਼ਾਜਤ ਤੋਂ ਬਿਨਾਂ ਨਹੀਂ ਛੱਡ ਸਕਦੀ।**

ਹੜਤਾਲ ਕਰਨ ਵਿਚਕਾਰ ਲੰਬਾ ਸਮਾਂ ਅਤੇ ਯੂਨੀਅਨਾਂ ਤੋਂ ਉਹਨਾਂ ਦੀਆਂ ਸਾਰੀਆਂ ਮਾਇਕ ਰੀਪੋਰਟਾਂ ਆਦਿ ਰਜਿਸਟਰ ਕਰਾਉਣ ਦੀਆਂ ਮੱਦਾਂ, ਬਹੁਤ ਘਾਤਕ ਹਨ। ਯੂਨੀਅਨ ਨੂੰ ਮਾਲਕ ਵਲੋਂ ਡੀਸਰਟੀਫਾਈ (ਖਤਮ ਕਰਾਉਣਾ) ਆਸਾਨ ਕਰ ਦਿਤਾ ਗਿਆ ਹੈ। ਅਧਿਆਪਕਾਂ ਨੂੰ ਬਿਲ 20 ਦੇ ਨਾਲ ਨਾਲ ਬਿਲ 19 ਦੇ ਅਧੀਨ ਭੀ ਕੀਤਾ ਗਿਆ ਹੈ।

ਸੋ ਹੁਣ ਸਮਾਂ ਬਹੁਤ ਹੀ ਖਤਰਨਾਕ ਅਤੇ ਨਾਜ਼ਕ ਹੈ ਜੇ ਯੂਨੀਅਨਾਂ ਤੇ ਹੋਰ ਗੈਰ ਲੋਕ ਤੇ ਅਗਾਂਹ ਵਧੂ ਵਿਅਕਤੀ ਅਤੇ ਲੋਕ ਹਿਤੂ ਪਾਰਟੀਆਂ ਨੇ ਏਕਤਾ, ਦਰਿੜਤਾ ਤੇ ਸਰਗਰਮੀ ਨਾਲ ਵਿਰੋਧਤਾ ਨਾ ਕੀਤੀ ਤਾਂ ਯੂਨੀਅਨ ਦੀ ਹੋਂਦ ਨੂੰ ਖਤਰਾ ਹੈ। ਇਹਨਾਂ ਨੂੰ ਮੁੜ ਆਰੰਭਕ ਸਟੇਜ ਤੇ ਪਹੁੰਚਾ ਦਿਤਾ ਜਾਵੇਗਾ ਜਿਸ ਨਾਲ ਤਨਖਾਹਾਂ ਹੀ ਨਹੀਂ ਘਟਣਗੀਆਂ ਬਲਕਿ ਬੇਰੁਜ਼ਗਾਰੀ ਵਿਚ ਭੀ ਵਾਧਾ ਹੋਵੇਗਾ। ਐਨ. ਡੀ. ਪੀ. ਅਗਾਂਹ ਨੂੰ ਸੂਬੇ ਦੀਆਂ ਚੋਣਾਂ ਨੂੰ ਸਾਹਮਣੇ ਰਖਦੇ ਹੋਈ ਭੀ ਸੁਧਾਰਵਾਦੀ ਪਾਰਲੀਮਾਨੀ ਢੰਗ ਅਪਣਾ ਰਹੀ ਹੈ ਅਤੇ ਇਸ ਦੇ ਪਾਸ ਹੋਣ ਵਿਚ ਭੀ ਰੋਕ ਨਹੀਂ ਪਾ ਰਹੀ। ਪਰ ਇਸ ਨੂੰ ਸਮਝਣਾ ਚਾਹੀਦਾ ਹੈ ਕਿ ਜੇ ਯੂਨੀਅਨ ਤੇ ਲੇਬਰ ਲਹਿਰ ਬਹੁਤ ਕਮਜ਼ੋਰ ਹੋ ਗਈ ਤਾਂ ਇਹਨਾਂ ਨੂੰ ਬੀ. ਸੀ. ਵਿਚ ਸਰਕਾਰ ਬਣਾਉਣ ਲਈ ਜਿੱਤ ਪ੍ਰਾਪਤ ਨਹੀਂ ਹੋਣੀ। ਸੋ ਹੁਣ ਡਟਕੇ ਇਸ ਬਿਲ ਦਾ ਵਿਰੋਧ ਕਰਨ ਟਰੇਡ ਯੂਨੀਅਨ ਦੀ ਉਪਰਲੀ ਲੀਡਰਸ਼ਿਪ ਭੀ ਓਪਰੇ ਤੇ ਗੈਰ ਅਸਰਦਾਇਕ ਢੰਗਾਂ ਦੀ ਗੱਲ ਕਰਦੀ ਹੈ ਜਿਸ ਤੋਂ ਜਾਪਦਾ ਹੈ ਕਿ ਇਕ ਦਿਨ ਦੀ ਜਨਰਲ ਹੜਤਾਲ ਤੋਂ ਅਗਾਂਹ ਤੁਰਨ ਦੀ ਥਾਂ ਪਿੱਛੇ ਨੂੰ ਮੋੜ ਕੱਟ ਰਹੀ ਹੈ। ਇਹਨਾਂ ਬਿਲਾਂ 19 ਅਤੇ 20 ਨੂੰ ਵਾਪਸ ਕਰਾਉਣ ਲਈ ਸਾਂਝੇ ਫਰੰਟ ਦੀ ਲੋੜ ਹੈ ਜਿਸ ਰਾਹੀਂ ਸੋਕਰਡ ਸਰਕਾਰ ਦੀਆਂ ਨੀਤੀਆਂ ਨੂੰ ਹਰਾਇਆ ਜਾਵੇ। ਹਰ ਵਿਅਕਤੀ ਨੂੰ ਇਸ ਬਾਰੇ ਸੂਝ ਪ੍ਰਾਪਤ ਕਰਨੇ, ਅਤੇ ਸਰਗਰਮੀ ਨਾਲ ਇਹਨਾਂ ਬਿਲਾਂ ਨੂੰ ਹਰਾਉਣ ਲਈ ਯੋਗ ਹਿੱਸਾ ਪਾਉਣਾ ਚਾਹੀਦਾ ਹੈ।


ਅਤਿਵਾਦੀ ਕਾਤਲਾਂ ਦੀ ਪਛਾਣ

ਹੁਸ਼ਿਆਰਪੁਰ — ਪਿੰਡ ਚੱਕੋਵਾਲ ਬਰਾਮਣਾ ਵਿਖੇ ਜਿਹੜੇ ਤਿੰਨ ਵਿਅਕਤੀਆਂ ਨੂੰ ਦਹਿਸ਼ਤਪਸੰਦਾਂ ਵਲੋਂ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਗਿਆ ਸੀ, ਦੀ ਸ਼ਨਾਖਤ ਕਰ ਲਈ ਗਈ ਹੈ। ਉਕਤ ਦਾਅਵਾ ਐਸ ਐਸ ਪੀ ਸ੍ਰੀ ਸੁਭਾਸ਼ ਚੰਦਰ ਜੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਅਤਿਵਾਦੀਆਂ ਨੇ ਪਿੰਡ ਚੱਕੋਵਾਲ ਬਰਾਮਣਾ ਵਿਚ ਕਤਲ ਕਰਨ ਤੋਂ ਪਹਿਲਾਂ ਜਿਲਾ ਜਲੰਧਰ ਦੇ ਪਿੰਡ ਡਰੋਲੀ ਕਲਾ ਵਿਖੇ ਇਕ ਨੌਜਵਾਨ ਦੀ ਹਤਿਆ ਕੀਤੀ ਅਤੇ ਬਾਅਦ ਵਿਚ ਉਕਤ ਪਿੰਡ ਆ ਕੇ ਤਿੰਨ ਵਿਅਕਤੀਆਂ ਮੋਹਨ ਲਾਲ, ਅਜੀਤ ਸਿੰਘ ਅਤੇ ਸ਼ਿੰਗਾਰਾ ਰਾਮ ਦੀ ਗੋਲੀਆਂ ਮਾਰਕੇ ਹਤਿਆ ਕਰ ਦਿੱਤੀ। ਸ੍ਰੀ ਜੈਨ ਨੇ ਦੱਸਿਆ ਕਿ ਅਤਿਵਾਦੀਆਂ ਜਿਹਨਾਂ ਦੀ ਗਿਣਤੀ ਤਿੰਨ ਸੀ, ਦੋ ਜਲੰਧਰ ਅਤੇ ਇਕ ਹੁਸ਼ਿਆਰਪੁਰ ਜਿਲੇ ਨਾਲ ਸਬੰਧਤ ਹੈ। ਉਹਨਾਂ ਦੱਸਿਆ ਕਿ ਇਹਨਾਂ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਇਸ ਸਬੰਧ ਵਿਚ ਪੁਲਸ ਪਾਰਟੀਆਂ ਵੱਖ-ਵੱਖ ਅਸਥਾਨਾਂ ਤੇ ਛਾਪਾ ਮਾਰਨ ਲਈ ਰਵਾਨਾ ਹੋ ਚੁਕੀਆਂ ਹਨ।

ਕੈਲੇਫੋਰਨੀਆ ਗਾਈਡ

ਖਰੂਦ ਤੋਂ ਬਰੂਦ ਤੀਕ

ਹਰਮਿੰਦਰ ਸਿੰਘ




ਲੋਕ ਜਾਣਦੇ ਹਨ
ਉਹ ਜਮਾਂਦਰੂ ਹੀ ਇਲਤੀ ਸਨ
ਨਿੱਤ ਨਵੀਆਂ ਇੱਲਤਾਂ ਨਾਲ
ਉਲਾਂਭੇ ਖਟਦੇ ਰਹੇ
ਤੇ ਘਰ ਪਟਦੇ ਰਹੇ।

ਉਹ ਖਰੂਦ ਕਰਦੇ
ਤੁਸੀਂ ਬੱਚੇ ਸਮਝ ਕੇ
ਨਿਆਣੇ ਕਹਿ ਕੇ
ਗੱਲ ਟਾਲਦੇ ਰਹੇ
ਤੇ ਧਰਮ ਪਾਲਦੇ ਰਹੇ।

ਤੁਸੀਂ ਮਾਪੇ ਸੀ ਆਖਿਰ
ਇੱਲਤਾਂ ਨਾਲ ਖੁਸ਼ ਹੋਣਾ
ਤੁਹਾਡਾ ਧਰਮ ਹੀ ਸੀ
ਪਰ ਇਹ ਭਰਮ ਹੀ ਸੀ

ਉਹ ਆਪਣੀ ਖੇਡ 'ਚ ਮਸਤ ਰਹੇ
ਤੁਸੀਂ ਆਪਣੀ 'ਚ।
ਤੇ ਗੱਲ ਜਦੋਂ ਚਲੀ ਗਈ
ਖਰੂਦ ਤੋਂ ਬਰੂਦ ਤੀਕ
ਧਮਾਕੇ ਹੋਏ, ਧੂੰਏਂ ਧੁਖੇ
ਅਚਾਨਕ ਤੁਸੀਂ ਚੌਂਕੇ ?
ਤੁਸੀਂ ਚੀਕੇ
ਤੁਸੀਂ ਵਰਜਿਆ ਵੀ, ਝਿੜਕਿਆ ਵੀ
ਪਰ ਹੁਣ ਤੀਕ
ਉਹ ਤੁਹਾਡੇ ਪਿਓ ਬਣ ਚੁੱਕੇ ਸਨ।

ਪੰਨਾ 11 ਦੀ ਬਾਕੀ

ਉਨ੍ਹਾਂ ਦਿਨਾਂ ਵਿਚ ਉਹ ਦਿੱਲੀ ਦੇ ਮੇਅਰ ਸਨ। ਅਰੁਣਾ ਜੀ ਨੇ ਚੋਰ ਵੇਖਿਆ ਤਾਂ ਹੈਰਾਨ ਹੋ ਕੇ ਬੋਲੇ,"ਇਹ ਤਾਂ ਪਹਿਲਾਂ ਵੀ ਕਈ ਵਾਰ ਫੜਿਆ ਜਾ ਚੁੱਕਾ ਹੈ।"

ਚੋਰ ਨੇ ਜਵਾਬ ਦਿੱਤਾ,"ਇਹ ਹਜ਼ੂਰ ਦੀ ਕਦਰਦਾਨੀ ਹੈ। ਵਰਨਾ ਅੱਜ ਕੱਲ੍ਹ ਕੌਣ ਕਿਸੇ ਨੂੰ ਯਾਦ ਰੱਖਦਾ ਹੈ।"

● ● ●

ਆਇਰਲੈਂਡ ਦੇ ਲੋਕਪ੍ਰਿਯ ਰਾਜਨੀਤਕ ਨੇਤਾ ਡੀ.ਵੀਰਾ ਆਪਣੇ ਰਾਜਨੀਤਕ ਭਾਸ਼ਨਾਂ ਕਰ ਕੇ ਕਈ ਵਾਰ ਗ੍ਰਿਫਤਾਰ ਹੋਏ ਪਰ ਸਰਕਾਰ ਉਨ੍ਹਾਂ ਨੂੰ ਚੁੱਪ ਨਾ ਕਰਵਾ ਸਕੀ। ਜਿਉਂ ਹੀ ਉਹ ਜੇਲ੍ਹ 'ਚ ਨਿਕਲਦੇ,ਪਹਿਲਾਂ ਤੋਂ ਵੱਧ ਦ੍ਰਿੜਤਾ ਨਾਲ ਆਪਣੀ ਮੁਹਿੰਮ ਸ਼ੁਰੂ ਕਰ ਦਿੰਦੇ।

ਇਕ ਵਾਰ ਉਨ੍ਹਾਂ ਨੂੰ ਭਾਸ਼ਨ ਦੌਰਾਨ ਗ੍ਰਿਫਤਾਰ ਕੀਤਾ ਗਿਆ। ਭਾਸ਼ਨ ਅਧੂਰਾ ਰਹਿ ਗਿਆ। ਇਕ ਵਰ੍ਹੇ ਤੋਂ ਮਗਰੋਂ ਜਦੋਂ ਉਹ ਜੇਲ੍ਹ 'ਚੋਂ ਜਾ ਰਿਹਾ ਹੋਕੇ ਆਏ ਤਾਂ ਸਿੱਧੇ ਉਸੇ ਹਾਲ ਵਿਚ ਪੁੱਜੇ ਜਿਥੋਂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਸਰੋਤਿਆਂ ਨੂੰ ਸੰਬੋਧਿਤ ਕਰਕੇ ਬੋਲੇ,"ਹਾਂ! ਤਾਂ ਜਿਵੇਂ ਮੈਂ ਉਸ ਦਿਨ ਕਹਿ ਰਿਹਾ ਸੀ...।"

● ● ●

ਅਮਰੀਕਾ ਦੇ ਭੂਤਪੂਰਵ ਰਾਸ਼ਟਰਪਤੀ ਇਬਰਾਹੀਮ ਲਿੰਕਨ ਬੇਹੱਦ ਹਾਜ਼ਰ ਜਵਾਬ ਸਨ।

ਇਕ ਵਾਰ ਕਿਸੇ ਦੇਸ਼ ਦੇ ਰਾਜਦੂਤ ਨੇ ਅਚਾਨਕ ਉਨ੍ਹਾਂ ਦੇ ਕਮਰੇ ਵਿਚ ਪ੍ਰਵੇਸ਼ ਕੀਤਾ ਤਾਂ ਵੇਖਿਆ ਕਿ ਉਹ ਆਪਣੇ ਬੂਟ ਪਾਲਸ਼ ਕਰ ਰਹੇ ਹਨ। ਉਸਨੇ ਹੈਰਾਨੀ ਨਾਲ ਪੁੱਛਿਆ,"ਕੀ ਤੁਸੀਂ ਆਪਣੇ ਬੂਟ ਖੁਦ ਪਾਲਸ਼ ਕਰਦੇ ਹੋ?"

"ਜੀ ਹਾਂ?"ਲਿੰਕਨ ਨੇ ਜਵਾਬ ਦਿੱਤਾ,"ਅਤੇ ਹੋਰ ਕੀ ਤੁਹਾਡੇ ਵਾਂਗ ਹੋਰਨਾਂ ਦੇ ਬੂਟ ਪਾਲਸ਼ ਕਰਾਂ?"

● ● ●

ਜਦੋਂ ਰਾਸ਼ਟਰਪਤੀ ਕੈਨੇਡੀ ਦੇ ਛੋਟੇ ਭਰਾ ਰਾਬਰਟ ਕੈਨੇਡੀ ਨੇ ਚੋਣ ਦੇ ਦਿਨਾਂ ਵਿਚ ਉਨ੍ਹਾਂ ਦੇ ਮੈਨੇਜਰ ਦੇ ਰੂਪ ਵਿਚ ਕੰਮ ਸ਼ੁਰੂ ਕਰ ਦਿੱਤਾ ਤਾਂ ਕੁਝ ਫਸਲੀ ਰਾਜਨੀਤਕ ਨੇਤਾਵਾਂ ਨੇ ਸ਼ੋਰ ਮਚਾਇਆ ਕਿ ਰਾਬਰਟ ਇਤਨੇ ਛੋਟੇ ਕੰਮ ਲਈ ਬੇਹੱਦ ਛੋਟਾ ਤੇ ਗੱਭਰੂ ਹੋਣ ਕਾਰਨ ਠੀਕ ਨਹੀਂ।

ਵਾਸਤਵ ਵਿਚ ਉਨ੍ਹਾਂ ਦਾ ਮੰਤਵ ਇਹ ਸੀ ਕਿ ਕੈਨੇਡੀ ਦੇ ਸਾਥੀਆਂ ਵਿਚ ਨਫਰਤ ਪੈਦਾ ਕੀਤੀ ਜਾਵੇ। ਰਾਸ਼ਟਰਪਤੀ ਕੈਨੇਡੀ ਨੇ ਇਸ ਦਾ ਜਵਾਬ,ਇਸੇ ਤਰ੍ਹਾਂ ਦਿੱਤਾ, 'ਮੇਰੇ ਹਮਾਇਤੀਆਂ ਨੂੰ ਘਬਰਾਉਣਾ ਨਹੀਂ ਚਾਹੀਦਾ। ਜੇ ਮੈਨੂੰ ਇਸ ਕੰਮ ਲਈ ਕਿਸੇ ਬੁੱਢੇ ਆਦਮੀ ਦੀ ਜ਼ਰੂਰਤ ਪਈ ਤਾਂ ਮੈਨੂੰ ਘਰ ਤੋਂ ਬਾਹਰ ਨਹੀਂ ਜਾਣਾ ਪਵੇਗਾ। ਮੇਰੇ ਪਿਤਾ ਜੀ ਹਾਲੇ ਮੌਜੂਦ ਹਨ।"

● ● ●

ਇਕ ਵਾਰ ਜਦੋਂ ਲਾਇਡ ਜਾਰਜ ਭਾਸ਼ਨ ਦੇ ਰਹੇ ਸਨ ਤਾਂ ਸਰੋਤਿਆਂ ਵਿਚੋਂ ਇਕ ਵਿਅਕਤੀ ਖੜ੍ਹਾ ਹੋ ਕੇ ਬੋਲਿਆ,"ਇਨ੍ਹਾਂ ਨੂੰ ਵੇਖੋ,ਇਹ ਭਾਸ਼ਨ ਦੇ ਰਹੇ ਹਨ। ਇਨ੍ਹਾਂ ਦਾ ਬਾਪ ਗਧਾ-ਗੱਡੀ ਚਲਾਇਆ ਕਰਦਾ ਸੀ।"

ਬਾਕੀ ਪੰਨਾ 27 'ਤੇ

ਯੂਬਾ ਸਿਟੀ ਗਾਈਡ

ਭਾਰਤੀ ਸੰਵਿਧਾਨ ਦੇ ਮੂਲ ਅਧਿਕਾਰ

ਗੁਰਮਹਿੰਦਰਪਾਲ ਸਿੰਘ ਬਾਜਵਾ, ਦਿਲਬੀਰ ਕੌਰ

ਉਨੀਵੀਂ ਸਦੀ ਵਿਚ ਰਾਸ਼ਟਰ ਦਾ ਦਰਜਾ ਵਿਅਕਤੀ ਦੇ ਦਰਜੇ ਨਾਲੋਂ ਉਚੇਰਾ ਸਮਝਿਆ ਜਾਂਦਾ ਸੀ। ਅੰਤਰਰਾਸ਼ਟਰੀ ਕਾਨੂੰਨ ਅਧੀਨ ਵਿਅਕਤੀ ਦੀ ਆਪਣੀ ਹੋਂਦ ਨਹੀਂ ਸੀ। ਪਰ ਵੀਹਵੀਂ ਸਦੀ ਵਿਚ ਜੋ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਦੇਣ ਬਾਰੇ ਲਹਿਰ ਚਲੀ ਉਸ ਨੇ ਵਿਅਕਤੀ ਅਤੇ ਰਾਸ਼ਟਰ ਦਾ ਦਰਜਾ ਇਕਸਾਰ ਕਰ ਦਿੱਤਾ। ਅੱਜ ਇਸ ਸਿਧਾਂਤ ਨੂੰ ਸਵੀਕਾਰ ਕੀਤਾ ਜਾ ਚੁੱਕਾ ਹੈ ਕਿ ਕੇਵਲ ਰਾਜ ਹੀ ਨਿਵੇਕਲੇ ਤੌਰ 'ਤੇ ਅੰਤਰਰਾਸ਼ਟਰੀ ਕਾਨੂੰਨ ਦਾ ਵਿਸ਼ਾ ਨਹੀਂ ਸਗੋਂ ਕਈ ਮਾਮਲਿਆਂ ਵਿਚ ਅੰਤਰਰਾਸ਼ਟਰੀ ਕਾਨੂੰਨ ਵਿਅਕਤੀਆਂ ਨੂੰ ਵੀ ਅਧਿਕਾਰ ਅਤੇ ਕਰਤੱਵ ਪ੍ਰਦਾਨ ਕਰਦਾ ਹੈ। ਮਨੁੱਖ ਦੇ ਕੁਝ ਜਨਮਜਾਤ ਅਧਿਕਾਰ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਉਹ ਸਦੀਆਂ ਤੋਂ ਸੰਘਰਸ਼ ਕਰਦਾ ਆ ਰਿਹਾ ਹੈ। ਇੰਗਲੈਂਡ ਵਿਚ ਉਥੋਂ ਦੇ ਵਾਸੀਆਂ ਨੂੰ ਸਤਾਰਵ੍ਹੀਂ ਸਦੀ ਦੇ ਅਖੀਰ ਵਿਚ ਅਧਿਕਾਰਾਂ ਦੇ ਬਿਲ 1689 ਦੁਆਰਾ ਕੁਝ ਮੂਲ ਅਧਿਕਾਰ ਮਿਲੇ। ਇਸ ਵਿਚ ਜਿਊਰੀ ਦੁਆਰਾ ਮੁਕੱਦਮੇ ਦੀ ਸੁਣਵਾਈ ਦਾ ਅਧਿਕਾਰ ਅਤੇ ਸਮਾਜਕ ਸੁਤੰਤਰਤਾ ਦੇ ਅਧਿਕਾਰ ਸ਼ਾਮਲ ਸਨ। ਇਸੇ ਤਰ੍ਹਾਂ ਅਮਰੀਕਾ ਦੇ ਸੁਤੰਤਰਤਾ ਦੇ ਐਲਾਨ 1776 ਨੇ ਉਥੋਂ ਦੇ ਲੋਕਾਂ ਨੂੰ ਕੁਝ ਅਵੰਚਿਤ ਅਧਿਕਾਰ ਦਿੱਤੇ। ਉਨ੍ਹਾਂ ਵਿਚ ਜੀਵਨ ਦਾ ਅਧਿਕਾਰ ਸੁਤੰਤਰਤਾ ਅਤੇ ਖੁਸ਼ੀਆਂ ਹਾਸਲ ਕਰਨ ਦਾ ਅਧਿਕਾਰ ਸ਼ਾਮਲ ਸਨ। ਫਰਾਂਸ ਦਾ ਮਨੁੱਖੀ ਅਧਿਕਾਰਾਂ ਦਾ ਐਲਾਨ ਜੋ ਫਰਾਂਸ ਦੀ ਕ੍ਰਾਂਤੀ ਤੋਂ ਬਾਅਦ 1789 ਵਿਚ ਕੀਤਾ ਗਿਆ ਨੇ ਵੀ ਸੁਤੰਤਰਤਾ, ਜਾਇਦਾਦ, ਸੁਰੱਖਿਆ ਅਤੇ ਜ਼ੁਲਮ ਵਿਰੁੱਧ ਅਵੰਚਿਤ ਅਧਿਕਾਰਾਂ ਨੂੰ ਦੁਹਰਾਇਆ ਅਤੇ ਪੱਕਾ ਕੀਤਾ।

ਵੀਹਵੀਂ ਸਦੀ ਵਿਚ ਇਕ ਪਾਸੇ ਤਾਂ ਦੋ ਵਿਸ਼ਵ ਯੁੱਧਾਂ ਨੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਪਰ ਦੂਜੇ ਪਾਸੇ ਮਨੁੱਖੀ ਅਧਿਕਾਰਾਂ ਨੂੰ ਪ੍ਰਾਪਤ ਕਰਨ ਦੀ ਲਹਿਰ ਨੇ ਹੋਰ ਜ਼ੋਰ ਫੜ ਲਿਆ। ਇਨ੍ਹਾਂ ਅਧਿਕਾਰਾਂ ਦਾ ਖੇਤਰ ਰਾਸ਼ਟਰੀ ਦੀ ਅੰਤਰਰਾਸ਼ਟਰੀ ਬਣ ਗਿਆ। ਇਸ ਸਦਕਾ ਸੰਯੁਕਤ ਰਾਸ਼ਟਰ ਨੇ 1945 ਤੋਂ ਹੁਣ ਤੀਕ ਇਸ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ। ਸੰਯੁਕਤ ਰਾਸ਼ਟਰ ਚਾਰਟਰ ਦੀ ਉਦੇਸ਼ਨਾ ਰਾਹੀਂ ਮਨੁੱਖ ਦੇ ਮੂਲ ਅਧਿਕਾਰਾਂ ਵਿਚ ਲੋਕਾਂ ਨੇ ਆਪਣਾ ਵਿਸ਼ਵਾਸ ਇਕ ਵਾਰ ਫਿਰ ਦ੍ਰਿੜ ਰੂਪ ਵਿਚ ਪ੍ਰਗਟ ਕੀਤਾ ਹੈ। ਇਨ੍ਹਾਂ ਮੂਲ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਯੁਕਤ ਰਾਸ਼ਟਰ ਚਾਰਟਰ ਵਿਚ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦੀ ਸਥਾਪਨਾ ਖਾਸ ਤੌਰ 'ਤੇ ਅੰਕਿਤ ਕੀਤੀ ਗਈ ਹੈ। ਇਸ ਕਮਿਸ਼ਨ ਦੀ ਅਣਥੱਕ ਮਿਹਨਤ ਸਦਕਾ ਮਨੁੱਖੀ ਅਧਿਕਾਰਾਂ ਦਾ ਵਿਸ਼ਵ-ਵਿਆਪੀ ਐਲਾਨ ਤਿਆਰ ਹੋ ਸਕਿਆ ਜਿਸ ਨੂੰ ਜਨਰਲ ਅਸੈਂਬਲੀ ਨੇ 1948 ਵਿਚ ਪਾਸ ਕਰ ਦਿੱਤਾ। ਇਸ ਨੇ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਦੀ ਲਹਿਰ ਵਿਚ ਇਕ ਨਵਾਂ ਮੋੜ ਲੈ ਆਂਦਾ। ਫਿਰ 1966 ਵਿਚ ਮਨੁੱਖੀ ਅਧਿਕਾਰਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਲਈ ਸੰਧੀ ਹੋਈ ਜਿਸ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਬਾਰੇ ਕਮੇਟੀ ਬਣਾਈ ਗਈ ਇਸੇ ਤਰ੍ਹਾਂ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਮਾਨਤਾ ਬਾਰੇ ਹੋਰ ਬਹੁਤ ਸਾਰੀਆਂ ਸੰਧੀਆਂ ਹੋਈਆਂ ਜਿਨ੍ਹਾਂ ਵਿਚੋਂ ਜਨੇਵਾ ਯੁੱਧ ਸੰਧੀਆਂ ਪ੍ਰਮੁੱਖ ਹਨ। ਇਨ੍ਹਾਂ ਅੰਤਰਰਾਸ਼ਟਰੀ ਉਪਰਾਲਿਆਂ ਨੇ ਰਾਸ਼ਟਰ ਪੱਧਰ 'ਤੇ ਵੀ ਲੋਕਾਂ ਵਿਚ ਜਾਗਰਤੀ ਲੈ ਆਂਦੀ ਅਤੇ ਮੂਲ ਅਧਿਕਾਰ ਹਾਸਲ ਕਰਨ ਲਈ ਲੋਕਾਂ ਦਾ ਸੰਘਰਸ਼ ਹੋਰ ਤੇਜ਼ ਹੋ ਗਿਆ।

ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਦੇ ਨਾਲ ਨਾਲ ਭਾਰਤ ਦੇ ਨੇਤਾ ਵੀ ਕੁਝ ਮੁਢਲੇ ਅਧਿਕਾਰ ਦੇਣ ਲਈ ਵਚਨਬੱਧ ਹੋ ਗਏ ਭਾਰਤ ਦੇ ਸਵਰਾਜ ਬਿਲ 1895 ਵਿਚ ਬੋਲਣ ਦਾ ਅਧਿਕਾਰ, ਇਕਾਂਤ ਅਤੇ ਸਮਾਨਤਾ ਦਾ ਅਧਿਕਾਰ, ਵੋਟ ਪਾਉਣ ਦਾ ਅਧਿਕਾਰ ਇਤਿਆਦਿ ਸ਼ਾਮਲ ਸਨ। ਇਹ ਇਕ ਆਮ ਰਾਏ ਸੀ ਕਿ ਜਦ ਤਕ ਮਨੁੱਖੀ ਅਧਿਕਾਰ ਦੇਸ਼ ਦੀ ਮੁਢਲੀ ਦਸਤਾਵੇਜ਼ ਵਿਚ ਅੰਕਿਤ ਨਹੀਂ ਕੀਤੇ ਜਾਂਦੇ ਤਦ ਤਕ ਇਨ੍ਹਾਂ ਦੀ ਮਾਨਤਾ ਅਤੇ ਮਹੱਤਤਾ ਕਾਇਮ ਨਹੀਂ ਰਹਿ ਸਕਦੀ। ਇਸ ਦਲੀਲ ਸਦਕਾ ਮੂਲ ਅਧਿਕਾਰ ਬਹੁਤ ਸਾਰੇ ਦੇਸ਼ਾਂ ਦੇ ਸੰਵਿਧਾਨਾਂ ਦਾ ਅੰਗ ਬਣ ਗਏ। ਭਾਰਤੀ ਰਾਸ਼ਟਰੀ ਕਾਂਗਰਸ ਨੇ 1933 ਵਿਚ ਆਪਣੇ ਕਰਾਚੀ ਸੈਸ਼ਨ ਵਿਚ ਮੂਲ ਅਧਿਕਾਰਾਂ ਬਾਰੇ ਇਕ ਮਤਾ ਪਾਸ ਕੀਤਾ ਸੀ। ਭਾਰਤ ਦੀ ਆਜ਼ਾਦੀ ਸਦਕਾ 1946 ਵਿਚ ਜਦੋਂ ਸੰਵਿਧਾਨ ਬਣਾਉਣ ਦੀ ਜ਼ਿੰਮੇਂਵਾਰੀ ਕਾਂਗਰਸ ਦੇ ਹੀ ਮੋਢਿਆਂ 'ਤੇ ਆ ਪਈ ਤਾਂ ਕਾਂਗਰਸ ਲਈ ਜ਼ਰੂਰੀ ਹੋ ਗਿਆ ਕਿ ਉਹ ਆਪਣੇ ਬਚਨਾਂ ਨੂੰ ਅਮਲੀ ਰੂਪ ਦੇਵੇ। ਇਸ ਤਰ੍ਹਾਂ ਭਾਰਤ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਮਨੁੱਖੀ ਅਧਿਕਾਰਾਂ ਨੂੰ ਮੂਲ ਅਧਿਕਾਰਾਂ ਦੇ ਰੂਪ ਵਿਚ ਭਾਰਤ ਦੇ ਸੰਵਿਧਾਨ ਵਿਚ ਸ਼ਾਮਲ ਕਰ ਦਿੱਤਾ। ਇਸ ਲਈ ਭਾਰਤੀ ਸੰਵਿਧਾਨ ਦਾ ਭਾਗ ਤੀਜਾ ਜਿਸ ਵਿਚ ਮੂਲ ਅਧਿਕਾਰ ਦਰਜ ਹਨ, ਨਿਸਚੇ ਹੀ ਸੰਵਿਧਾਨ ਦਾ ਸਭ ਤੋਂ ਅਹਿਮ ਭਾਗ ਹੈ। ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਭਾਰਤੀ ਜਨਤਾ ਨੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ।

ਲੋਕਤੰਤਰ ਸਮਾਜ ਵਿਚ ਮੂਲ ਅਧਿਕਾਰ (ਮਨੁੱਖੀ ਅਧਿਕਾਰ) ਰਾਸ਼ਟਰੀ ਜੀਵਨ ਦੀ ਬੁਨਿਆਦ ਸਮਝੇ ਜਾਂਦੇ ਹਨ। ਇਸ ਨਾਲ ਜਨਤਾ ਦੇ ਕੁਝ ਕੁ ਅਜਿਹੇ ਅਧਿਕਾਰ ਸੁਰੱਖਿਅਤ ਹੋ ਜਾਂਦੇ ਹਨ ਜੋ ਸਿਆਸੀ ਬਹੁ-ਗਿਣਤੀਆਂ ਆਦਿ ਦੇ ਸਵਾਲ ਤੋਂ ਉਪਰ ਹੁੰਦੇ ਹਨ ਅਤੇ ਇਸ ਤਰ੍ਹਾਂ ਲੋਕਾਂ ਨੂੰ ਹਰ ਚੋਣ ਤੋਂ ਬਾਅਦ ਰਾਜਨੀਤਕ ਨੇਤਾਵਾਂ ਦੇ ਮੂੰਹ ਵੱਲ ਵੇਖਣਾ ਨਹੀਂ ਪੈਂਦਾ। ਇਸ ਨਾਲ ਰਾਸ਼ਟਰੀ ਜੀਵਨ ਵਿਚ ਸਥਿਰਤਾ ਆਉਂਦੀ ਹੈ। ਇਸੇ ਤਰ੍ਹਾਂ ਘੱਟ-ਗਿਣਤੀਆਂ ਦੇ ਮਨ ਵਿਚ ਵੀ ਸੁਰਖਿਅਤ ਹੋਣ ਦਾ ਅਹਿਸਾਸ ਪੈਦਾ ਹੁੰਦਾ ਹੈ ਜਿਹੜਾ ਰਾਸ਼ਟਰੀ ਜੀਵਨ ਦੀ ਸਥਿਰਤਾ ਲਈ ਬੜਾ ਲਾਹੇਵੰਦ ਸਾਬਤ ਹੁੰਦਾ ਹੈ।

ਮੌਜੂਦਾ ਅਧਿਐਨ ਦਾ ਮੁੱਦਾ ਮਨੁੱਖੀ ਅਧਿਕਾਰਾਂ (ਜੋ ਵਿਸ਼ਵ-ਵਿਆਪੀ ਐਲਾਨ ਵਿਚ ਦਰਜ ਹਨ) ਦੇ ਆਧਾਰ 'ਤੇ ਭਾਰਤੀ ਸੰਵਿਧਾਨ ਦੀ ਛਾਣਬੀਣ ਕਰਦਾ ਹੈ ਤਾਂ ਜੋ ਇਹ ਪਤਾ ਲਗ ਸਕੇ ਕਿ ਕਿੱਥੋਂ ਤੀਕ ਭਾਰਤੀ ਸੰਵਿਧਾਨ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨ ਵਿਚ ਸਫਲ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਭਾਰਤੀ ਸੰਵਿਧਾਨ ਵਿਚ ਦਰਜ ਮੂਲ ਅਧਿਕਾਰਾਂ ਦੀ ਮਨੁੱਖੀ ਅਧਿਕਾਰਾਂ ਨਾਲ ਤੁਲਨਾ ਕੀਤੀ ਜਾਵੇ।

1. ਸਮਾਨਤਾ ਦਾ ਅਧਿਕਾਰ :

ਸਮਾਨਤਾ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 14 ਵਿਚ ਅੰਕਿਤ ਕੀਤਾ ਗਿਆ ਹੈ। ਇਸ ਅਨੁਛੇਦ ਅਨੁਸਾਰ "ਰਾਜ ਭਾਰਤ ਦੇ ਰਾਜ ਖੇਤਰ ਵਿਚ ਕਿਸੇ ਵਿਅਕਤੀ ਨੂੰ ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕਾਨੂੰਨ ਦੀ ਇਕ-ਸਮਾਨ ਹਿਫਾਜਤ ਤੋਂ ਇਨਕਾਰ ਨਹੀਂ ਕਰੇਗਾ।" ਕਾਨੂੰਨ ਦੇ ਸਾਹਮਣੇ ਸਮਾਨਤਾ ਦਾ ਅਰਥ ਹੈ ਕਿ ਕਾਨੂੰਨ ਨਿਰਪੱਖ ਹੋ ਕੇ ਵਿਚਰੇਗਾ। ਇਸ ਵਿਚ ਸੰਕੇਤ ਵਿਅਕਤੀ ਦੀ ਕਾਨੂੰਨੀ ਹੈਸੀਅਤ ਵੱਲ ਹੈ। ਮੋਟੇ ਤੌਰ 'ਤੇ ਇਸ ਦਾ ਅਰਥ ਇਹ ਹੈ ਕਿ ਦੋ ਵਿਅਕਤੀਆਂ ਵਿਚਕਾਰ ਕਾਨੂੰਨ ਕਿਸੇ ਤਰ੍ਹਾਂ ਵੀ ਪੱਖਪਾਤ ਨਹੀਂ ਕਰੇਗਾ। ਇਥੇ ਇਹ ਵਰਨਣ ਕਰਨਾ ਜ਼ਰੂਰੀ ਹੈ ਕਿ ਇਹ ਅਨੁਛੇਦ ਕਾਨੂੰਨ ਬਨਾਉਣ ਵਿਚ ਵਰਗ-ਵਿਧਾਨ ਦੀ ਮਨਾਹੀ ਕਰਦਾ ਹੈ ਨਾ ਕਿ ਯੁਕਤੀ-ਯੁਕਤ ਵਰਗੀਕਰਣ ਦੀ (ਆਰ. ਸੀ. ਕਪੂਰ ਬਨਾਮ ਭਾਰਤ ਦਾ ਰਾਜ ਸੰਘ) ਇਥੇ ਇਹ ਯਾਦ ਰਹੇ ਕਿ ਇਹ ਅਧਿਕਾਰ ਪ੍ਰਾਈਵੇਟ ਵਿਅਕਤੀਆਂ ਵਿਰੁਧ ਪ੍ਰਾਪਤ ਨਹੀਂ ਹੋ ਸਕਦਾ।

ਅਗਲਾ ਅਰਥਾਤ ਅਨੁਛੇਦ 15 ਕਾਨੂੰਨ ਦੇ ਸਾਹਮਣੇ ਸਮਾਨਤਾ

ਬਾਕੀ ਪੰਨਾ 25 'ਤੇ

ਪੰਨਾ 24 ਦੀ ਬਾਕੀ

ਦੀ ਹੀ ਵਿਆਖਿਆ ਕਿਹਾ ਜਾ ਸਕਦਾ ਹੈ। ਪਰ ਇਸ ਰਾਹੀਂ ਦਿੱਤਾ ਅਧਿਕਾਰ ਕੇਵਲ ਨਾਗਰਿਕਾਂ ਨੂੰ ਹੀ ਪ੍ਰਾਪਤ ਹੈ। ਇਹ ਅਨੁਛੇਦ ਰਾਜ ਨੂੰ ਨਾਗਰਿਕਾਂ ਵਿਚਕਾਰ, ਧਰਮ, ਨਸਲ, ਜਾਤ, ਲਿੰਗ, ਜਨਮ ਅਸਥਾਨ ਜਾਂ ਇਨ੍ਹਾਂ ਵਿਚੋਂ ਕਿਸੇ ਦੇ ਅਧਾਰ 'ਤੇ ਵਿਤਕਰਾ ਕਰਨ ਦੀ ਮਨਾਹੀ ਕਰਦਾ ਹੈ। ਇਹ ਅਨੁਛੇਦ ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 2 ਨਾਲ ਮੇਲ ਖਾਂਦਾ ਹੈ।

ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 7 ਅਨੁਸਾਰ ਕਾਨੂੰਨ ਦੇ ਸਾਹਮਣੇ ਸਾਰੇ ਸਮਾਨ ਹਨ ਅਤੇ ਬਿਨ੍ਹਾਂ ਕਿਸੇ ਭੇਦਭਾਵ ਦੇ ਕਾਨੂੰਨ ਦੀ ਸਮਾਨ ਰੱਖਿਆ ਦੇ ਹੱਕਦਾਰ ਹਨ। ਫਿਰ ਅਨੁਛੇਦ 10 ਅਨੁਸਾਰ ਹਰੇਕ ਨੂੰ ਪੂਰਨ ਰੂਪ ਵਿਚ ਸਮਾਨ ਹੱਕ ਹੈ ਕਿ ਉਸ ਦੇ ਅਧਿਕਾਰਾਂ ਅਤੇ ਜ਼ਿੰਮੇਂਦਾਰੀਆਂ ਦਾ ਨਿਸਚਾ ਕਰਨ ਦੇ ਮਾਮਲੇ ਵਿਚ ਅਤੇ ਉਸ ਦੇ ਵਿਰੁੱਧ ਲਾਏ ਗਏ ਕਿਸੇ ਫੌਜਦਾਰੀ ਦੋਸ਼ ਦੇ ਮਾਮਲੇ ਵਿਚ ਸੁਣਵਾਈ ਨਿਆਂਉਚਿਤ ਅਤੇ ਸਰਵਜਨਕ ਰੂਪ ਵਿਚ ਸੁਤੰਤਰ ਅਤੇ ਨਿਰਪੱਖ ਟ੍ਰਿਬਿਊਨਲ ਦੁਆਰਾ ਹੋਵੇ।

2. ਪਬਲਿਕ ਰੋਜ਼ਗਾਰ ਵਿਚ ਮੌਕਿਆਂ ਦੀ ਸਮਾਨਤਾ :

ਭਾਰਤੀ ਸੰਵਿਧਾਨ ਦੇ ਅਨੁਛੇਦ 16 (1) ਅਧੀਨ ਰਾਜ ਅਧੀਨ ਕਿਸੇ ਅਹੁਦੇ ਉਤੇ ਨਿਯੁਕਤ ਜਾਂ ਰੋਜ਼ਗਾਰ ਨਾਲ ਸੰਬੰਧਤ ਮਾਮਲਿਆਂ ਵਿਚ ਮੌਕਿਆਂ ਦੀ ਸਮਾਨਤਾ ਦੀ ਗਰੰਟੀ ਹੈ। ਇਹ ਅਧਿਕਾਰ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 21 (2) ਵਿਚ ਦਿੱਤੇ ਹਰੇਕ ਵਿਅਕਤੀ ਨੂੰ ਆਪਣੇ ਦੇਸ਼ ਦੀਆਂ ਸਰਕਾਰੀ ਨੌਕਰੀਆਂ ਨੂੰ ਪ੍ਰਾਪਤ ਕਰਨ ਦੇ ਸਮਾਨ ਅਧਿਕਾਰ ਦੀ ਨਕਲ ਹੈ। ਭਾਰਤੀ ਸੰਵਿਧਾਨ ਵਿਚ ਅਨੁਛੇਦ 16 ਦੇ ਦੂਜੇ ਖੰਡ ਵਿਚ ਸਪਸ਼ਟ ਤੌਰ 'ਤੇ ਉਪਬੰਧ ਕੀਤਾ ਗਿਆ ਹੈ ਕਿ ਕੇਵਲ ਧਰਮ, ਨਸਲ, ਜਾਤ ਲਿੰਗ, ਬੰਸ, ਜਨਮ ਅਸਥਾਨ, ਰਿਹਾਇਸ਼ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਦੇ ਆਧਾਰ 'ਤੇ ਰਾਜ ਅਧੀਨ ਰੋਜ਼ਗਾਰ ਦੇ ਸਬੰਧ ਵਿਚ ਭੇਦ ਭਾਵ ਨਹੀਂ ਵਰਤਿਆ ਜਾਵੇਗਾ।

3. ਸੁਤੰਤਰਤਾ ਦਾ ਅਧਿਕਾਰ :

ਅਨੁਛੇਦ 19 ਭਾਰਤੀ ਨਾਗਰਿਕਾਂ ਨੂੰ ਸੱਤ ਸੁਤੰਤਰਾਵਾਂ ਦਿੰਦਾ ਹੈ . ਇਹ ਕਾਫੀ ਵੱਡਾ ਅਤੇ ਅਹਿਮ ਅਨੁਛੇਦ ਹੈ ਅਤੇ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਸੱਤ ਸੁਤੰਤਰਤਾਵਾਂ ਦਾ ਐਲਾਨ ਕੀਤਾ ਗਿਆ ਹੈ ਅਤੇ ਦੂਜੇ ਭਾਗ ਵਿਚ ਇਨ੍ਹਾਂ ਸੁਤੰਤਰਤਾਵਾਂ ਉਤੇ ਕੁਝ ਬੰਦਸ਼ਾਂ ਲਾਈਆਂ ਗਈਆਂ ਹਨ। ਇਨ੍ਹਾਂ ਸੱਤ ਸੁਤੰਤਰਤਾਵਾਂ ਵਿਚੋਂ ਕ੍ਰਮਵਾਰ ਬੋਲਣ ਅਤੇ ਪ੍ਰਗਟਾਉ ਦਾ ਅਧਿਕਾਰ (ਅਨੁਛੇਦ 19 (1) (ੳ) ਸ਼ਾਂਤੀ ਪੂਰਬਕ ਅਤੇ ਸ਼ਸ਼ਤਰਾਂ ਬਿਨਾਂ ਇਕੱਠੇ ਹੋਣ ਦੀ ਸੁਤੰਤਰਤਾ (ਅਨੁਛੇਦ 19 (1) (ਅ), ਸਭਾਵਾਂ ਜਾਂ ਸੰਘ ਬਣਾਉਣ ਦੀ ਸੁਤੰਤਰਤਾ (ਅਨੁਛੇਦ 19 (1) (ੲ), ਭਾਰਤ ਦੇ ਰਾਜ ਖੇਤਰ ਵਿਚ ਵਿਚਰਣ ਦੀ ਸੁਤੰਤਰਤਾ (ਅਨੁਛੇਦ 19 (1) (ਸ), ਭਾਰਤ ਦੇ ਰਾਜ ਖੇਤਰ ਵਿਚ ਰਿਹਾਇਸ਼ ਰੱਖਣ ਅਤੇ ਰਾਜ ਖੇਤਰ ਦੇ ਕਿਸੇ ਭਾਗ ਵਿਚ ਵਸਣ ਦਾ ਅਧਿਕਾਰ (ਅਨੁਛੇਦ 19 (1) (ਹ) ਅਤੇ ਸੰਪਤੀ ਹਾਸਲ ਕਰਨ, ਰੱਖਣ ਅਤੇ ਨਿਬੇੜਨ ਦਾ ਅਧਿਕਾਰ (ਅਨੁਛੇਦ 19 (1) (ਕ) ਕ੍ਰਮਵਾਰ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 19, 20 (1), 23 (4), 13 (1), ਅਤੇ 17 (1) ਅਧੀਨ ਦਿੱਤੇ ਅਧਿਕਾਰਾਂ ਨੂੰ ਦੁਹਰਾਉਂਦੇ ਹਨ।

ਕੁਝ ਅਲੋਚਕਾਂ ਦਾ ਖਿਆਲ ਹੈ ਕਿ ਜੋ ਅਨੁਛੇਦ 19 ਦੇ ਪਹਿਲੇ ਭਾਗ ਵਿਚ ਦਿੱਤਾ ਗਿਆ ਹੈ, ਉਹ ਦੂਜੇ ਭਾਗ ਵਿਚ ਉਸ ਉਤੇ ਬੇਲੋੜੀਆਂ ਬੰਦਸ਼ਾਂ ਲਾ ਕੇ ਖੋਹ ਲਿਆ ਗਿਆ ਹੈ ਅਤੇ ਇਸ ਤਰ੍ਹਾਂ ਸੁਤੰਤਰਤਾ ਦਾ ਕੇਵਲ ਇਕ ਨਾਅਰਾ ਬਣ ਕੇ ਰਹਿ ਗਈ ਹੈ। ਪ੍ਰੰਤੂ ਰਤਾ ਕੁ ਡੂੰਘੇਰੇ ਵਿਚਾਰ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਇਹ ਬੰਦਸ਼ਾਂ ਬੇਲੋੜੀਆਂ ਨਹੀਂ ਹਨ।

(4) ਅਪਰਾਧਾਂ ਬਾਰੇ ਦੋਸ਼-ਸਿੱਧੀ ਤੋਂ ਹਿਫਾਜ਼ਤ :

ਭਾਰਤੀ ਸੰਵਿਧਾਨ ਦੇ ਅਨੁਛੇਦ 20 ਵਿਚ ਦਿੱਤਾ ਗਿਆ ਇਹ ਅਧਿਕਾਰ ਸਪਸ਼ਟ ਤੌਰ 'ਤੇ ਰਾਜ ਵਿਰੁਧ ਜਾਤੀ ਅਧਿਕਾਰ ਹੈ। ਇਸ ਮੁਤਾਬਕ ਕੋਈ ਵਿਅਕਤੀ ਉਦੋਂ ਹੀ ਸਿੱਧ-ਦੋਸ਼ ਠਹਿਰਾਇਆ ਜਾ ਸਕਦਾ ਹੈ ਜਦੋਂ ਉਸ ਉਤੇ ਅਰੋਪਿਆ ਕੰਮ ਕੀਤੇ ਜਾਣ ਸਮੇਂ ਲਾਗੂ ਕਾਨੂੰਨ ਦੇ ਵਿਰੁਧ ਹੋਵੇ। ਇਸ ਤਰ੍ਹਾਂ ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਸੰਬੰਧੀ ਉਨ੍ਹਾਂ ਹੀ ਦੰਡ ਦਿੱਤਾ ਜਾ ਸਕਦਾ ਹੈ ਜਿੰਨਾ ਕਿ ਉਸ ਕੰਮ ਦੇ ਕਰਨ ਸਮੇਂ ਨਿਸ਼ਚਿਤ ਸੀ। ਬਾਅਦ ਵਿਚ ਦੰਡ ਵਧਾ ਦੇਣ ਦੀ ਸੂਰਤ ਵਿਚ ਅਪਰਾਧੀ ਪਹਿਲੇ ਕੰਮ ਲਈ ਵਧੇ ਦੰਡ ਦਾ ਭਾਗੀ ਨਹੀਂ ਹੋ ਸਕਦਾ।

ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 11 (2) ਅਨੁਸਾਰ ਵੀ ਕੋਈ ਵੀ ਵਿਅਕਤੀ ਕਿਸੇ ਵੀ ਅਜਿਹੇ ਕਾਰਜ ਜਾਂ ਉਕਾਈ ਕਾਰਨ ਉਸ ਦੰਡਨੀ ਅਪਰਾਧ ਦਾ ਦੋਸ਼ੀ ਨਹੀਂ ਮੰਨਿਆ ਜਾਵੇਗਾ, ਜੋ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਉਸ ਸਮੇਂ ਦੰਡਨੀ ਅਪਰਾਧ ਬਣਦਾ ਹੋਵੇ ਜਿਸ ਸਮੇਂ ਇਹ ਕੀਤਾ ਗਿਆ ਜਾਂ ਕੀਤੀ ਗਈ ਸੀ। ਨਾ ਹੀ ਉਸ ਤੋਂ ਅਧਿਕ ਦੰਡ ਦਿੱਤਾ ਜਾ ਸਕੇਗਾ ਜੋ ਉਸ ਸਮੇਂ ਦਿੱਤਾ ਜਾ ਸਕਦਾ ਸੀ ਜਿਸ ਸਮੇਂ ਉਹ ਦੰਡਨੀ ਅਪਰਾਧ ਕੀਤਾ ਗਿਆ ਸੀ।

(5) ਜਾਨ ਅਤੇ ਜਾਤੀ ਸਵਾਧੀਨਤਾ ਦੀ ਹਿਫਾਜ਼ਤ :

ਸੁਤੰਤਰਤਾ ਸੰਬੰਧੀ ਮੂਲ ਅਧਿਕਾਰਾਂ ਦੀ ਲੜੀ ਵਿਚ ਅਗਲਾ ਅਧਿਕਾਰ ਜਾਨ ਅਤੇ ਜਾਤੀ ਸਵਾਧੀਨਤਾ ਦੀ ਗਰੰਟੀ ਹੈ। ਅਨੁਛੇਦ 21 ਅਨੁਸਾਰ ਕਿਸੇ ਵਿਅਕਤੀ ਨੂੰ ਕਾਨੂੰਨ ਦੁਆਰਾ ਕਾਇਮ ਜ਼ਾਬਤੇ ਦੀ ਪਾਲਣਾ ਕਰਨ ਤੋਂ ਬਿਨਾਂ, ਉਸ ਦੀ ਜਾਨ ਜਾਂ ਜ਼ਾਤੀ ਸਵਾਧੀਨਤਾ ਤੋਂ ਵੰਚਿਤ ਨਹੀਂ ਕੀਤਾ ਜਾ ਸਕਦਾ। ਇਸ ਦਾ ਮਤਲਬ ਹੈ ਕਿ ਇਥੇ ਅਦਾਲਤ ਨੇ ਕੇਵਲ ਇਹ ਵੇਖਣਾ ਹੁੰਦਾ ਹੈ ਕਿ 'ਜਾਨ ਜਾਂ ਜ਼ਾਤੀ ਸਵਾਧੀਨਤਾ' ਤੋਂ ਵੰਚਿਤ ਕੀਤਾ ਜਾ ਰਿਹਾ ਵਿਅਕਤੀ ਨਿਸਚਿਤ ਜ਼ਾਬਤੇ ਅਨੁਸਾਰ ਵੰਚਿਤ ਕੀਤਾ ਜਾ ਰਿਹਾ ਹੈ ਜਾਂ ਨਹੀਂ। ਕਾਨੂੰਨ ਦੀ ਸਖਤੀ ਜਾਂ ਨਰਮੀ ਪਰਖਣ ਦਾ ਅਧਿਕਾਰ ਅਦਾਲਤਾਂ ਪਾਸ ਨਹੀਂ।

ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 3 ਅਨੁਸਾਰ ਹਰੇਕ ਵਿਅਕਤੀ ਨੂੰ ਜੀਵਨ, ਸੁਤੰਤਰਤਾ ਅਤੇ ਵਿਅਕਤਿਕ ਸੁਰੱਖਿਆ ਦਾ ਅਧਿਕਾਰ ਹੈ। ਫਿਰ ਅਨੁਛੇਦ 9 ਅਨੁਸਾਰ ਕਿਸੇ ਨੂੰ ਵੀ ਮਨਮਾਨੇ ਢੰਗ ਨਾਲ ਗ੍ਰਿਫਤਾਰ ਜਾਂ ਨਜ਼ਰਬੰਦ ਨਹੀਂ ਕੀਤਾ ਜਾਵੇਗਾ ਜਾਂ ਦੇਸ਼-ਨਿਕਾਲਾ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਦੋਹਾਂ ਅਨੁਛੇਦਾਂ ਦਾ ਇਕੱਠਾ ਪ੍ਰਭਾਵ ਭਾਰਤੀ ਸੰਵਿਧਾਨ ਦੇ ਅਨੁਛੇਦ 21 ਦੀ ਪੁਸ਼ਟੀ ਕਰਦਾ ਹੈ।

(6) ਮਨੁੱਖਾਂ ਦੇ ਦੁਰਵਪਾਰ ਅਤੇ ਜਬਰੀ ਕੰਮ ਲੈਣ ਵਿਰੁੱਧ ਅਧਿਕਾਰ :

ਅਨੁਛੇਦ 23 ਅਧੀਨ ਮਨੁੱਖਾਂ ਦੇ ਦੁਰਵਪਾਰ ਅਰਥਾਤ ਬਰਦਾਫਰੋਸ਼ੀ ਅਤੇ ਵਗਾਰ ਤੇ ਹੋਰ ਢੰਗਾਂ ਨਾਲ ਜਬਰੀ ਕੰਮ ਲੈਣ ਦੀ ਮਨਾਹੀ ਕਰ ਦਿੱਤੀ ਗਈ ਹੈ। ਮਨੁੱਖਾਂ ਦੇ ਦੁਰਵਪਾਰ ਦਾ ਅਰਥ ਔਰਤਾਂ ਨੂੰ ਗੈਰ-ਸਦਾਚਾਰਕ ਕੰਮਾਂ ਲਈ ਵੇਚਣਾ ਵਟਾਉਣਾ ਹੈ। ਇਹ ਅਧਿਕਾਰ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 4 ਵਿਚ ਵੀ ਉਲੀਕਿਆ ਗਿਆ ਹੈ। ਇਸ ਅਨੁਸਾਰ ਕੋਈ ਵੀ ਗੁਲਾਮੀ ਜਾਂ ਅਧੀਨਤਾ ਦੀ ਹਾਲਤ ਵਿਚ ਨਹੀਂ ਰੱਖਿਆ ਜਾਵੇਗਾ; ਗੁਲਾਮੀ ਅਤੇ ਗੁਲਾਮਾਂ ਦਾ ਵਪਾਰ, ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਣ, ਦਾ ਕੀਤਾ ਜਾਣਾ ਮਨ੍ਹਾ ਹੋਵੇਗਾ।

(7) ਅੰਤਹਕਰਣ ਅਤੇ ਧਰਮ ਦੀ ਸੁਤੰਤਰਤਾ ਦਾ ਅਧਿਕਾਰ :

ਭਾਰਤੀ ਸੰਵਿਧਾਨ ਅਨੁਛੇਦ 25 ਦੁਆਰਾ ਹਰੇਕ ਵਿਅਕਤੀ ਨੂੰ ਅੰਤਰਕਰਣ ਅਤੇ ਧਰਮ ਨੂੰ ਬੇਰੋਕ ਟੋਕ ਅਤੇ ਮੰਨਣ ਅਤੇ ਆਪਣੇ ਧਰਮ ਦਾ ਪਰਚਾਰ ਕਰਨ ਦੀ ਇਕਸਾਰ ਸੁਤੰਤਰਤਾ ਦਿੰਦਾ ਹੈ। ਇਹ ਅਧਿਕਾਰ ਵਿਸ਼ਵ-ਵਿਆਪੀ ਐਲਾਨ ਦੇ ਅਨੁਛੇਦ 18 ਵਿਚ ਵੀ ਅੰਕਿਤ ਹੈ। ਇਸ ਅਨੁਸਾਰ ਹਰੇਕ ਵਿਅਕਤੀ ਨੂੰ ਵਿਚਾਰ, ਅੰਤਹਕਰਣ ਅਤੇ ਧਰਮ ਦੀ ਸੁਤੰਤਰਤਾ ਦਾ ਅਧਿਕਾਰ ਹੈ। ਇਸ ਅਧਿਕਾਰ ਅਨੁਸਾਰ ਆਪਣਾ ਧਰਮ ਜਾਂ ਵਿਸ਼ਵਾਸ ਬਦਲਣ ਅਤੇ ਇਕੱਲਿਆਂ ਜਾਂ ਦੂਜਿਆਂ ਨਾਲ ਮਿਲਕੇ ਅਤੇ ਪਬਲਿਕ ਵਿਚ ਜਾਂ ਪ੍ਰਾਈਵੇਟ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਸਿਖਿਆ, ਕ੍ਰਿਆ, ਉਪਾਸ਼ਨਾ ਅਤੇ ਪਾਲਨ ਦੁਆਰਾ ਪ੍ਰਗਟ ਕਰਨ ਦੀ ਸੁਤੰਤਰਤਾ ਹੈ।

(8) ਸਭਿਆਚਾਰਕ ਅਤੇ ਸਿਖਿਅਕ ਅਧਿਕਾਰ :

ਅਨੁਛੇਦ 29 ਅਨੁਸਾਰ ਨਾਗਰਿਕਾਂ ਦੇ ਹਰ ਭਾਗ ਨੂੰ ਆਪਣੀ ਨਿਖੜਵੀਂ ਭਾਸ਼ਾ, ਲਿੱਪੀ ਜਾਂ ਸਭਿਆਚਾਰ ਬਣਾਈ ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ। ਅਮੀਰ ਸਭਿਆਚਾਰ ਅਤੇ ਭਾਸ਼ਾਈ ਵਿਰਸੇ ਲਈ ਇਹ ਅਧਿਕਾਰ ਬਹੁਤ ਜ਼ਰੂਰੀ ਹੈ। ਅਨੁਛੇਦ 30 ਅਧੀਨ ਹਰੇਕ ਨਾਗਰਿਕ ਨੂੰ ਆਪਣੀ ਪਸੰਦ ਦੀ ਸਿਖਿਅਕ ਸੰਸਥਾ ਵਿਚ ਦਾਖਲਾ ਲੈਣ ਤੋਂ ਖੁਲ੍ਹ ਦਿੱਤੀ ਗਈ ਹੈ। ਕਿਸੇ ਨਾਗਰਿਕ ਨੂੰ ਰਾਜ ਦੁਆਰਾ ਚਲਾਈ ਜਾਂਦੀ ਜਾਂ ਰਾਜ ਫੰਡਾਂ ਤੋਂ ਸਹਾਇਤਾ ਪ੍ਰਾਪਤ ਸਿਖਿਆ ਸੰਸਥਾ ਵਿਚ ਧਰਮ, ਨਸਲ, ਜਾਤ, ਭਾਸ਼ਾ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਦੇ ਆਧਾਰ 'ਤੇ ਦਾਖਲਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਅਧਿਕਾਰ ਵਿਸ਼ਵ-ਵਿਆਪੀ ਐਲਾਨ ਵਿਚ ਕਰਮਵਾਰ ਅਨੁਛੇਦ 22 ਅਤੇ 26 ਵਿਚ ਦਿੱਤੇ ਅਧਿਕਾਰਾਂ ਦੀ ਯਾਦ ਦਿਵਾਉਂਦੇ ਹਨ।

(9) ਸੰਪਤੀ ਦਾ ਅਧਿਕਾਰ :

ਭਾਰਤੀ ਸਮਾਜ ਦੇ ਸਾਹਮਣੇ ਅੱਜ ਸਭ ਤੋਂ ਵੱਡਾ ਸਵਾਲ ਨਿੱਜੀ ਸੰਪਤੀ ਦਾ ਹੈ। ਸਮਾਜਵਾਦੀ ਨਿਜ਼ਾਮ ਅਤੇ ਨਿੱਜੀ ਸੰਪਤੀ ਦੇ ਅਧਿਕਾਰ ਦਾ ਦਸਤ-ਪੰਜਾ ਮਿਲਾਉਣ ਲਈ ਸੰਵਿਧਾਨ ਦੇ ਅਨੁਛੇਦ 31 ਵਿਚ ਕਈ ਵਾਰ ਸੋਧ ਕੀਤੀ ਗਈ। ਵਿਸ਼ਵ-ਵਿਆਪੀ ਐਲਾਨ ਦਾ ਅਨੁਛੇਦ 17 (2) ਵੀ ਸੰਪਤੀ ਦੇ ਅਧਿਕਾਰ ਨੂੰ ਦੁਹਰਾਉਂਦਾ ਹੈ। ਇਸ ਅਨੁਸਾਰ ਕਿਸੇ ਨੂੰ ਵੀ ਮਨ-ਮਾਨੇ ਢੰਗ ਨਾਲ ਉਸ ਦੀ ਸੰਪਤੀ ਤੋਂ ਵੰਚਿਤ ਨਹੀਂ ਕੀਤਾ ਜਾਵੇਗਾ।


(10) ਸੰਵਿਧਾਨਕ ਚਾਰਾਜੋਈ ਦਾ ਅਧਿਕਾਰ :

ਕਾਨੂੰਨੀ ਅਧਿਕਾਰ ਦਾ ਇਕ ਮੂਲ ਲੱਛਣ ਇਹ ਹੁੰਦਾ ਹੈ ਕਿ ਉਸ ਨੂੰ ਲਾਗੂ ਕਰਨ ਲਈ ਕਿਸੇ ਮਸ਼ੀਨਰੀ ਦਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਹੈ। ਇਸ ਤੋਂ ਬਿਨਾਂ ਅਧਿਕਾਰ ਕੇਵਲ ਕਾਗਜ਼ ਉਤੇ ਹੀ ਰਹਿ ਜਾਂਦੇ ਹਨ। ਇਸ ਮਨੋਰਥ ਦੀ ਪੂਰਤੀ ਲਈ ਅਨੁਛੇਦ 32 ਅਨੁਸਾਰ ਸੁਪਰੀਮ ਕੋਰਟ ਨੂੰ ਪਰਚਲਤ ਕੀਤਾ ਜਾ ਸਕਦਾ ਹੈ। ਇਸੇ ਅਨੁਛੇਦ ਦਾ ਦੂਜਾ ਖੰਡ ਸੁਪਰੀਮ ਕੋਰਟ ਨੂੰ ਅਜਿਹੇ ਨਿਦੇਸ਼ ਜਾਂ ਹੁਕਮ ਜਾਂ ਰਿੱਟਾਂ ਜਾਰੀ ਕਰਨ ਦਾ ਅਖਤਿਆਰ ਦਿੰਦੀ ਹੈ ਜਿਹੜੇ ਕਿ ਉਚ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਜ਼ਰੂਰੀ ਸਮਝੇ। ਮੂਲ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਵਰਤੇ ਜਾਣ ਵਾਲੇ ਅਖਤਿਆਰ ਪਾਰਲੀਮੈਂਟ ਕਾਨੂੰਨ ਬਣਾ ਕੇ ਕਿਸੇ ਹੋਰ ਅਦਾਲਤ ਨੂੰ ਵੀ ਦੇ ਸਕਦੀ ਹੈ। ਇਸ ਦੇ ਅਨੁਛੇਦ 8 ਅਨੁਸਾਰ ਹਰੇਕ ਨੂੰ ਅਧਿਕਾਰ ਹੈ ਕਿ ਸੰਵਿਧਾਨ ਜਾਂ ਕਾਨੂੰਨ ਦੁਆਰਾ ਉਸ ਨੂੰ ਦਿੱਤੇ ਗਏ ਮੂਲ ਅਧਿਕਾਰਾਂ ਦੀ ਉਲੰਘਣਾ ਵਿਚ ਕੀਤੇ ਗਏ ਕਾਰਜਾਂ ਦੇ ਵਿਰੁੱਧ ਉਹ ਸ਼ਕਤੀਵਾਨ ਰਾਸ਼ਟਰੀ ਟ੍ਰਿਬਿਊਨਲਾਂ ਤੋਂ ਕਾਰਗਰ ਸਹਾਇਤਾ ਲੈ ਸਕੇ।

ਉਪਰੋਕਤ ਤੁਲਨਾ ਇਸ ਗੱਲ ਦੀ ਪ੍ਰਤੀਕ ਹੈ ਕਿ ਭਾਰਤੀ ਸੰਵਿਧਾਨ ਬਣਾਉਣ ਵਾਲੇ ਮਨੁੱਖੀ ਅਧਿਕਾਰਾਂ ਦੇ ਵਿਸ਼ਵ-ਵਿਆਪੀ ਐਲਾਨ ਬਾਰੇ ਭਲੀਭਾਂਤ ਜਾਣੂ ਸਨ ਅਤੇ ਉਨ੍ਹਾਂ ਨੂੰ ਯੋਗ ਥਾਂ ਦਿੱਤੀ। ਇਸ ਐਲਾਨ ਵਿਚ ਅੰਕਿਤ ਬਹੁਤ ਸਾਰੇ ਅਧਿਕਾਰ ਭਾਰਤੀ ਸੰਵਿਧਾਨ ਵਿਚ ਅੰਕਿਤ ਹਨ। ਭਾਰਤ ਨੇ ਮਨੁੱਖੀ ਅਧਿਕਾਰਾਂ ਦੀ ਸੰਧੀ 1966 ਨੂੰ ਕੁਝ ਸ਼ਰਤਾਂ ਨਾਲ 1979 ਵਿਚ ਮੰਨ ਲਿਆ ਹੈ। ਪਰ ਫਿਰ ਵੀ ਕੁਝ ਅਧਿਕਾਰ ਅਜਿਹੇ ਹਨ ਜੋ ਵਿਸ਼ਵ-ਵਿਆਪੀ ਐਲਾਨ ਵਿਚ ਅਤੇ ਮਨੁੱਖੀ ਅਧਿਕਾਰਾਂ ਦੀ ਸੰਧੀ ਵਿਚ ਤਾਂ ਅੰਕਿਤ ਹਨ ਪਰ ਭਾਰਤ ਦੇ ਸੰਵਿਧਾਨ ਵਿਚ ਦਰਜ ਨਹੀਂ ਹਨ। ਇਨ੍ਹਾਂ ਅਧਿਕਾਰਾਂ ਨੂੰ ਸੁਪਰੀਮ ਕੋਰਟ ਨੇ ਅਨੁਛੇਦ 21 ਦੀ ਵਿਆਖਿਆ ਕਰਦੇ ਭਾਰਤੀ ਸੰਵਿਧਾਨ ਦਾ ਹਿੱਸਾ ਮੰਨਿਆ ਹੈ। ਇਨ੍ਹਾਂ ਵਿਚੋਂ ਪ੍ਰਮੁਖ ਬਦੇਸ਼ ਜਾਣ ਦਾ ਅਧਿਕਾਰ, ਬਿਨਾਂ ਕਿਸੇ ਦੇਰ ਦੇ ਮੁਕੱਦਮਾ ਚਲਾਏ ਜਾਂਣ ਦਾ ਅਧਿਕਾਰ, ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ, ਕੈਦੀਆਂ ਨਾਲ ਮਨੁੱਖੀ ਵਤੀਰੇ ਨਾਲ ਪੇਸ਼ ਆਉਣ ਦਾ ਅਧਿਕਾਰ, ਏਕਾਂਤ ਦਾ ਅਧਿਕਾਰ ਇਤਆਦਿ ਸ਼ਾਮਲ ਹਨ।

ਸਮਾਪਤੀ ਟਿੱਪਣੀ :

ਉਪਰੋਕਤ ਵਿਸ਼ਲੇਸ਼ਣ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਭਾਰਤੀ ਸੰਵਿਧਾਨ ਵਿਚ ਦਰਜ ਮੂਲ ਅਧਿਕਾਰ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਪੈਮਾਨੇ 'ਤੇ ਪੂਰੇ ਉਤਰਦੇ ਹਨ। ਪਰ ਅਸਲੀਅਤ ਕੁਝ ਹੋਰ ਨਜ਼ਰ ਆਉਂਦੀ ਹੈ। ਅਨਪੜ੍ਹਤਾ ਕਾਰਨ ਜਾਂ ਤਾਂ ਆਮ ਜਨਤਾ ਨੂੰ ਇਨ੍ਹਾਂ ਅਧਿਕਾਰਾਂ ਦਾ ਗਿਆਨ ਹੀ ਨਹੀਂ ਜਾਂ ਫਿਰ ਜੇ ਗਿਆਨ ਹੈ ਤਾਂ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਉਨ੍ਹਾਂ ਦੀ ਪੁਜ ਤੋਂ ਬਾਹਰ ਹੈ। ਗਰੀਬੀ ਕਾਰਨ ਉਹ ਭਾਰਤੀ ਅਦਾਲਤਾਂ ਦਾ ਦਰਵਾਜ਼ਾ ਨਹੀਂ ਖੜਕਾ ਸਕਦੇ। ਉਨ੍ਹਾਂ ਨੂੰ ਤਾਂ ਦੋ ਵੇਲੇ ਦੀ ਰੋਟੀ ਬੜੀ ਮੁਸ਼ਕਲ ਨਾਲ ਨਸੀਬ ਹੁੰਦੀ ਹੈ। ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਉਨ੍ਹਾਂ ਲਈ ਕੋਈ ਮਹਿਨਾ ਨਹੀਂ ਰਖਦੀ। ਮੂਲ ਅਧਿਕਾਰ ਲਾਗੂ ਕਰਨ ਵਾਲੀ ਮਸ਼ੀਨਰੀ ਇਸ ਦਿਸ਼ਾ ਵਿਚ ਕੋਈ ਖਾਸ ਯੋਗਦਾਨ ਨਹੀਂ ਦੇ ਰਹੀ। ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਦਿਨੋਂ ਦਿਨ ਵਧਦੀ ਜਾ ਰਹੀ ਹੈ। ਇਨ੍ਹਾਂ ਦੀ ਰੱਖਿਆ ਲਈ ਸੁਪਰੀਮ ਕੋਰਟ ਨੇ ਬਹੁਤ ਵੱਡਾ ਕੰਮ ਕੀਤਾ ਹੈ। ਇਹ ਆਸ ਕੀਤੀ ਜਾ ਸਕਦੀ ਹੈ ਕਿ ਇਸੇ ਤਰ੍ਹਾਂ ਭਾਰਤੀ ਸੰਵਿਧਾਨ ਦੀ ਉਦਾਰ ਵਿਆਖਿਆ ਨਾਲ ਸੁਪਰੀਮ ਕੋਰਟ ਅੱਗੇ ਤੋਂ ਮਨੁੱਖੀ ਅਧਿਕਾਰਾਂ (ਮੂਲ ਅਧਿਕਾਰਾਂ) ਦੀ ਰੱਖਿਆ ਕਰਦੀ ਰਹੇਗੀ। ਇਨ੍ਹਾਂ ਅਧਿਕਾਰਾਂ ਨੂੰ ਚੰਗੀ ਤਰ੍ਹਾਂ ਲਾਗੂ ਕਰਨ ਲਈ ਭਾਰਤੀ ਕਾਨੂੰਨ ਪ੍ਰਣਾਲੀ ਨੂੰ ਗੁੰਝਲਦਾਰ, ਰਾਜਨੀਤਕ, ਆਰਥਿਕ, ਸਮਾਜਕ, ਮਨੋਵਿਗਿਆਨਕ ਅਤੇ ਨੈਤਿਕ ਪ੍ਰਭਾਵਾਂ ਹੇਠ ਅਧਿਐਨ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਅਧਿਕਾਰਾਂ ਦੇ ਲਾਗੂ ਕਰਨ ਵਿਚ ਜੋ ਕਠਿਨਾਈਆਂ ਅਤੇ ਪੇਚੀਦਾ ਘੁੰਡੀਆਂ ਹਨ, ਉਨ੍ਹਾਂ ਨੂੰ ਸੁਲਝਾਉਣ ਦੀ ਲੋੜ ਹੈ। ਇਨ੍ਹਾਂ ਅਧਿਕਾਰਾਂ ਦਾ ਹਰੇਕ ਸਤਰ ਤੇ ਪ੍ਰਚਾਰ ਅਤੇ ਇਨ੍ਹਾਂ ਦੀ ਉਲੰਘਣਾ ਰੋਕਣ ਲਈ ਲੋੜੀਂਦੀ ਮਾਇਕ ਸਹਾਇਤਾ ਦੀ ਸਖਤ ਜ਼ਰੂਰਤ ਹੈ।



ਡਿੰਪਲ ਦੇ ਤੀਜੇ ਫਿਲਮੀ-ਜਨਮ ਦੀ ਉਡੀਕ

ਫਿਲਮੀ ਕਲਾਕਾਰਾਂ ਦੀ ਉਮਰ ਇਕ ਵੱਖਰੇ ਢੰਗ ਨਾਲ ਵੀ ਗਿਣੀ ਜਾਂਦੀ ਹੈ। ਉਹ ਆਪਣੇ ਕੈਰੀਅਰ ਦੀ ਸ਼ੁਰੂਆਤ ਨੂੰ ਆਪਣਾ ਜਨਮ ਮੰਨਦੇ ਹਨ। ਏਸ ਵਿਕੋਲਿਤਰੇ ਢੰਗ ਨਾਲ ਜੇਕਰ ਡਿੰਪਲ ਕਪਾਡੀਆ ਦਾ ਜੀਵਨ ਨਾਪੀਏ ਤਾਂ ਦੇਖਦੇ ਹਾਂ ਕਿ ਉਹ ਦੋ ਜਨਮ ਲੈ ਚੁੱਕੀ ਹੈ ਤੇ ਤੀਜਾ ਜਨਮ ਅਗਲੇ ਦਿਨਾਂ ਵਿਚ ਹੋਣ ਵਾਲਾ ਹੈ।

ਡਿੰਪਲ ਦਾ ਪਹਿਲਾ ਜਨਮ ਰਾਜ ਕਪੂਰ ਦੀ 'ਬਾਬੀ' ਫਿਲਮ ਨਾਲ ਹੋਇਆ। ਫਿਲਮ ਰਿਲੀਜ਼ ਹੁੰਦਿਆਂ ਹੀ ਹਿੱਟ ਹੋ ਗਈ ਤੇ ਰਾਤੋ ਰਾਤ ਡਿੰਪਲ ਫਿਲਮੀ ਅੰਬਰ ਦਾ ਚਮਕਦਾ ਸਿਤਾਰਾ ਬਣ ਗਈ। ਜਿਸ ਥਾਂ 'ਤੇ ਪਹੁੰਚਣ ਵਾਸਤੇ ਕਈ ਅਭਿਨੇਤਰੀਆਂ ਨੇ ਦਰਜਨਾਂ ਫਿਲਮਾਂ ਕੀਤੀਆਂ, ਦਸ-ਦਸ ਸਾਲ ਬਿਤਾਏ, ਉਸ ਥਾਂ ਉਪਰ ਡਿੰਪਲ ਹਫਤਿਆਂ ਵਿਚ ਪੁੱਜ ਗਈ ਸੀ। ਲੋਕਾਂ ਨੂੰ ਤੇ ਫਿਲਮਕਾਰਾਂ ਨੂੰ ਉਸ ਕੋਲੋਂ ਬੜੀਆਂ ਉਮੀਦਾਂ ਸਨ ਪਰ ਡਿੰਪਲ ਅਭੋਲਪੁਣੇ ਵਿਚ ਪਕਰੋੜ ਉਮਰ ਦੇ ਰਾਜੇਸ਼ ਖੰਨਾ ਦੇ ਪਿਆਰ ਦੇ ਚੱਕਰ ਵਿਚ ਪੈ ਗਈ। ਉਨ੍ਹਾਂ ਨੇ ਜੀਵਨ ਸਾਥ ਦਾ ਫੈਸਲਾ ਕਰ ਲਿਆ ਤੇ ਇਸ ਦੇ ਨਾਲ ਹੀ ਫਿਲਮ-ਲਾਈਨ ਡਿੰਪਲ ਨੇ ਛੱਡ ਦਿੱਤੀ ਜਾਂ ਉਸ ਤੋਂ ਛੁਡਵਾ ਲਈ ਗਈ।

ਅਗਾਂਹ ਜਾ ਕੇ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ। ਤਲਖ-ਦਿਨ ਤੇ ਸੰਗੀਨ-ਰਾਤਾਂ ਦੇ ਨਤੀਜੇ ਵਜੋਂ ਇਹ ਅਲੱਗ-ਅਲੱਗ ਹੋ ਗਏ। ਕਈ ਸਾਲਾਂ ਦੀ ਖਾਮੋਸ਼ੀ ਉਪਰੰਤ ਡਿੰਪਲ ਕਪਾਡੀਆ ਨੇ ਫਿਲਮਾਂ 'ਚ ਆਉਣ ਦਾ ਜਦ ਮੁੜ ਫੈਸਲਾ ਕੀਤਾ ਤਾਂ 'ਬਾਬੀ' ਫਿਲਮ ਤੋਂ ਪ੍ਰਭਾਵਤ ਹੋਏ ਲੱਖਾਂ ਦਰਸ਼ਕਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ। ਉਹ ਅੱਡੀਆਂ ਚੁੱਕ ਕੇ ਉਡੀਕ ਕਰਨ ਲੱਗੇ। ਫਿਲਮਕਾਰਾਂ ਨੇ ਵੀ ਡਿੰਪਲ ਨੂੰ ਖਿੜੇ ਮੱਥੇ ਸਵੀਕਾਰਿਆ। ਡਿੰਪਲ ਦਾ ਦੂਜਾ ਜਨਮ ਹੋਇਆ। ਪਰ ਦੂਜੀ ਖੇਪ ਦੀਆਂ ਫਿਲਮਾਂ 'ਚੋਂ ਕੋਈ ਵੀ ਫਿਲਮ 'ਬਾਬੀ' ਤਾਂ ਕੀ 'ਬਾਬੀ' ਦੇ ਨੇੜ-ਤੇੜ ਨਾ ਪਹੁੰਚ ਸਕੀ। 'ਜ਼ਖਮੀ ਸ਼ੇਰ', 'ਮੰਜ਼ਿਲ ਮੰਜ਼ਿਲ', 'ਏਤਬਾਰ', 'ਅੱਲਾ ਰੱਖਾ', 'ਲਾਵਾ' ਤੇ 'ਜਾਂਬਾਜ਼' ਇਕ-ਇਕ ਕਰਕੇ ਆਈਆਂ ਗਈਆਂ ਹੋ ਕੇ ਰਹਿ ਗਈਆਂ। 'ਅਰਜਨ' ਜੇਕਰ ਚਲੀ ਤਾਂ ਉਸ ਦਾ ਲਾਭ ਸੰਨੀ ਦਿਓਲ ਨੂੰ ਗਿਆ। 'ਇਨਸਾਨੀਅਤ ਕੇ ਦੁਸ਼ਮਨ' ਮਲਟੀ-ਸਟਾਰ ਹੋਣ ਕਰਕੇ ਡਿੰਪਲ ਭੀੜ 'ਚ ਗੁਆਚੀ ਸੀ। ਹਾਲਾਂ ਕਿ ਸਿਪੀਆਂ ਦੀ 'ਸਾਗਰ' ਕਾਰਨ ਉਸ ਨੂੰ ਫਿਲਮ ਫੇਅਰ ਐਵਾਰਡ ਮਿਲਿਆ ਤੇ ਉਹ ਦੀ ਅਦਾਕਾਰੀ ਦੀ ਪ੍ਰਸੰਸਾ ਹੋਈ ਪਰ ਡਿੰਪਲ ਉਹ ਸਥਾਨ ਨਾ ਲੈ ਸਕੀ ਜੋ ਸਿਰੀ ਦੇਵੀ, ਮੀਨਾਕਸ਼ੀ ਸ਼ੇਸ਼ਾਧਰੀ, ਜਯਾ ਪ੍ਰਦਾ ਨੂੰ ਪ੍ਰਾਪਤ ਸੀ ਤੇ ਹੈ।

ਹੁਣ ਨੇੜ ਭਵਿਖ ਵਿਚ ਕੁਝ ਫਿਲਮਾਂ ਆਉਣੀਆਂ ਹਨ ਜਿਨ੍ਹਾਂ ਨੇ ਡਿੰਪਲ ਨੂੰ ਤੀਜਾ ਜਨਮ ਬਖਸ਼ਣਾ ਹੈ ਤੇ ਇਥੋਂ ਹੀ ਉਸ ਦੀ ਕੁੱਲ ਫਿਲਮੀ ਉਮਰ ਦਾ ਅੰਦਾਜ਼ਾ ਲਗ ਜਾਣਾ ਹੈ ਕਿ ਕਿੰਨੇ ਸਾਲ ਉਹ ਇੰਡਸਟਰੀ 'ਚ ਟਿਕ ਸਕੇਗੀ। ਸਭ ਤੋਂ ਪਹਿਲਾਂ 'ਇਨਸਾਫ' ਰਿਲੀਜ਼ ਹੋਵੇਗੀ ਜੋ ਕਹਿੰਦੇ ਕਹਾਉਂਦੇ ਡਾਇਰੈਕਟਰ ਮੁਕਲ ਆਨੰਦ ਨੇ ਨਿਰਮਾਤਾ ਨਿਤਿਨ ਮਨਮੋਹਨ ਲਈ ਬਣਾਈ ਹੈ। 'ਇਨਸਾਫ' ਵਿਚ ਡਿੰਪਲ ਦਾ ਹੀਰੋ ਵਿਨੋਦ ਖੰਨਾ ਹੈ। ਇਸ ਫਿਲਮ ਨਾਲ ਵਿਨੋਦ ਦਾ ਵੀ ਭਵਿੱਖ ਜੁੜਿਆ ਹੋਇਆ ਹੈ ਕਿਉਂ ਜੋ ਅਚਾਰੀਆ ਰਜਨੀਸ਼ ਦੇ ਚੇਲੇਪੁਣੇ ਕਾਰਨ ਉਹ ਫਿਲਮਾਂ ਛੱਡ ਗਿਆ ਸੀ ਤੇ ਵਾਪਸੀ ਉਪਰੰਤ ਉਹ ਦੀ ਇਹ ਪਹਿਲੀ ਫਿਲਮ ਦਰਸ਼ਕਾਂ ਦੇ ਸਨਮੁਖ ਹੋ ਰਹੀ ਹੈ। ਮਹੇਸ਼ ਭੱਟ ਦੀ ਹਰੇਕ ਫਿਲਮ 'ਚ ਖਾਸ ਗੱਲ ਹੁੰਦੀ ਹੈ ਤੇ ਭੱਟ ਦੀ 'ਕਾਸ਼' ਫਿਲਮ ਉਪਰ ਡਿੰਪਲ ਨੂੰ ਬਤੌਰ ਹੀਰੋਇਨ ਬੇਹੱਦ ਆਸਾਂ ਹਨ। ਰਤਨ ਮੋਹਨ ਦੀ 'ਮਹਾਂਵੀਰ' ਦੀ ਚੰਗੀ ਰਿਪੋਰਟ ਸੁਣ ਰਹੇ ਹਾਂ ਤੇ ਇਸ ਵਿਚ ਡਿੰਪਲ ਕਪਾਡੀਆ ਦੇ ਨਾਲ ਹੋਰ ਅਦਾਕਾਰ ਸ਼ਤਰੂਘਨ ਸਿਨਹਾ, ਰਾਜ ਕੁਮਾਰ ਤੇ ਸਲਮਾ ਆਗਾ ਹਨ। ਡਿੰਪਲ ਦੀ ਝੋਲੀ ਵਿਚ ਇਸ ਸਮੇਂ ਇਕ ਦਰਜਨ ਤੋਂ ਵੱਧ ਫਿਲਮਾਂ ਹਨ। 'ਕਾਲੀ ਗੰਗਾ' ਲਗਭਗ ਮੁਕੰਮਲ ਹੈ। 'ਲਸ਼ਕਰ' ਫਿਲਮ ਵਿਚ ਡਿੰਪਲ ਦਾ ਹੀਰੋ ਦੇਵ ਆਨੰਦ ਹੋਵੇਗਾ। ਡਾਇਰੈਕਟਰ ਮੇਹੁਲ ਕੁਮਾਰ ਨੇ ਡਿੰਪਲ ਨੂੰ ਲੈ ਕੇ 'ਆਗ ਔਰ ਤੂਫਾਨ' ਦਾ ਹੁਣੇ ਜਿਹੇ ਮਹੂਰਤ ਕੀਤਾ ਹੈ ਜਿਸ ਵਿਚ ਧਰਮਿੰਦਰ ਤੇ ਮਾਧਵੀ ਵੀ ਪ਼ੇਸ਼-ਮੇਸ਼ ਹਨ। ਐਫ. ਸੀ. ਮਹਿਰਾ ਦੀਂ ਨਵੀਂ ਫਿਲਮ 'ਆਖਰੀ ਅਦਾਲਤ' ਜੋ ਤੇਜ਼ੀ ਨਾਲ ਬਣਨੀ ਸ਼ੁਰੂ ਹੋਈ ਹੈ, ਵਿਚ ਡਿੰਪਲ ਕਪਾਡੀਆ ਫੇਰ ਇਕ ਵਾਰ ਵਿਨੋਦ ਖੰਨਾ ਤੇ ਜੈਕੀ ਸ਼ਰਾਫ ਨਾਲ ਦਿਖਾਈ ਦੇਵੇਗੀ। ਡਾਇਰੈਕਟਰ ਚੇਤਨ ਆਨੰਦ ਦੀ 'ਐਕਸ਼ਨ' ਲਈ ਡਿੰਪਲ ਨਾਲ ਨਸੀਰੂਦੀਨ ਸ਼ਾਹ ਨੂੰ ਸਾਈਨ ਕੀਤਾ ਗਿਆ ਹੈ।



ਅਭਿਨੇਤਰੀਆਂ ਦੇ ਚਲ ਨਿਕਲਣ ਵਿਚ ਜਿਹੜੇ ਪਹਿਲੂ ਕੰਮ ਕਰਦੇ ਹਨ ਉਨ੍ਹਾਂ 'ਚੋਂ ਇਕ ਮਹੱਤਵਪੂਰਨ ਹੁੰਦਾ ਹੈ 'ਫਿਲਮੀ ਜੋੜੀ' ਬਣ ਜਾਣਾ। ਜਿਵੇਂ ਸਿਰੀ ਦੇਵੀ ਤੇ ਜਯਪ੍ਰਦਾ ਨੂੰ ਵਾਰ ਵਾਰ ਅਭਿਨੇਤਾ ਜਤਿੰਦਰ ਨਾਲ ਸਾਈਨ ਕੀਤਾ ਜਾਂਦਾ ਹੈ, ਜਿਵੇਂ ਹੇਮਾ ਮਾਲਿਨੀ ਤੇ ਧਰਮਿੰਦਰ ਦੀਆਂ ਜੋੜੀ-ਰੂਪ 'ਚ ਬਹੁਤ ਫਿਲਮਾਂ ਆਈਆਂ ਹਨ, ਇਸ ਤਰ੍ਹਾਂ ਦੀ ਜੋੜੀ ਕਿਸੇ ਅਭਿਨੇਤਾ ਨਾਲ ਡਿੰਪਲ ਦੀ ਅਜੇ ਨਹੀਂ ਬਣ ਸਕੀ ਹੁਣ ਤੱਕ ਡਿੰਪਲ ਦੇ ਹੀਰੋ ਵੰਨ-ਸੁਵੰਨੇ ਹਨ — ਰਿਸ਼ੀ ਕਪੂਰ, ਰਾਜ ਬੱਬਰ, ਕਮਲ ਹਸਨ, ਰਾਜੀਵ ਕਪੂਰ, ਫਿਰੋਜ਼ ਖਾਨ, ਜੈਕੀ ਸ਼ਰਾਫ, ਧਰਮਿੰਦਰ, ਸੰਨੀ ਦਿਓਲ, ਸ਼ਤਰੂਘਨ ਤੇ ਵਿਨੋਦ ਖੰਨਾ। ਹਾਂ, ਇਕ ਗੱਲ ਹੈ ਕਿ ਅਗਲੇ ਦਿਨਾਂ ਵਿਚ ਵਿਨੋਦ ਖੰਨਾ ਦਾ ਫਿਲਮੀ ਰੁਝੇਵਾਂ ਵਧਣ ਦੀਆਂ ਕਾਫੀ ਸੰਭਾਵਨਾਵਾਂ ਹਨ ਤੇ ਉਸ ਦੇ ਨਾਲ ਕਿਸੇ ਅਭਿਨੇਤਰੀ ਦੀ ਅਜੇ ਜੋੜੀ ਸਥਾਪਤ ਹੋਣੀ ਹੈ। ਡਿੰਪਲ ਅਤੇ ਵਿਨੋਦ ਦੀਆਂ 'ਇਨਸਾਫ' ਤੇ 'ਆਖਰੀ ਅਦਾਲਤ' ਜੇਕਰ ਠੀਕ ਰਹਿ ਗਈਆਂ ਤਾਂ ਹੋ ਸਕਦੈ ਜੋੜੀ-ਰੂਪ 'ਚ ਉਨ੍ਹਾਂ ਦੀ ਮੰਗ ਵਧ ਜਾਵੇ। ਹਾਲ ਦੀ ਘੜੀ, ਡਿੰਪਲ ਦੇ ਤੀਜੇ ਜਨਮ ਦੀ ਉਤਸੁਕਤਾ ਭਰੀ ਉਡੀਕ ਹੈ।

ਸਿਮੀ ਦੀ 'ਰੁਖਸਤ' ਖਟਾਈ 'ਚ

ਕਈ ਸਾਲ ਹੋ ਗਏ ਨੇ ਸਿਮੀ ਗਰੇਵਾਲ ਨੂੰ ਕਹਿੰਦਿਆਂ ਕਿ ਉਸ ਦੀ ਡਾਇਰੈਕਸ਼ਨ ਹੇਠ ਬਣ ਰਹੀ ਫਿਲਮ 'ਰੁਖਸਤ' ਮੁਕੰਮਲ ਹੋਣ ਵਾਲੀ ਹੈ, ਬਸ ਪੂਰੀ ਹੋਈ ਸਮਝੋ ਕੁਝ ਹੀ ਦਿਨਾਂ ਦਾ ਕੰਮ ਬਾਕੀ ਹੈ ਆਦਿ ਆਦਿ। ਇਥੋਂ ਤਕ ਕਿ ਇਕ ਵਾਰ ਉਸ ਨੇ ਫਿਲਮ ਦੇ ਤਿਆਰ-ਬਰ-ਤਿਆਰ ਹੋਣ ਦਾ ਐਲਾਨ ਕਰ ਦਿੱਤਾ ਸੀ ਪਰ ਇਹ ਮਹਿਜ਼ ਐਲਾਨ ਰਹਿ ਗਿਆ।

'ਰੁਖਸਤ' ਦਾ ਮਾਮਲਾ ਖਟਾਈ ਵਿਚ ਪੈਣ ਦੀਆਂ ਕਈ ਕਿਸਮ ਦੀਆਂ ਕਨਸੋਆਂ ਮਿਲੀਆਂ ਹਨ। ਜਦੋਂ ਫਿਲਮ ਸ਼ੁਰੂ ਹੋਈ ਸੀ ਤਾਂ ਮਿਠੁਨ ਚਕਰਵਰਤੀ ਕੋਲ ਵਿਹਲ ਸੀ ਪਰ 'ਪਿਆਰ ਝੁਕਤਾ ਨਹੀਂ' ਤੇ 'ਗੁਲਾਮੀ' ਦੇ ਹਿੱਟ ਹੋਣ ਨਾਲ ਉਸ ਕੋਲ ਨਵੀਆਂ ਫਿਲਮਾਂ ਦਾ ਢੇਰ ਲਗ ਗਿਆ ਤੇ ਜਿਹੜੀਆਂ ਪਹਿਲੀਆਂ ਫਿਲਮਾਂ ਵਿਚ ਉਸ ਨੂੰ ਆਪਣਾ ਰੋਲ ਤਸੱਲੀਬਖਸ਼ ਨਹੀਂ ਸੀ ਜਾਪ ਰਿਹਾ, ਉਨ੍ਹਾਂ ਸਭ ਲਈ ਮਿਠੁਨ ਸ਼ੂਟਿੰਗ ਦੀਆਂ ਤਾਰੀਖਾਂ ਦੇਣ ਸਬੰਧੀ ਆਨੇ-ਬਹਾਨੇ ਘੜਨ ਲੱਗਾ। 'ਰੁਖਸਤ' ਇਸੇ ਕੈਟੇਗਰੀ ਦੀ ਮਿਠੁਨ ਦੀ ਫਿਲਮ ਹੈ ਤੇ ਕਹਿੰਦੇ ਨੇ ਮਿਠੁਨ ਦਾ ਅਜੇ ਕੰਮ ਬਾਕੀ ਹੈ। 'ਰੁਖਸਤ' ਦੇ ਲੇਟ ਹੋਣ ਦੀ ਦੂਜੀ ਵਜ੍ਹਾ ਹੈ ਇਸ ਦੀ ਵਿਦੇਸ਼ਾਂ 'ਚ ਕੀਤੀ ਆਊਟ ਡੋਰ ਸ਼ੂਟਿੰਗ। ਸਿਮੀ ਨੂੰ ਵਿਦੇਸ਼ੀ ਸ਼ੂਟਿੰਗ ਕਰਨ ਉਪਰੰਤ ਉਥੋਂ ਨੈਗੇਟਿਵ ਭਾਰਤ ਲਿਆਉਣ ਦੀ ਇਜਾਜ਼ਤ ਨਾ ਮਿਲੀ। ਕਾਨੂੰਨੀ ਘੁਣਤਰਬਾਜ਼ੀ ਨੇ ਇਕ ਸਾਲ ਖਾ ਲਿਆ ਤੇ ਮਸੀਂ ਕਿਤੇ ਜਾ ਕੇ ਨੈਗੇਟਿਵ ਬੰਬਈ ਪੁਜਦੇ ਹੋਏ। ਤੀਜਾ ਕਾਰਨ 'ਰੁਖਸਤ' ਦੇ ਲੇਟ ਹੋਣ ਦਾ ਇਹ ਸਮਝਿਆ ਜਾ ਰਿਹਾ ਹੈ ਕਿ ਸ਼ੁਰੂ ਵਿਚ ਅਨੁਰਾਧਾ ਪਟੇਲ ਅਤੇ ਮਾਰਕ ਜ਼ੁਬੇਰ 'ਚੜ੍ਹਦੇ ਸਿਤਾਰੇ' ਜਾਪਦੇ ਸਨ। ਪਰ ਅਗਾਂਹ ਚਲ ਕੇ ਅਨੁਰਾਧਾ ਪਟੇਲ ਫਿਲਮੀ ਤੌਰ 'ਤੇ ਚਲ ਨਾ ਸਕੀ, ਨਾ ਹੀ ਮਾਰਕ ਜ਼ੁਬੇਰ ਕੋਈ ਥਾਂ ਬਣਾ ਸਕਿਆ। ਇਹ ਦੋਹੇਂ ਕਲਾਕਾਰ 'ਰੁਖਸਤ' ਦੇ ਮੁਖ ਅਦਾਕਾਰ ਹਨ ਤੇ ਅੱਜ ਦੇ ਭਾਅ ਵਿਚ ਇਨ੍ਹਾਂ ਦੇ ਨਾਂ ਨੂੰ ਫਿਲਮ ਹੱਸ ਕੇ

ਬਾਕੀ ਪੰਨਾ 27 'ਤੇ

ਪੰਨਾ 26 ਦੀ ਬਾਕੀ

ਨਹੀਂ ਵਿਕ ਸਕਦੀ। ਚੌਥਾ ਵੱਡਾ ਕਾਰਨ ਇਹ ਹੈ ਕਿ 'ਰੁਖਸਤ' ਦੇ ਗਸ਼-ਪ੍ਰਿੰਟ ਦੇਖਣ ਵਾਲੇ ਦੱਸਦੇ ਹਨ, ਪਈ ਨਾ ਤਾਂ ਫਿਲਮ ਆਰਟ ਵਾਲੇ ਪਾਸੇ ਨੂੰ ਜਾ ਸਕੀ ਹੈ ਤੇ ਨਾ ਹੀ ਕਮਰਸ਼ੀਅਲ ਗੁਣਾਂ ਨੂੰ ਅਪਣਾਉਂਦੀ ਹੈ। ਅਜੀਬ ਮਿਲਗੋਭਾ ਜਿਹਾ ਬਣ ਗਈ ਹੈ 'ਰੁਖਸਤ'।

ਕਾਨੂੰਨ ਕਾਨੂੰਨ ਹੈ

ਰਵਿੰਦਰ ਮਹਾਜਨੀ ਦਾ ਨਾਂ ਅਜੇ ਜਾਣ-ਪਛਾਣ ਦਾ ਮੁਥਾਜ ਹੈ। ਉਹ ਕਈ ਸਾਲਾਂ ਤੋਂ ਫਿਲਮ ਨਗਰੀ ਬੰਬਈ ਵਿਚ ਵਿਚਰ ਰਿਹਾ ਹੈ। 'ਕਿਸਮਤ ਅੱਜ ਜਾਗੀ ਕਿ ਭਲਕੇ ਜਾਗੀ' ਦੀ ਆਸ ਨਾਲ ਸੈਂਕੜੇ ਨੌਜਵਾਨਾ ਵਾਂਗ ਉਹ ਵੀ ਉਠਦਾ-ਬੈਠਦਾ, ਤੁਰਦਾ ਪੈਂਦਾ ਸੁਫਨੇ ਲੈ ਰਿਹਾ ਹੈ।

ਉਸ ਦੀ ਸਾਰੀ ਨਿਗਾਹ ਇਸ ਸਮੇਂ 'ਕਾਨੂੰਨ ਕਾਨੂੰਨ ਹੈ' ਹਿੰਦੀ ਫਿਲਮ ਉਪਰ ਟਿਕੀ ਹੋਈ ਹੈ। ਫਿਲਮਕਾਰ ਅਰਵਿੰਦ ਕੁਮਾਰ ਦੀ ਇਸ ਫਿਲਮ ਵਿਚ ਰਵਿੰਦਰ ਮਹਾਜਨੀ ਹੀਰੋ ਹੈ ਤੇ ਹੀਰੋਇਨ ਕਲਪਨਾ ਆਇਰ। ਕੈਬਰੇ ਡਾਂਸਰ ਵਜੋਂ ਅਕੇਵਾਂ ਮਹਿਸੂਸ ਕਰਦਿਆਂ ਕਲਪਨਾ ਆਇਰ ਨੇ ਮੁਕੰਮਲ ਹੀਰੋਇਨ ਬਣਨ ਵਾਸਤੇ ਜਦ ਫਿਲਮਾਂ 'ਚ ਆਉਣ ਦਾ ਐਲਾਨ ਕੀਤਾ ਤਾਂ ਉਸ ਨੂੰ ਜਿਹੜੀਆਂ ਪੰਜ-ਛੇ ਫਿਲਮਾਂ ਮਿਲੀਆਂ, ਉਨ੍ਹਾਂ ਵਿਚੋਂ ਇਕ 'ਕਾਨੂੰਨ ਕਾਨੂੰਨ ਹੈ' ਫਿਲਮ ਸਾਈਨ ਕੀਤੀ ਗਈ। ਜਮੁਨਾ, ਆਸ਼ਾ ਲਤਾ, ਸਤਿਅਨ ਕੱਪੂ, ਇਮਤਿਆਜ਼ ਖਾਨ, ਰਮੇਸ਼ ਦੇਵ ਤੇ ਯਾਸਮੀਨ ਇਸ ਫਿਲਮ ਦੇ ਹੋਰ ਅਦਾਕਾਰ ਹਨ।

'ਕਾਨੂੰਨ ਕਾਨੂੰਨ' ਹੈ 'ਚ ਸਟਾਰ - ਕਲਾਕਾਰ ਨਹੀਂ ਹਨ ਅਤੇ ਨਾ ਹੀ ਇਕ ਵਡੇ ਬਜਟ ਦੀ ਫਿਲਮ ਹੈ ਪਰ ਅਰਵਿੰਦ ਕੁਮਾਰ ਦਾ ਕਹਿਣਾ ਹੈ ਕਿ ਫਿਲਮ ਦੀ ਕਹਾਣੀ 'ਚ ਏਨੀ ਜਾਨ ਹੈ ਕਿ 'ਸਟਾਰਾਂ-ਸਟੂਰਾਂ' ਵਾਲਾ ਪੱਖ ਕੋਈ ਮਾਅਨਾ ਨਹੀਂ ਰੱਖਦਾ। ਰੁਮਾਂਸ ਤੇ ਸਸਪੈਂਸ ਉਪਰ ਇਸ ਫਿਲਮ ਦੀ ਕਹਾਣੀ ਨੂੰ ਉਸਾਰਿਆ ਗਿਆ ਹੈ। ਗੋਆ ਦੀ ਪ੍ਰਾਕਰਿਤਕ ਖੂਬਸੂਰਤੀ ਤੇ ਲੰਮੇ ਸਮੁੰਦਰੀ ਕਿਨਾਰੇ ਨੂੰ ਆਊਟਡੋਰ ਸ਼ੂਟਿੰਗ ਲਈ ਇਸਤੇਮਾਲ ਕੀਤਾ ਹੈ।



ਹਿੰਦੀ-ਰੂਸੀ ਫਿਲਮ 'ਚ ਅਮਿਤਾਭ ਕੰਮ ਕਰੇਗਾ

ਨਵੀਂ ਦਿੱਲੀ — ਭਾਰਤ ਅਤੇ ਸੋਵੀਅਤ ਰੂਸ ਦੀ ਸਾਂਝੀ ਕੋਸ਼ਿਸ਼ ਨਾਲ ਇਕ ਫਿਲਮ "ਅਜੂਬਾ" ਬਣ ਰਹੀ ਹੈ। ਫਿਲਮ ਸਾਜ਼ ਸ਼ਸ਼ੀਕਪੂਰ ਨੇ ਦੱਸਿਆ ਕਿ ਇਸ ਫਿਲਮ ਵਿਚ ਮਸ਼ਹੂਰ ਫਿਲਮੀ ਅਦਾਕਾਰ ਅਤੇ ਐਮ ਪੀ ਅਮਿਤਾਭ ਬਚਨ ਹੀਰੋ ਦਾ ਰੋਲ ਅਦਾ ਕਰਨਗੇ। ਰੂਸੀ ਵਿਚ ਇਸ ਫਿਲਮ ਦਾ ਨਾਂ ਚਰਨੀ ਹਰਨਾਸ ਬੋਲਿਆ ਜਾਏਗਾ।

ਵਿਅੰਗ

ਥਾਣੇਦਾਰ, "ਕਿਸ ਉਲੂ ਦੇ ਪੱਠੇ ਦੀ ਚਿੱਠੀ ਹੈ?"
ਸਿਪਾਹੀ, "ਹਜ਼ੂਰ ਤੁਹਾਡੀ।"
ਥਾਣੇਦਾਰ, "ਮੇਰੇ ਕਹਿਣ ਦਾ ਮਤਲਬ ਹੈ ਕਿਸ ਹਰਾਮਜ਼ਾਦੇ ਨੇ ਭੇਜੀ ਹੈ?"
ਸਿਪਾਹੀ, "ਹਜ਼ੂਰ ਤੁਹਾਡੇ ਪਿਓ ਨੇ।"

•

ਹਵਾਲਦਾਰ ਚਿੰਤਾ ਭਰੇ ਸਵਰ ਵਿਚ "ਵਧ ਰਹੀਆਂ ਚੋਰੀਆਂ ਨੂੰ ਰੋਕਣ ਲਈ ਆਖਰ ਸਾਨੂੰ ਕਿਹੜਾ ਢੰਗ ਅਪਨਾਉਣਾ ਚਾਹੀਦਾ ਹੈ?"
ਸਿਪਾਹੀ, "ਪਾਣੀ ਦੀ ਸਪਲਾਈ ਦਾ ਸਮਾਂ ਬਦਲ ਕੇ ਦਿਨ ਦੀ ਥਾਂ ਰਾਤ ਨੂੰ ਕਰ ਦੇਣਾ ਚਾਹੀਦਾ ਹੈ।"

ਪੰਨਾ 23 ਦੀ ਬਾਕੀ

"ਇਹ ਠੀਕ ਕਹਿੰਦਾ ਹੈ", ਲਾਇਡ ਜਾਰਜ ਨੇ ਧੀਰਜ ਨਾਲ ਜਵਾਬ ਦਿੱਤਾ, "ਅੱਜ ਮੇਰਾ ਬਾਪ ਅਤੇ ਉਨ੍ਹਾਂ ਦੀ ਗੱਡੀ ਨਹੀਂ ਹੈ। ਪਰ ਮੈਂ ਵੇਖ ਰਿਹਾ ਹਾਂ ਕਿ ਉਹ ਗਧਾ ਹਾਲੇ ਵੀ ਸਾਡੇ ਕੋਲ ਮੌਜੂਦ ਹੈ।"

• • •

ਪ੍ਰਸਿਧ ਰਾਜਨੀਤਕ ਨੇਤਾ ਲਾਇਡ ਜਾਰਜ ਇਕ ਸਭਾ ਵਿਚ ਭਾਸ਼ਨ ਦੇ ਰਹੇ ਸਨ। ਉਨ੍ਹਾਂ ਦੀਆਂ ਗੱਲਾਂ ਇਕ ਮਹਿਲਾ ਨੂੰ ਬਹੁਤ ਬੁਰੀਆਂ ਲੱਗ ਰਹੀਆਂ ਸਨ। ਉਹ ਉਠ ਕੇ ਖੜ੍ਹੀ ਹੋਈ ਤੇ ਕਹਿਣ ਲੱਗੀ, "ਜੇ ਤੁਸੀਂ ਮੇਰੇ ਪਤੀ ਹੁੰਦੇ ਤਾਂ ਮੈਂ ਤੁਹਾਨੂੰ ਜ਼ਹਿਰ ਦੇ ਦਿੰਦੀ।"

ਪਹਿਲਾਂ ਤਾਂ ਲਾਇਡ ਜਾਰਜ ਹੈਰਾਨ ਹੁੰਦੇ ਤੇ ਫਿਰ ਬੋਲੇ, "ਜੇ ਤੁਸੀਂ ਮੇਰੀ ਪਤਨੀ ਹੁੰਦੇ ਤਾਂ ਮੈਂ ਖੁਦ ਜ਼ਹਿਰ ਖਾ ਲੈਂਦਾ।"

GILL AUTO SALES

ਗਿੱਲ ਆਟੋ ਸੇਲਜ਼ DLR #8220

'ਤੇ

ਸਸਤੇ ਭਾਅ ਕਾਰਾਂ ਪਿੱਕ ਅੱਪ ਤੇ ਵੈਨ ਖ਼੍ਰੀਦਣ ਲਈ ਜ਼ਰੂਰ ਸਾਡੀ
ਸਲਾਹ ਲਵੋ, ਤਰ੍ਹਾਂ ਤਰ੍ਹਾਂ ਦੇ ਮਾਡਲ ਮੇਕ ਵਾਸਤੇ ਆ ਕੇ ਦੇਖੋ
ਇਥੇ ਨਵੀਆਂ ਤੇ ਪੁਰਾਣੀਆਂ ਗੱਡੀਆਂ ਖ਼੍ਰੀਦਣ ਲਈ ਦਰਸ਼ਨ ਦਿਓ

Come and have a look at our lowest prices

OR Give your own offer if acceptable we will sell it

ਹਰ ਤਰ੍ਹਾਂ ਦੀਆਂ ਕਾਰਾਂ, ਵੈਨਾਂ, ਪਿੱਕ ਅੱਪ ਠੀਕ ਕਰਵਾਓ — ਮੁਰੰਮਤ
ਤਸੱਲੀਬਖ਼ਸ਼ ਕੀਤੀ ਜਾਵੇਗੀ

SERVICE & REPAIRS

ਸਸਤੇ ਭਾਅ ਫਾਰਮ ਵੈਨਾਂ ਦੀਆਂ ਸੀਟਾਂ ਲਾਉਣ ਲਈ
ਖਾਸ ਪ੍ਰਬੰਧ ਤੇ ਵਾਜਬ ਰੇਟ

G & S Van Conversion

—WINDOWS—

- **Complete Conversions**
- **Full Line of Accessories**
- **Sun-roofs**

We will build to your plans or ours

BEST RATES — GUARANTEED WORK

ALL QUALITY CARS, PICK UPS & VANS TO CHOOSE FROM

7762 - Edmonds St. [near Canada Way]

Burnaby, B.C.

Ph. 522-2122